PUNJAB VIDHAN SABHA

DEBATES

Wednesday, the 30th October, 2013

Vol. VI – No. 3

OFFICIAL REPORT

CONTENTS

Punjab Vidhan Sabha Secretariat, Chandigarh

Price : Rs.________.

ਪੰਜਾਬ ਮੰਤਰੀ ਮੰਡਲ ਦੀ ਸੂਚੀ

ਕੈਬਨਿਟ ਮੰਤਰੀ

ਕ੍ਰਮ ਨੰ:	ਨਾਮ	ਮਹਿਕਮਾ/ਮਹਿਕਮੇ
1)	ਸਰਦਾਰ ਪਰਕਾਸ਼ ਸਿੰਘ ਬਾਦਲ	ਮੁੱਖ ਮੰਤਰੀ (ਪ੍ਰਸੋਨਲ, ਬਿਜਲੀ,ਖੇਤੀਬਾੜੀ, ਵਿਜੀਲੈਂਸ, ਸਾਇੰਸ ਤਕਨਾਲੋਜੀ ਵਾਤਾਵਰਨ, ਸਹਿਕਾਰਤਾ, ਆਮ ਪ੍ਰਸ਼ਾਸਨ,ਰੁਜ਼ਗਾਰ ਵਸੀਲੇ ਪੇਂਡੂ ਜਲ ਸਪਲਾਈ ਅਤੇ ਸੈਨੀਟੇਸ਼ਨ,ਸੈਨਿਕ ਸੇਵਾਵਾਂ ਭਲਾਈ,ਸ਼ਿਕਾਇਤ ਨਿਵਾਰਣ, ਪੈਨਸ਼ਨ ਅਤੇ ਪੈਨਸ਼ਨਰਾਂ ਦੀ ਭਲਾਈ)
2)	ਸਰਦਾਰ ਸੁਖਬੀਰ ਸਿੰਘ ਬਾਦਲ	ਉਪ ਮੁੱਖ ਮੰਤਰੀ (ਗ੍ਰਹਿ ਮਾਮਲੇ, ਪ੍ਰਸ਼ਾਸਕੀ ਸੁਧਾਰ,ਹਾਊਸਿੰਗ, ਕਰ ਤੇ ਆਬਕਾਰੀ, ਖੇਡਾਂ ਤੇ ਯੁਵਕ ਸੇਵਾਵਾਂ, ਪੂੰਜੀ ਨਿਵੇਸ਼, ਸ਼ਹਿਰੀ ਹਵਾਬਾਜ਼ੀ)
3)	ਸ਼੍ਰੀ ਚੂਨੀ ਲਾਲ ਭਗਤ	ਜੰਗਲਾਤ, ਜੰਗਲੀ ਜੀਵ ਅਤੇ ਕਿਰਤ ਮੰਤਰੀ
4)	ਸਰਦਾਰ ਸਰਵਣ ਸਿੰਘ ਫਿਲੌਰ	ਜੇਲ੍ਹਾਂ, ਸੈਰ ਸਪਾਟਾ, ਸਭਿਆਚਾਰਕ ਮਾਮਲੇ ਅਤੇ ਛਪਾਈ ਤੇ ਲਿਖਣ ਸਮੱਗਰੀ ਮੰਤਰੀ
5)	ਸਰਦਾਰ ਆਦੇਸ਼ ਪ੍ਰਤਾਪ ਸਿੰਘ ਕੈਰੋਂ	ਖੁਰਾਕ ਤੇ ਸਿਵਲ ਸਪਲਾਈ, ਸੂਚਨਾ ਤਕਨਾਲੋਜੀ ਮੰਤਰੀ
6)	ਸਰਦਾਰ ਅਜੀਤ ਸਿੰਘ ਕੋਹਾੜ	ਟਰਾਂਸਪੋਰਟ, ਕਾਨੂੰਨੀ ਤੇ ਵਿਧਾਨਕ ਮਾਮਲੇ ਤੇ ਚੋਣਾਂ ਅਤੇ ਰੋਜ਼ਗਾਰ ਪੈਦਾਕਰਨ ਮੰਤਰੀ
7)	ਸਰਦਾਰ ਗੁਲਜਾਰ ਸਿੰਘ ਰਣੀਕੇ	ਪਸ਼ੂ ਪਾਲਣ, ਮੱਛੀ ਪਾਲਣ, ਡੇਅਰੀ ਵਿਕਾਸ ਅਤੇ ਅਨੁਸੂਚਿਤ ਜਾਤੀਆਂ ਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਮੰਤਰੀ
8)	ਸ਼੍ਰੀ ਮਦਨ ਮੋਹਨ ਮਿੱਤਲ	ਉਦਯੋਗ ਤੇ ਵਣਜ, ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ ਅਤੇ ਸੰਸਦੀ ਮਾਮਲੇ ਮੰਤਰੀ
9)	ਸਰਦਾਰ ਪਰਮਿੰਦਰ ਸਿੰਘ ਢੀਂਡਸਾ	ਵਿੱਤ, ਯੋਜਨਾ, ਵਿੱਤੀ ਸੰਸਥਾਵਾਂ, ਬੈਂਕਿੰਗ ਅਤੇ ਪ੍ਰੋਗਰਾਮ ਲਾਗੂਕਰਨ ਮੰਤਰੀ
10)	ਸਰਦਾਰ ਜਨਮੇਜਾ ਸਿੰਘ ਸੇਖੋਂ	ਸਿੰਜਾਈ ਮੰਤਰੀ

11) ਸ਼੍ਰੀ ਸੁਰਜੀਤ ਕੁਮਾਰ ਜਿਆਨੀ	ਸਿਹਤ ਤੇ ਪਰਿਵਾਰ ਭਲਾਈ, ਸਮਾਜਿਕ ਸੁਰੱਖਿਆ, ਮਹਿਲਾ ਤੇ ਬਾਲ ਵਿਕਾਸ ਮੰਤਰੀ
12) ਸਰਦਾਰ ਬਿਕਰਮ ਸਿੰਘ ਮਜੀਠੀਆ	ਮਾਲ ਤੇ ਮੁੜ ਵਸੇਬਾ, ਸੂਚਨਾ ਤੇ ਲੋਕ ਸੰਪਰਕ, ਗੈਰ ਰਵਾਇਤੀ ਊਰਜਾ ਤੇ ਐਨ.ਆਰ.ਆਈ.ਮਾਮਲੇ ਮੰਤਰੀ
13) ਸਰਦਾਰ ਸਿਕੰਦਰ ਸਿੰਘ ਮਲੂਕਾ	ਸਿੱਖਿਆ, ਉਚੇਰੀ ਸਿੱਖਿਆ ਤੇ ਭਾਸ਼ਾਵਾਂ ਮੰਤਰੀ
14) ਸ਼੍ਰੀ ਅਨਿਲ ਜੋਸ਼ੀ	ਸਥਾਨਕ ਸਰਕਾਰ, ਡਾਕਟਰੀ ਸਿੱਖਿਆ ਤੇ ਖੋਜ ਮੰਤਰੀ
15) ਸਰਦਾਰ ਸੁਰਜੀਤ ਸਿੰਘ ਰੱਖੜਾ	ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ
16) ਸਰਦਾਰ ਸ਼ਰਨਜੀਤ ਸਿੰਘ ਢਿੱਲੋਂ	ਲੋਕ ਨਿਰਮਾਣ (ਭ ਤੇ ਮ) ਮੰਤਰੀ

ਮੁੱਖ ਸੰਸਦੀ ਸਕੱਤਰ

ਕ੍ਰਮ ਨੰ:	ਨਾਮ	ਮਹਿਕਮਾ/ਮਹਿਕਮੇ
1)	ਸਰਦਾਰ ਸੋਹਣ ਸਿੰਘ ਠੰਡਲ	ਸਿੰਚਾਈ
2)	ਚੌਧਰੀ ਨੰਦ ਲਾਲ	ਜੰਗਲਾਤ ਜੰਗਲੀ ਜੀਵ ਅਤੇ ਕਿਰਤ
3)	ਸਰਦਾਰ ਬਲਬੀਰ ਸਿੰਘ ਘੁੰਨਸ	ਜੇਲ੍ਹਾਂ, ਸੈਰ ਸਪਾਟਾ, ਸਭਿਆਚਾਰਕ ਮਾਮਲੇ, ਪੁਰਾਤੱਤਵ ਅਤੇ ਅਜਾਇਬ ਘਰ
4)	ਸ਼੍ਰੀ ਦੇਸ ਰਾਜ ਧੁੱਗਾ	ਪਸ਼ੂ ਪਾਲਣ, ਮੱਛੀ ਪਾਲਣ ਅਤੇ ਡੇਅਰੀ ਵਿਕਾਸ
5)	ਸਰਦਾਰ ਹਰਮੀਤ ਸਿੰਘ ਸੰਧੂ	ਲੋਕ ਨਿਰਮਾਣ (ਭ ਤੇ ਮ.)
6)	ਸਰਦਾਰ ਮਨਤਾਰ ਸਿੰਘ ਬਰਾੜ	ਪੇਂਡੂ ਵਿਕਾਸ ਅਤੇ ਪੰਚਾਇਤਾਂ
7)	ਸ਼੍ਰੀਮਤੀ ਮਹਿੰਦਰ ਕੌਰ ਜੋਸ਼	ਡਾਕਟਰੀ ਸਿੱਖਿਆ ਅਤੇ ਖੋਜ
8)	ਸ਼੍ਰੀ ਅਵਿਨਾਸ਼ ਚੰਦਰ	ਉਚੇਰੀ ਸਿੱਖਿਆ
9)	ਸ਼੍ਰੀ ਕੇ.ਡੀ.ਭੰਡਾਰੀ	ਸਹਿਕਾਰਤਾ
10)	ਸਰਦਾਰ ਇੰਦਰਬੀਰ ਸਿੰਘ ਬੁਲਾਰੀਆ	ਸਿੱਖਿਆ
11)	ਸਰਦਾਰ ਅਮਰਪਾਲ ਸਿੰਘ ਬੋਨੀ	ਤਕਨੀਕੀ ਸਿੱਖਿਆ ਅਤੇ ਸਨਅਤੀ ਸੰਸਥਾਵਾਂ
12)	ਸਰਦਾਰ ਗੁਰਬਚਨ ਸਿੰਘ ਬੱਬੇਹਾਲੀ	ਖੇਤੀਬਾੜੀ
13)	ਸਰਦਾਰ ਵਿਰਸਾ ਸਿੰਘ ਵਲਟੋਹਾ	ਪੇਂਡੂ ਜਲ ਸਪਲਾਈ ਤੇ ਸੈਨੀਟੇਸ਼ਨ , ਸੁਰੱਖਿਆ ਸੇਵਾਵਾਂ ਭਲਾਈ
14)	ਸ਼੍ਰੀ ਐਨ.ਕੇ.ਸ਼ਰਮਾ	ਉਦਯੋਗ ਅਤੇ ਵਣਜ
15)	ਸ਼੍ਰੀਮਤੀ ਐਫ.ਨਿਸਾਰਾ ਖਾਤੂਨ	ਸਮਾਜਿਕ ਸੁਰੱਖਿਆ, ਮਹਿਲਾ ਅਤੇ ਬਾਲ ਵਿਕਾਸ
16)	ਡਾਕਟਰ ਨਵਜੋਤ ਕੌਰ ਸਿੱਧੂ	ਸਿਹਤ ਅਤੇ ਪਰਿਵਾਰ ਭਲਾਈ
17)	ਸ਼੍ਰੀ ਪ੍ਰਕਾਸ਼ ਚੰਦ ਗਰਗ	ਖੁਰਾਕ ਅਤੇ ਸਿਵਲ ਸਪਲਾਈ
18)	ਸ਼੍ਰੀ ਪਵਨ ਕੁਮਾਰ ਟੀਨੂੰ	ਖੇਡਾਂ ਤੇ ਯੁਵਕ ਸੇਵਾਵਾਂ ਅਤੇ ਐਸ.ਸੀ., ਬੀ.ਸੀ. ਦੀ ਭਲਾਈ

19) ਸ਼੍ਰੀ ਸਰੂਪ ਚੰਦ ਸਿੰਗਲਾ	ਆਬਕਾਰੀ ਅਤੇ ਕਰ
20) ਸ਼੍ਰੀ ਸੋਮ ਪ੍ਰਕਾਸ਼	ਸਥਾਨਕ ਸਰਕਾਰ

PUNJAB VIDHAN SABHA

Wednesday, the 30th October, 2013

The Vidhan Sabha met in the Punjab Vidhan Sabha Hall, Vidhan Bhavan, Sector-1, Chandigarh at 10.00 A.M. Mr. Speaker (Doctor Charnjit Singh Atwal) in the Chair.

STARRED QUESTIONS AND ANSWERS

ਮਾਨਯੋਗ ਸਪੀਕਰ : ਪ੍ਰਸ਼ਨ ਕਾਲ।

ਨਿਸ਼ਾਨ ਵਾਲਾ ਪ੍ਰਸ਼ਨ ਨੰਬਰ 1000**

ਮਾਨਯੋਗ ਸਪੀਕਰ : ਇਸ ਪ੍ਰਸ਼ਨ ਦੀ ਐਕਸਟੈਂਸ਼ਨ ਮੰਗੀ ਗਈ ਹੈ ਜੋ ਕਿ ਮੈਂ ਅਲਾਉ ਕਰ ਦਿੱਤੀ ਹੈ। ਅਗਲਾ ਸਵਾਲ, ਸਰਦਾਰ ਦਲਜੀਤ ਸਿੰਘ ਚੀਮਾ।

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, ਮੇਰਾ ਬੜਾ ਅਹਿਮ ਸਵਾਲ ਸੀ, ਮੇਰਾ ਖਿਆਲ ਹੈ ਕਿ ਕੋਈ ਹਿੰਦੀ ਵਾਲਾ ਪੇਪਰ ਪੜ੍ਹਦਾ ਹੀ ਨਹੀਂ ਹੈ, co-insidence ਦੇਖੋ, ਭਾਸਕਰ ਨੇ ਅੱਜ ਦੇ ਪੇਪਰ ਵਿੱਚ ਜੋ ਗੱਲਾਂ ਕੀਤੀਆਂ ਹਨ, ਕਿੰਨੀਆਂ ਚੁੱਭਵੀਆਂ ਗੱਲਾਂ ਹਨ। ਸਰਕਾਰ try to avoid answering those issues and ਜਿਹੜੀ ਇਨਫਰਮੇਸ਼ਨ ਵਾਸਤੇ ਪੋਸਟਪੋਨਮੈਂਟ ਮੰਗੀ ਹੈ, that information is available in the papers, I don't know how come the department does not have it. ਇਹ ਪਰਸੋਂ ਦਾ Tribune ਦੇਖੋ, ਇਸ ਦੇ ਵਿੱਚ ਲਿਖਿਆ ਹੈ ਕਿ ਕਿੰਨੀ..............

ਮਾਨਯੋਗ ਸਪੀਕਰ : ਤੁਹਾਨੂੰ ਪਤਾ ਹੈ ਕਿ ਜਦੋਂ ਐਕਸਟੈਂਸ਼ਨ ਮੰਗੀ ਜਾਏ, I have to..............

ਸ਼੍ਰੀ ਸੁਨੀਲ ਜਾਖੜ : ਸਰ, ਮੇਰੀ ਗੁਜ਼ਾਰਿਸ਼ ਹੈ ਕਿ please try to avoid these kind of extensions, I can understand ਕਿਤੇ ਕੋਈ genuine problem ਹੋਏ, ਪੁਲਿਸ ਜ਼ਿਆਦਤੀਆਂ ਦਾ, ਪੁਲਿਸ ਨੂੰ accountable ਬਣਾਉਣ ਦਾ ਇੱਕ ਸਾਰਿਆਂ ਦਾ ਸਾਂਝਾ ਮਸਲਾ ਹੈ। So my humble request is ਕਿ ਪੁਲਿਸ ਕੰਪਲੇਂਟਸ ਨੂੰ ਲੈ ਕੇ RTI ਭਰੀ ਪਈ ਹੈ, I think ਕਿ ਇਹ ਪਰਸੋਂ ਦਾ ਟ੍ਰਿਬਿਊਨ ਹੈ। ਅੱਗੇ ਤੋਂ ਧਿਆਨ ਨਾਲ ਸਰ, ਮੈਂ ਰਿਕੁਐਸਟ ਕਰਦਾ ਹਾਂ।

ਮਾਨਯੋਗ ਸਪੀਕਰ: ਅੱਛਾ ਜੀ। ਚਲੋ, thank you ji.

**Reply to this Starred question No. 1000 and has not been received till 11.6.2014 i.e. the date on which this debates was sent to the press for final printing.

ਪਿੰਕਾਸੀਆ ਟੂਰਿਜ਼ਮ ਕੰਪਲੈਕਸ ਦੀ ਮੁੜ ਉਸਾਰੀ ਕਰਨਾ

***1064. ਡਾਕਟਰ ਦਲਜੀਤ ਸਿੰਘ ਚੀਮਾ :** ਕੀ ਸੈਰ-ਸਪਾਟਾ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰੋਪੜ ਵਿਖੇ ਪਿੰਕਾਸੀਆ ਟੂਰਿਜ਼ਮ ਕੰਪਲੈਕਸ ਦੀ ਜਗ੍ਹਾ ਤੇ ਨਵੇਂ ਮਾਡਰਨ ਢੰਗ ਦੇ ਕੰਪਲੈਕਸ ਦੀ ਮੁੜ ਉਸਾਰੀ ਕਦੋਂ ਸ਼ੁਰੂ ਕੀਤੀ ਜਾ ਰਹੀ ਹੈ ਅਤੇ ਇਸ ਨੂੰ ਉਸਾਰਨ ਲਈ ਦੇਰੀ ਦੇ ਕੀ ਕਾਰਨ ਹਨ?

ਸਰਦਾਰ ਸਰਵਨ ਸਿੰਘ ਫਿਲੌਰ : ਪਿੰਕਾਸੀਆ ਟੂਰਿਸਟ ਕੰਪਲੈਕਸ ਮੈ: ਅਲਕੈਮਿਸਟ ਹੋਲਡਿੰਗ ਪ੍ਰਾਈਵੇਟ ਲਿਮਟਿਡ ਦੀ ਯੂਨਿਟ ਪਿੰਕਾਸੀਆ ਹੋਟਲਜ਼ ਐਂਡ ਰਿਜ਼ਾਰਟ ਪ੍ਰਾਈਵੇਟ ਲਿਮਟਿਡ ਜੋ ਕਿ ਸਫਲ ਬਿਡਰ ਸੀ, ਨੂੰ ਲੀਜ਼ ਤੇ ਦਿੱਤਾ ਗਿਆ ਸੀ ਅਤੇ ਇਸ ਦਾ ਐਗਰੀਮੈਂਟ ਮਿਤੀ 09-09-10 ਨੂੰ ਸਾਈਨ ਕੀਤਾ ਗਿਆ ਸੀ। ਇਸ ਐਗਰੀਮੈਂਟ ਵਿਚ ਲਾਈਆਂ ਸ਼ਰਤਾਂ ਤਹਿਤ ਉਨ੍ਹਾਂ ਵੱਲੋਂ ਇਹ ਪ੍ਰਾਜੈਕਟ ਦੋ ਸਾਲ ਵਿੱਚ ਮੁਕੰਮਲ ਕਰਨਾ ਸੀ। ਪ੍ਰੰਤੂ ਸਿੰਚਾਈ ਵਿਭਾਗ ਦੇ ਨਾਲ ਲਗਦੀ ਜ਼ਮੀਨ ਕੰਸੈਸ਼ਨਰ ਨੂੰ ਵਰਤਣ ਦੀ ਪ੍ਰਵਾਨਗੀ ਮਿਤੀ 11.08.2011 ਨੂੰ ਦਿੱਤੀ ਸੀ, ਜਿਸ ਕਰਕੇ ਇਸ ਕੰਪਲੈਕਸ ਦਾ ਕਬਜ਼ਾ ਮੈਸ: ਪਿੰਕਾਸੀਆ ਹੋਟਲਜ਼ ਐਂਡ ਰਿਜ਼ਾਰਟ ਪ੍ਰਾਈਵੇਟ ਲਿਮਟਿਡ ਨੂੰ ਮਿਤੀ 25.08.2011 ਨੂੰ ਦਿੱਤਾ ਗਿਆ ਸੀ ਅਤੇ ਇਸ ਦੀ ਲੀਜ਼ ਡੀਡ ਮਿਤੀ 19.06.2012 ਨੂੰ ਰਜਿਸਟਰ ਕਰਵਾ ਦਿੱਤੀ ਗਈ ਸੀ ਪਰੰਤੂ ਕੰਸੈਸ਼ਨਰੀ ਵੱਲੋਂ ਕੰਮ ਸ਼ੁਰੂ ਨਹੀਂ ਕੀਤਾ ਗਿਆ। ਇਸ ਕਾਰਨ ਉਸ ਨੂੰ ਐਗਰੀਮੈਂਟ ਰੱਦ ਕਰਨ ਲਈ ਨੋਟਿਸ ਦਿੱਤਾ ਗਿਆ ਹੈ, ਜਿਸ ਦਾ ਉਸ ਵੱਲੋਂ ਉੱਤਰ ਦਿੱਤਾ ਗਿਆ ਹੈ ਕਿ ਉਸ ਵੱਲੋਂ ਸਤੰਬਰ, 2014 ਤੱਕ ਐਗਰੀਮੈਂਟ ਦੀਆਂ ਸ਼ਰਤਾਂ ਦੀ ਪਾਲਣਾ ਕੀਤੀ ਜਾਵੇਗੀ। ਇਸ ਉੱਤਰ ਨੂੰ ਸਰਕਾਰ ਵੱਲੋਂ ਵਿਚਾਰਨ ਉਪਰੰਤ ਬਣਦੀ ਢੁਕਵੀਂ ਕਾਰਵਾਈ ਕੀਤੀ ਜਾਵੇਗੀ।

ਡਾਕਟਰ ਦਲਜੀਤ ਸਿੰਘ ਚੀਮਾ : ਸਪੀਕਰ ਸਾਹਿਬ, ਮੈਂ ਪਿਛਲੇ ਸਦਨ ਵਿੱਚ ਵੀ ਇਹ ਕੁਐਸਚਨ ਰੇਜ਼ ਕੀਤਾ ਸੀ। ਅੱਜ ਦਾ ਜਿਹੜਾ ਉੱਤਰ ਮਿਲਿਆ ਹੈ, ਇਸ ਵਿੱਚ ਵੀ ਜ਼ਿਕਰ ਆਉਂਦਾ ਹੈ ਕਿ 9-9-2010 ਨੂੰ ਕੰਟਰੈਕਟ ਸਾਈਨ ਕੀਤਾ ਗਿਆ ਸੀ ਔਰ 11-8-2011 ਨੂੰ ਕਬਜ਼ਾ ਉਸ ਨੂੰ ਦੇ ਦਿੱਤਾ ਗਿਆ ਸੀ। ਕਬਜ਼ਾ ਲੈਣ ਤੋਂ ਤੁਰੰਤ ਬਾਅਦ ਉਹ ਹੋਟਲ ਢਾਹ ਦਿੱਤਾ ਗਿਆ, ਉਸ ਦਾ ਮਲਬਾ ਵੀ ਉਥੋਂ ਚੁੱਕਿਆ ਜਾ ਚੁੱਕਿਆ ਹੈ। ਸਮਾਨ ਉਸ ਦਾ ਕਿਥੇ ਹੈ, ਉਸ ਦਾ ਵੀ ਕੋਈ ਪਤਾ ਨਹੀਂ ਹੈ। ਤਿੰਨ ਸਾਲ ਤੋਂ ਉਪਰ ਹੋ ਚੁੱਕੇ ਹਨ ਲੇਕਿਨ ਹਾਲੇ ਤੱਕ ਜਿਹੜਾ ਕੰਮ ਹੈ, ਉਹ ਸ਼ੁਰੂ ਨਹੀਂ ਹੋ ਸਕਿਆ। ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹਾਂਗਾ ਕਿ ਪਹਿਲੀ ਗੱਲ ਤਾਂ ਇਹ ਹੈ ਕਿ ਕੀ ਉਹ ਰਿਸਪਾਂਸੀਬਿਲਟੀ ਫਿਕਸ ਕਰਨਗੇ ਕਿ ਜੇ ਸਾਰੀਆਂ ਸ਼ਰਤਾਂ ਉਸ ਨੇ ਮੁਕੰਮਲ ਨਹੀਂ ਕੀਤੀਆਂ ਸਨ ਤਾਂ ਫਿਰ ਉਸ ਨੂੰ ਕਬਜ਼ਾ ਕਿਉਂ ਦਿੱਤਾ ਗਿਆ, ਢਾਹੁਣ ਦੀ ਇਜਾਜ਼ਤ ਕਿਉਂ ਦਿੱਤੀ ਗਈ ਔਰ ਦੂਸਰਾ ਕੀ ਉਹ ਇਸ ਠੇਕੇਦਾਰ ਨੂੰ ਬਲੈਕ-ਲਿਸਟ ਕਰਨਗੇ ਜਾਂ ਨਹੀਂ?

ਮੰਤਰੀ : ਸਪੀਕਰ ਸਾਹਿਬ, ਇਹ ਠੀਕ ਹੈ ਕਿ ਇਰੀਗੇਸ਼ਨ ਡਿਪਾਰਟਮੈਂਟ ਵੱਲੋਂ ਉਨ੍ਹਾਂ ਨੂੰ ਐਨ.ਓ.ਸੀ ਦੇਣ ਵਿੱਚ ਕੁਝ ਦੇਰੀ ਹੋਈ ਤੇ ਕੁਝ ਪਾਰਟੀ ਵੱਲੋਂ ਵੀ ਦੇਰੀ ਹੋਈ,

ਇਸੇ ਕਰਕੇ ਪਿਛਲੇ ਹਾਊਸ ਵਿੱਚ ਵੀ ਮਾਨਯੋਗ ਮੈਂਬਰ ਸਾਹਿਬ ਨੇ ਇਹ ਸਵਾਲ ਕੀਤਾ ਸੀ ਤੇ ਅਸੀਂ ਪਾਰਟੀ ਨੂੰ ਤਿੰਨ ਲੀਗਲ ਨੋਟਿਸ ਸਰਵ ਕੀਤੇ ਤੇ ਤੀਸਰੇ ਨੋਟਿਸ ਦਾ, ਜੋ ਉਨ੍ਹਾਂ ਨੂੰ ਹੁਣ 30.8.13 ਨੂੰ ਸਰਵ ਕੀਤਾ ਸੀ, ਉਨ੍ਹਾਂ ਵੱਲੋਂ ਇਹ ਜਵਾਬ 24.8.2013 ਨੂੰ ਆਇਆ ਹੈ ਅਤੇ ਉਨ੍ਹਾਂ ਨੇ ਸਾਨੂੰ ਉਸ ਲੈਟਰ ਵਿੱਚ ਲਿਖਿਆ ਹੈ ਕਿ ਮੈਂ 2014 ਤੱਕ ਉਨ੍ਹਾਂ ਸਾਰੀਆਂ ਸ਼ਰਤਾਂ ਦੀ ਪਾਲਣਾ ਕਰਕੇ ਜਿਹੜਾ ਉਹ ਕੰਮ ਹੈ, ਉਹ ਸ਼ੁਰੂ ਕਰਾਂਗਾ ਤੇ ਇਹ ਗੱਲ ਠੀਕ ਹੈ। ਕਿਉਂਕਿ ਇਹ ਮੇਰੇ ਹਲਕੇ ਨਾਲ ਸਬੰਧਤ ਹੈ, ਇਸ ਲਈ ਮੇਰੇ ਨੋਟਿਸ ਵਿੱਚ ਲਿਆਂਦਾ ਗਿਆ ਕਿ ਉਥੇ ਜੋ ਹੋਟਲ ਦਾ ਮਲਬਾ ਸੀ, ਉਹ ਉਸ ਨੂੰ ਢਾਹ ਕੇ ਲੈ ਗਏ, ਉਸ ਦਾ ਅਸੀਂ ਪਤਾ ਕਰ ਲਵਾਂਗੇ। ਬਾਕੀ ਇਹ ਜੋ ਕੰਮ ਹੈ, ਮੈਂ ਚਾਹੁੰਦਾ ਹਾਂ ਕਿ ਅਸੀਂ ਉਨ੍ਹਾਂ ਨਾਲ ਇੱਕ ਮੀਟਿੰਗ ਸੱਦ ਲਵਾਂਗੇ, ਮੀਟਿੰਗ ਸੱਦ ਕੇ ਜੇ ਤਾਂ ਉਹ ਕਨਵਿਨਸ ਹੋ ਗਏ ਤਾਂ ਫਿਰ ਜੋ ਵੀ ਬਣਦੀ ਕਾਰਵਾਈ ਹੋਵੇਗੀ, ਉਹ ਅਸੀਂ ਕਰਾਂਗੇ।

ਮਾਨਯੋਗ ਸਪੀਕਰ : ਹਾਂ ਜੀ, ਚੀਮਾ ਸਾਹਿਬ।

ਡਾਕਟਰ ਦਲਜੀਤ ਸਿੰਘ ਚੀਮਾ : ਬਹੁਤ ਧੰਨਵਾਦ ਜੀ।

ਮਾਨਯੋਗ ਸਪੀਕਰ : ਹਾਂ ਜੀ, ਚੰਨੀ ਸਾਹਿਬ, ਤੁਸੀਂ ਵੀ ਦੱਸੋ।

ਸਰਦਾਰ ਚਰਨਜੀਤ ਸਿੰਘ ਚੰਨੀ : ਸਪੀਕਰ ਸਾਹਿਬ, ਮੈਂ ਮਾਨਯੋਗ ਮੰਤਰੀ ਜੀ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇੱਕ ਕਰੋੜ ਰੁਪਿਆ ਸਾਲ ਦਾ ਕਿਰਾਇਆ ਹੈ। ਪੰਜ ਸਾਲ ਤੋਂ ਠੇਕੇਦਾਰ ਨੂੰ ਦੇ ਦਿੱਤਾ, ਠੇਕੇਦਾਰ ਭੱਜ ਗਿਆ। ਇਸ ਤਰ੍ਹਾਂ ਪੰਜ ਕਰੋੜ ਰੁਪਏ ਦਾ ਸਰਕਾਰ ਦਾ ਨੁਕਸਾਨ ਹੋ ਗਿਆ। ਇੱਕ ਤਾਂ ਠੇਕੇਦਾਰ ਦੇ ਨਾਲ ਮਿਲ ਕੇ ਅਫ਼ਸਰਾਂ ਨੇ ਜੋ ਸ਼ਰਤਾਂ ਰੱਖੀਆਂ, ਉਨ੍ਹਾਂ ਵਿੱਚ ਹੈ ਕਿ ਜਦੋਂ ਤੋਂ ਉਹ ਹੋਟਲ ਚਲਾਉਣਾ ਸ਼ੁਰੂ ਕਰ ਦੇਵੇਗਾ, ਉਦੋਂ ਤੋਂ ਪੈਸੇ ਲੱਗਣਗੇ। ਹੁਣ ਉਹ ਤਾਂ ਸ਼ੁਰੂ ਕਰੇਗਾ ਹੀ ਨਹੀਂ ਪਰ ਸਰਕਾਰ ਦਾ ਹਰ ਸਾਲ ਇੱਕ ਕਰੋੜ ਰੁਪਏ ਦਾ ਨੁਕਸਾਨ ਹੋ ਜਾਂਦਾ ਹੈ। ਦੂਸਰੀ ਮੇਰੀ ਬੇਨਤੀ ਹੈ ਕਿ ਇਸ ਦੇ ਬਿਲਕੁਲ ਨਾਲ ਲਗਦਾ, ਰੋਪੜ ਵਿੱਚ ਹੀ ਟੂਰਿਜ਼ਮ ਦਾ ਵਾਟਰ ਲਿਲੀ ਰਿਜ਼ੋਰਟ ਹੈ, ਉਸ ਵਿੱਚ.....

ਮਾਨਯੋਗ ਸਪੀਕਰ : ਇਹ ਸਵਾਲ ਸਪੈਸਿਫਿਕ ਉਸ ਦਾ ਹੈ।

ਸਰਦਾਰ ਚਰਨਜੀਤ ਸਿੰਘ ਚੰਨੀ : ਮੈਂ ਇਹੀ ਗੱਲ ਕਰ ਦਿੰਦਾ ਹਾਂ, ਜੇ ਦੂਸਰੇ ਦੀ ਨਹੀਂ ਕਰਨੀ। ਇਸ ਦਾ ਪੰਜ ਕਰੋੜ ਰੁਪਏ ਦਾ ਨੁਕਸਾਨ ਹੋ ਗਿਆ ਅਤੇ ਅੱਗੇ ਤੋਂ ਹਰ ਸਾਲ ਇੱਕ ਕਰੋੜ ਰੁਪਏ ਦਾ ਨੁਕਸਾਨ ਹੋ ਰਿਹਾ ਹੈ। ਇਸ ਦੀ ਕੌਣ ਭਰਪਾਈ ਕਰੇਗਾ ਅਤੇ ਇਸ ਦਾ ਕੌਣ ਜ਼ਿੰਮੇਵਾਰ ਹੋਵੇਗਾ? ਇਹ ਕਦੋਂ ਤੱਕ ਸ਼ੁਰੂ ਹੋ ਜਾਵੇਗਾ? ਉਹ ਤਾਂ ਫਿਰ ਨਹੀਂ ਸ਼ੁਰੂ ਕਰਨਗੇ ਅਤੇ ਇਸ ਤਰ੍ਹਾਂ ਹੀ 10 ਸਾਲ ਹੋਰ ਲੰਘ ਜਾਣਗੇ।

ਮਾਨਯੋਗ ਸਪੀਕਰ : ਇਸ ਨੂੰ ਲੰਮਾ ਨਾ ਪੈਣ ਦੇਣ।

ਸਰਦਾਰ ਚਰਨਜੀਤ ਸਿੰਘ ਚੰਨੀ : ਕਿਉਂ ਨਹੀਂ ਉਸ ਨੂੰ ਬਲੈਕ ਲਿਸਟ ਕਰਕੇ ਹੋਰ ਕਿਸੇ ਨੂੰ ਦੇ ਦਿੰਦੇ।

ਮਾਨਯੋਗ ਸਪੀਕਰ : ਹਾਂ ਜੀ, ਫਿਲੌਰ ਸਾਹਿਬ। ਉਸ ਨੂੰ ਜ਼ਿਆਦਾ ਪੈਂਡਿੰਗ ਨਾ ਰੱਖੋ।

ਮੰਤਰੀ : ਅਸੀਂ ਉਨ੍ਹਾਂ ਨਾਲ ਮੀਟਿੰਗ ਜਲਦੀ ਸੱਦ ਕੇ....

ਮਾਨਯੋਗ ਸਪੀਕਰ : ਉਨ੍ਹਾਂ ਦਾ ਮਤਲਬ ਇਹ ਹੈ ਜੇ ਉਹ ਹੋਰ 10 ਸਾਲ ਤੱਕ ਨਹੀਂ ਬਣਾਉਣਗੇ ਤਾਂ ਨੁਕਸਾਨ ਤਾਂ ਸਰਕਾਰ ਦਾ ਹੀ ਹੈ।

ਮੰਤਰੀ : ਅਸੀਂ ਜਲਦੀ ਮੀਟਿੰਗ ਸੱਦ ਲੈਣੀ ਹੈ ਅਤੇ ਉਹ ਜਿੰਨੀ ਕੁ ਵੀ ਐਸ਼ਿਉਰੈਂਸ ਕਰਨਗੇ, ਠੀਕ ਹੈ। ਨਹੀਂ ਤਾਂ ਜੋ ਵੀ ਕਾਰਵਾਈ ਬਣਦੀ ਹੋਵੇਗੀ, ਉਹ ਅਸੀਂ ਕਰਾਂਗੇ।

ਮਾਨਯੋਗ ਸਪੀਕਰ : ਅਗਲਾ ਸਵਾਲ, ਸ਼੍ਰੀ ਸੁਨੀਲ ਕੁਮਾਰ ਜਾਖੜ ਜੀ।

ਬੇਰੋਜ਼ਗਾਰੀ ਨੂੰ ਦੂਰ ਕਰਨ ਲਈ ਉਪਰਾਲੇ

***1004. ਸ਼੍ਰੀ ਸੁਨੀਲ ਜਾਖੜ :** ਕੀ ਰੋਜ਼ਗਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ 1 ਅਪ੍ਰੈਲ, 2012 ਤੋਂ ਹੁਣ ਤੱਕ ਸਰਕਾਰ ਨੇ ਕਿੰਨੇ ਬੇਰੋਜ਼ਗਾਰਾਂ ਨੂੰ ਰੋਜ਼ਗਾਰ ਮੁਹੱਈਆ ਕਰਵਾਇਆ ਹੈ ਅਤੇ ਰਾਜ ਵਿੱਚੋਂ ਬੇਰੋਜ਼ਗਾਰੀ ਖਤਮ ਕਰਨ ਲਈ ਸਰਕਾਰ ਕੀ ਉਪਰਾਲਾ ਕਰ ਰਹੀ ਹੈ?

ਸਰਦਾਰ ਅਜੀਤ ਸਿੰਘ ਕੋਹਾੜ : ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਰੋਜ਼ਗਾਰ ਜਨਰੇਸ਼ਨ ਅਤੇ ਟਰੇਨਿੰਗ ਵਿਭਾਗ, ਪੰਜਾਬ ਵੱਲੋਂ 1 ਅਪ੍ਰੈਲ, 2012 ਤੋਂ ਸਤੰਬਰ-2013 ਤੱਕ 6657 ਬੇਰੋਜ਼ਗਾਰਾਂ ਨੂੰ ਅਤੇ ਰਾਜ ਦੇ ਵੱਖ-ਵੱਖ ਵਿਭਾਗਾਂ ਵੱਲੋਂ ਲਗਭਗ 15,983 ਬੇਰੋਜ਼ਗਾਰਾਂ ਨੂੰ ਰੋਜ਼ਗਾਰ ਮੁਹੱਈਆ ਕਰਵਾਇਆ ਗਿਆ ਹੈ। ਇਸ ਵਿਭਾਗ ਵੱਲੋਂ ਬੇਰੋਜ਼ਗਾਰੀ ਖਤਮ ਕਰਨ ਦੇ ਮੰਤਵ ਨਾਲ ਰਾਜ ਦੇ ਬੇਰੋਜ਼ਗਾਰ ਯੁਵਕਾਂ ਨੂੰ ਰੋਜ਼ਗਾਰ ਯੋਗ ਬਣਾਉਣ ਹਿੱਤ ਸਕਿਲ ਡਿਵੈਲਪਮੈਂਟ ਇਨੀਸ਼ੀਏਟਿਵ ਸਕੀਮ ਅਧੀਨ ਵੋਕੇਸ਼ਨਲ ਟਰੇਨਿੰਗ ਪ੍ਰੋਵਾਈਡਰਜ਼ ਰਾਹੀਂ ਟਰੇਨਿੰਗ ਮੁਹੱਈਆ ਕਰਵਾਈ ਜਾ ਰਹੀ ਹੈ। ਬੇਰੋਜ਼ਗਾਰ ਯੁਵਕਾਂ ਨੂੰ ਸਵੈ-ਰੋਜ਼ਗਾਰ ਸਕੀਮ ਅਧੀਨ ਵੱਖ-ਵੱਖ ਕਿੱਤਿਆਂ ਸਬੰਧੀ ਜਾਣਕਾਰੀ ਦਿੱਤੀ ਜਾ ਰਹੀ ਹੈ, ਸਵੈ-ਰੋਜ਼ਗਾਰ ਅਪਨਾਉਣ ਲਈ ਪ੍ਰੇਰਿਤ ਕੀਤਾ ਜਾ ਰਿਹਾ ਹੈ। ਇਸ ਸਬੰਧੀ ਸਕੂਲਾਂ ਤੇ ਕਾਲਜਾਂ ਵਿੱਚ ਰੋਜ਼ਗਾਰ ਮੇਲਿਆਂ ਦਾ ਆਯੋਜਨ ਕੀਤਾ ਜਾ ਰਿਹਾ ਹੈ, ਜਿਸ ਵਿੱਚ ਬੇਰੋਜ਼ਗਾਰਾਂ ਨੂੰ ਆਪਣਾ ਕਿੱਤਾ ਖੋਲ੍ਹਣ ਅਤੇ ਮੁਕਾਬਲੇ ਦੀਆਂ ਪ੍ਰੀਖਿਆਵਾਂ ਸਬੰਧੀ ਜਾਣਕਾਰੀ ਦਿੱਤੀ ਜਾਂਦੀ ਹੈ ਅਤੇ ਇਸ ਲਈ ਪ੍ਰੇਰਿਤ ਵੀ ਕੀਤਾ ਜਾਂਦਾ ਹੈ।

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, ਧੰਨਵਾਦ ਮੰਤਰੀ ਮਹੋਦਿਆ ਦਾ। ਉਨ੍ਹਾਂ ਨੇ ਦੱਸਿਆ ਕਿ ਪਿਛਲੇ ਡੇਢ ਸਾਲ ਦੇ ਦੌਰਾਨ ਉਨ੍ਹਾਂ ਨੇ 6657 ਅਤੇ ਪਲੱਸ ਤਕਰੀਬਨ 16,000, approximately 22,000 people have been employed. I am not

here to politicize. ਇਹ ਮੇਰੇ ਕੋਲ ਸ਼੍ਰੋਮਣੀ ਅਕਾਲੀ ਦਲ ਦਾ ਮੈਨੋਫੈਸਟੋ ਹੈ, ਜਿਸ ਵਿੱਚ ਲੋਕਾਂ ਨੂੰ ਭਰੋਸਾ ਦਿਵਾਇਆ ਗਿਆ ਸੀ ਕਿ ਲੋਕਾਂ ਨੂੰ 10 ਲੱਖ ਨਵੀਆਂ ਨੌਕਰੀਆਂ ਮੁਹੱਈਆ ਹੋਣਗੀਆਂ।

ਸਿੱਖਿਆ, ਉਚੇਰੀ ਸਿੱਖਿਆ ਤੇ ਭਾਸ਼ਾਵਾਂ ਮੰਤਰੀ (ਸਰਦਾਰ ਸਿਕੰਦਰ ਸਿੰਘ ਮਲੂਕਾ) : (ਬੈਠੇ-ਬੈਠੇ) ਪੰਜ ਸਾਲਾਂ ਵਿੱਚ।

ਸ਼੍ਰੀ ਸੁਨੀਲ ਜਾਖੜ : ਪੰਜ ਸਾਲਾਂ ਵਿੱਚ। ਉਸ ਦਾ ਐਵਰੇਜ ਕੱਢ ਲਵੋ। ਤੁਸੀਂ ਮਲੂਕਾ ਸਾਹਿਬ ਸਾਰਿਆਂ ਨੂੰ ਪੜ੍ਹਾਉਂਦੇ ਹੋ, ਇਹ ਤਿੰਨ ਲੱਖ ਬਣਦੀਆਂ ਹਨ। ਇੱਕ ਸਾਲ ਵਿੱਚ ਤਿੰਨ ਲੱਖ ਬੱਚਿਆਂ ਨੂੰ ਰੋਜ਼ਗਾਰ ਮਿਲਣਾ ਚਾਹੀਦਾ ਸੀ। ਮੇਰਾ ਸਵਾਲ ਹੈ, ਸਪੀਕਰ ਸਾਹਿਬ, ਇਸ ਸਪੀਡ ਨਾਲ ਕਿਸ ਤਰ੍ਹਾਂ ਕੰਮ ਹੋਵੇਗਾ। ਜਦੋਂ 22,000 ਡੇਢ ਸਾਲ ਵਿੱਚ ਦਿੱਤੀਆਂ ਹਨ ਤਾਂ ਇਹ ਕੰਮ ਕਿਵੇਂ ਹੋਵੇਗਾ। ਇਹ ਕਰਨ ਦੀ ਇਨ੍ਹਾਂ ਦੀ intention is suspect. I am repeating, why I am coming with the facts. ਕੀ ਮੰਤਰੀ ਮਹੋਦਿਆ ਇਸ ਗੱਲ ਤੋਂ ਅਵੇਅਰ ਹਨ ਕਿ ਤੁਹਾਡੇ ਕੋਲ Employment Generation and Training Officers ਦੀਆਂ ਜਿਹੜੀਆਂ ਪੋਸਟਾਂ ਹਨ, 20 ਵਿੱਚੋਂ 19 ਵੇਕੇਂਟ ਹਨ। ਇਸ ਤੋਂ ਬਾਅਦ ਕਲਰਕ ਉਥੇ ਚਾਹੀਦੇ ਹਨ। ਉਹ ਵੀ 20 ਵਿੱਚੋਂ 19 ਵੇਕੇਂਟ ਹਨ। ਇੱਕ ਦੂਜੇ ਗਰੇਡ ਦੇ Employment Generation and Training Officers (ਵੀ.ਜੀ.) ਹਨ, ਪਤਾ ਨਹੀਂ ਉਹ ਕਿਸ ਕੈਟੇਗਰੀ ਵਿੱਚ ਪਾ ਰੱਖੇ ਹਨ। Out of 36, 12 are vacant. Additional Director is not there. Technical Assistant ਦੀਆਂ ਦੋ ਵੇਕੈਂਸੀਆਂ ਪਈਆਂ ਹਨ। This is not the way to go about it. ਅਸੀਂ ਉਨ੍ਹਾਂ ਨੂੰ unemployment allowance promise ਕੀਤਾ ਸੀ। ਸਰਕਾਰ ਦੀ ਪੁਜ਼ੀਸ਼ਨ ਇੰਨੀ ਮਾੜੀ ਹੈ, ਨਹੀਂ ਉਨ੍ਹਾਂ ਨੂੰ ਦੇ ਸਕਦੇ, ਪਰ ਤੁਸੀਂ ਕਿਸ ਤਰ੍ਹਾਂ ਉਨ੍ਹਾਂ ਨੂੰ ਇਸ ਸਪੀਡ ਨਾਲ 10 ਲੱਖ ਦਾ ਟੀਚਾ ਪੂਰਾ ਕਰਵਾਉਗੇ। Would you please explain?

ਮੰਤਰੀ : ਸਪੀਕਰ ਸਾਹਿਬ, ਮੈਂ ਮੈਂਬਰ ਸਾਹਿਬ ਨੂੰ ਤੁਹਾਡੇ ਰਾਹੀਂ ਦੱਸਣਾ ਚਾਹੁੰਦਾ ਹਾਂ ਕਿ ਵੇਖੋ ਅਸੀਂ ਏਨੇ ਟਾਈਮ ਵਿੱਚ ਕਿੰਨਾ ਕੁਝ ਕਰ ਦਿੱਤਾ ਹੈ, ਜਿਹੜਾ ਸਮਾਂ ਰਹਿੰਦਾ ਹੈ, ਉਹਦੇ ਵਿੱਚ ਬਾਕੀ ਵੀ ਕਰ ਦਿਆਂਗੇ। (ਥੰਪਿੰਗ)

ਸ਼੍ਰੀ ਸੁਨੀਲ ਜਾਖੜ : 22,000 ਕੰਪੇਅਰ ਟੂ ....

ਮਾਨਯੋਗ ਸਪੀਕਰ : ਹਾਲੇ ਤਾਂ ਡੇਢ ਸਾਲ ਵੀ ਨਹੀਂ ਹੋਇਆ।

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, ਮੈਂ ਕੋਈ ਭੇਡਾਂ ਕਰਨ ਵਸਤੇ ਖੜ੍ਹਾ ਨਹੀਂ ਹੋਇਆ। ਸਪੀਕਰ ਸਾਹਿਬ, Infrastructure is not in place. ਸਪੀਕਰ ਸਾਹਿਬ, it is their headache. ਅਸੀਂ ਕਾਂਗਰਸ ਪਾਰਟੀ ਨੇ ਬੇਰੋਜ਼ਗਾਰ ਨੌਜਵਾਨਾਂ ਨੂੰ ਰਜਿਸਟਰਡ ਕਰਾਉਣ ਦੀ ਮੂਵਮੈਂਟ ਚਲਾ ਰੱਖੀ ਹੈ। ਮੈਂ ਇਕ ਦਿਨ ਬੇਰੋਜ਼ਗਾਰ ਨੌਜਵਾਨਾਂ ਨੂੰ ਇਕੱਠੇ ਕਰਕੇ ਇੰਪਲਾਇਮੈਂਟ ਆਫਿਸ ਵਿੱਚ ਗਿਆ। ਉਹ ਕਹਿੰਦੇ ਕਿ ਸਾਡੇ ਕੋਲ ਤਾਂ ਕਲਰਕ ਹੀ ਹੈ ਨਹੀਂ, ਤੁਸੀਂ ਭਾਵੇਂ ਸਾਰਾ ਦਿਨ ਬੈਠੇ ਰਹੋ, ਤੁਹਾਡੇ ਫਾਰਮ ਨਹੀਂ ਭਰੇ ਜਾਣੇ।

[ਸ੍ਰੀ ਸੁਨੀਲ ਜਾਖੜ]

ਮੇਰੇ ਨਾਲ 400 ਨੌਜਵਾਨ ਵੀ ਸਨ। I had to request to the concerned Officer Bathinda ਕਿ ਡੈਪੂਟੇਸ਼ਨ ਤੇ ਸਾਡੇ ਕੋਲ ਦੋ ਬੰਦੇ ਭੇਜ ਦਿਓ ਤਾਂ ਕਿ ਉਨ੍ਹਾਂ ਬੇਰੋਜ਼ਗਾਰਾਂ ਦੇ ਫਾਰਮ ਐਕਸੈਪਟ ਹੋ ਜਾਣ। ਸਪੀਕਰ ਸਾਹਿਬ, this is not the way. ਮੇਰੀ ਗੁਜਾਰਿਸ਼ ਹੈ ਕਿ ਚਾਹੇ ਇਸ ਨੂੰ ਸਵਾਲ ਸਮਝ ਲਓ, Would the Minister or the Chief Minister consider this thing? ਇਹ ਮਹਿੰਦਰਾ ਐਂਡ ਮਹਿੰਦਰਾ ਨਾਲ ਗੱਲ ਕਰ ਰਹੇ ਹਨ, ਮੈਂ ਕਹਿੰਦਾ ਹਾਂ ਕਿ ਇਹ ਭਾਵੇਂ ਮਹਿੰਦਰਾ ਐਂਡ ਮਹਿੰਦਰਾ ਨਾਲ ਗੱਲ ਕਰਨ, ਭਾਵੇਂ ਸੁਜ਼ੁਕੀ ਨਾਲ ਕਰਨ, ਭਾਵੇਂ ਮਾਰੂਤੀ ਵਾਲਿਆਂ ਨਾਲ ਕਰਨ ਪਰ ਇਹ ਜਿਹੜੇ ਸਕਿਲਡ ਟ੍ਰੇਨਿੰਗ ਸੈਂਟਰ ਦੀ ਗੱਲ ਕਰੀ ਜਾਂਦੇ ਹਨ, ਉਹ ਇਸ ਚੀਜ਼ ਨੂੰ ਲਾਗੂ ਕਰਵਾਉਣ so that these youths can be made employable. Second very important thing is that the Hon'ble Minister has mentioned ਕਿ ਸਕੂਲਾਂ ਦੇ ਵਿੱਚ ਰੋਜ਼ਗਾਰ ਦੇ ਮੇਲੇ ਲਗਵਾਏ ਜਾ ਰਹੇ ਹਨ, ਸਪੀਕਰ ਸਾਹਿਬ, this is not the spirit. I think this is not only the Punjab Govt. but we have faulted on the National level. Plus two systems were introduced in the Education System only to impart technical training so that these youths could become employable. ਤੁਸੀਂ ਮਲੂਕਾ ਸਾਹਿਬ, ਗੌਰ ਕਰੋਗੇ ਕਿ ਪਹਿਲਾਂ 14 ਸਾਲਾਂ ਵਿੱਚ ਬੀ.ਏ. ਹੁੰਦੀ ਸੀ, ਹੁਣ 15 ਸਾਲ ਲੱਗ ਜਾਂਦੇ ਹਨ। ਇਸ ਨਾਲ ਮਾਪਿਆਂ ਤੇ ਵਿੱਤੀ ਬੋਝ ਵੱਧ ਗਿਆ ਹੈ। ਉਹ ਜਿਹੜਾ ਇਕ ਸਾਲ ਸੀ, ਉਸ ਵਿੱਚ ਇਹ ਹੁੰਦਾ ਸੀ ਕਿ ਸਕੂਲਾਂ ਵਿੱਚ ਲੈਬ ਲੱਗਣਗੇ, ਮਸ਼ੀਨਿਸਟ ਲੱਗਣਗੇ, ਕਾਰਪੈਂਟਰੀ ਸਿਖਾਈ ਜਾਵੇਗੀ, ਇਲੈਕਟ੍ਰਿਸ਼ੀਅਨ ਦਾ ਕੰਮ ਸਿਖਾਇਆ ਜਾਵੇਗਾ। So I would only request the Government to make efforts in this regard……

ਮਾਨਯੋਗ ਸਪੀਕਰ : ਜਾਖੜ ਸਾਹਿਬ .....

Shri Sunil Jakhar : Just not make fool of the youth of the Punjab. ਮੇਰੀ ਇਹ ਗੁਜ਼ਾਰਿਸ਼ ਹੈ। ਇਸ ਤੇ ਭਰੋਸਾ ਤੁਸੀਂ ਦਿਵਾ ਦਿਓ, ਚਾਹੇ ਮਲੂਕਾ ਸਾਹਿਬ ਦਿਵਾ ਦੇਣ, ਚਾਹੇ ਮੁੱਖ ਮੰਤਰੀ ਸਾਹਿਬ ਦਿਵਾ ਦੇਣ। At least show your sincerity and commitment to all the promises you have made.

ਮੰਤਰੀ : ਸਪੀਕਰ ਸਾਹਿਬ, ਮੈਂ ਮੈਂਬਰ ਸਾਹਿਬ ਨੂੰ ਭਰੋਸਾ ਦਿਵਾਉਂਦਾ ਹਾਂ ਕਿ ਜੋ ਸਾਡੀ ਪਾਰਟੀ ਨੇ ਲੋਕਾਂ ਦੇ ਨਾਲ ਵਾਅਦੇ ਕੀਤੇ ਹਨ, ਉਹ ਅਸੀਂ ਪੂਰੇ ਕਰਨੇ ਹਨ। ਅਸੀਂ ਤਾਂ ਇੰਨੇ ਚਿਰ ਵਿੱਚ ਇੰਨਾ ਕਰਨਾ ਹੈ। ਜੇ ਤੁਸੀਂ ਇਕੱਲੀ ਇਕੱਲੀ ਗੱਲ ਦਾ ਸਪਸ਼ਟੀਕਰਨ ਚਾਹੁੰਦੇ ਹਾਂ ਤਾਂ ਮੈਂ ਤੁਹਾਨੂੰ ਉਸ ਬਾਰੇ ਵੀ ਦੱਸ ਦਿਆਂਗਾ। ਇਸ ਵਾਸਤੇ ਅੱਧਾ ਘੰਟਾ ਲੱਗ ਜਾਵੇਗਾ। ਇਸ ਕਰਕੇ ਜੋ ਵੀ ਅਸੀਂ ਲੋਕਾਂ ਨਾਲ ਵਾਅਦੇ ਕੀਤੇ ਹਨ, ਉਹ ਅਸੀਂ ਪੂਰੇ ਕਰਨੇ ਹਨ ਅਤੇ ਇਸ ਵਾਸਤੇ ਸਾਡੇ ਕੋਲ ਹਾਲੇ ਸਮਾਂ ਹੈ। ਆਪਣੇ ਸਮੇਂ ਵਿੱਚ ਤੁਸੀਂ ਕੀ ਕੀਤਾ। ਤੁਸੀਂ ਆਪ ਤਾਂ ਕੀਤਾ ਕੁਝ ਨਹੀਂ। ਅਸੀਂ ਤਾਂ ਫੇਰ ਵੀ

ਬਹੁਤ ਕੁਝ ਕਰ ਦਿੱਤਾ ਹੈ।

ਨਿਸ਼ਾਨ ਵਾਲਾ ਪ੍ਰਸ਼ਨ ਨੰ: 1121*

ਮਾਨਯੋਗ ਸਪੀਕਰ : ਇਹ ਸਵਾਲ ਪੋਸਟਪੋਨ ਕੀਤਾ ਜਾਂਦਾ ਹੈ।

ਨਿਸ਼ਾਨ ਵਾਲਾ ਪ੍ਰਸ਼ਨ ਨੰ: 999

(ਸਬੰਧਿਤ ਮੈਂਬਰ ਸਾਹਿਬ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਨ ਇਹ ਸਵਾਲ ਪੇਸ਼ ਨਹੀਂ ਹੋਇਆ।)

ਜ਼ਿਲ੍ਹਾ ਯੋਜਨਾਬੰਦੀ ਅਤੇ ਵਿਕਾਸ ਬੋਰਡਾਂ ਦੇ ਚੇਅਰਮੈਨ/ਵਾਈਸ ਚੇਅਰਮੈਨ ਅਤੇ ਮੈਂਬਰਾਂ ਦੀ ਨਾਮਜ਼ਦਗੀ

***1115. ਸ਼੍ਰੀ ਤਰਲੋਚਨ ਸਿੰਘ :** ਕੀ ਵਿੱਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਰਾਜ ਵਿਚ ਵੱਖ-ਵੱਖ ਜ਼ਿਲ੍ਹਾ ਯੋਜਨਾਬੰਦੀ ਅਤੇ ਵਿਕਾਸ ਬੋਰਡਾਂ ਦੇ ਚੇਅਰਮੈਨ/ਵਾਈਸ-ਚੇਅਰਮੈਨ ਅਤੇ ਮੈਂਬਰਾਂ ਦੀਆਂ ਨਾਮਜ਼ਦਗੀਆਂ ਲਈ ਸਰਕਾਰ ਦੁਆਰਾ ਕੀ ਕਸੌਟੀ ਅਪਣਾਈ ਜਾ ਰਹੀ ਹੈ;

ਅ) ਉਪਰੋਕਤ ਵਰਣਿਤ ਜ਼ਿਲ੍ਹਾ ਯੋਜਨਾਬੰਦੀ ਅਤੇ ਵਿਕਾਸ ਬੋਰਡਾਂ ਦਾ ਕੰਮਕਾਜ ਕੀ ਹੈ?

ਸਰਦਾਰ ਪਰਮਿੰਦਰ ਸਿੰਘ ਢੀਂਡਸਾ: ਸ਼੍ਰੀਮਾਨ ਜੀ, (ੳ) ਰਾਜ ਸਰਕਾਰ ਵੱਲੋਂ ਜ਼ਿਲ੍ਹਾ ਯੋਜਨਾ ਕਮੇਟੀ ਐਕਟ 2005 ਦੀ ਧਾਰਾ 3 ਦੀ ਮੱਦ 3 "The Chairperson of the Committee shall be chosen from amongst the members of the Committee by the State Government by nomination." ਦੇ ਅਨੁਸਾਰ ਅਤੇ ਮੈਂਬਰਾਂ ਦੀ ਨਾਮਜ਼ਦਗੀ ਐਕਟ ਦੀ ਧਾਰਾ 3 ਦੀ ਮੱਦ 4 "The seats of the members of the Committee shall be filled by election, from amongst the elected members of the Panchayat at the district level and of the Municipalities in the district, and by nomination." ਅਨੁਸਾਰ ਕੀਤੀ ਜਾਂਦੀ ਹੈ। ਐਕਟ ਵਿਚ ਵਾਈਸ-ਚੇਅਰਮੈਨ ਲਗਾਉਣ ਦੀ ਕੋਈ ਵਿਵਸਥਾ ਨਹੀਂ ਹੈ।

(ਅ) ਜ਼ਿਲ੍ਹਾ ਯੋਜਨਾ ਕਮੇਟੀਆਂ ਦਾ ਕੰਮ-ਕਾਜ ਹੇਠਲੇ ਪੱਧਰ ਤੇ ਪੇਂਡੂ ਅਤੇ ਸ਼ਹਿਰੀ

*For Starred Question No. 1121 and reply thereto please see Appendix to this Debates

[ਵਿੱਤ ਮੰਤਰੀ]

ਖੇਤਰ ਦੇ ਲੋਕਾਂ ਦੀਆਂ ਸਥਾਨਕ ਜ਼ਰੂਰਤਾਂ ਨੂੰ ਪ੍ਰਭਾਵੀ ਢੰਗ ਨਾਲ ਹੱਲ ਕਰਨ ਲਈ ਸਕੀਮਾਂ ਨੂੰ ਤਿਆਰ ਕਰਨਾ, ਲਾਗੂ ਕਰਨਾ ਅਤੇ ਮੋਨੀਟਰਿੰਗ ਕਰਨਾ ਹੈ। ਜ਼ਿਲ੍ਹਾ ਯੋਜਨਾ ਕਮੇਟੀਆਂ ਦੇ ਵਿਸਥਾਰਪੂਰਵਕ ਕੰਮਾਂ ਦਾ ਵੇਰਵਾ ਅਨੁਲੱਗ (ੳ) ਅਨੁਸਾਰ ਨਾਲ ਨੱਥੀ ਕੀਤਾ ਜਾਂਦਾ ਹੈ।

ਅਨੁਲੱਗ-ੳ

ਜ਼ਿਲ੍ਹਾ ਯੋਜਨਾ ਕਮੇਟੀਆਂ ਦੇ ਕਾਰਜ

(ੳ) ਸ਼ਹਿਰੀ ਅਤੇ ਪੇਂਡੂ ਅਬਾਦੀ ਦੇ ਸਾਂਝੇ ਹਿੱਤਾਂ ਨੂੰ ਧਿਆਨ ਵਿਚ ਰੱਖਦੇ ਹੋਏ ਜਿਸ ਵਿਚ ਸਥਾਨਕ ਯੋਜਨਾ, ਪਾਣੀ ਦੀ ਵੰਡ ਤੇ ਹੋਰ ਕੁਦਰਤੀ ਅਤੇ ਭੌਤਿਕ ਸੋਮੇ, ਬੁਨਿਆਦੀ ਢਾਂਚੇ ਅਤੇ ਵਾਤਾਵਰਣ ਦੇ ਰੱਖ-ਰਖਾਵ ਦੇ ਸੰਗਠਿਤ ਵਿਕਾਸ, ਸਬੰਧਤ ਪੰਚਾਇਤਾਂ ਵੱਲੋਂ ਹੇਠਲੇ ਪੱਧਰ ਤੇ ਤਿਆਰ ਕੀਤੀਆਂ ਸਕੀਮਾਂ, ਵਿੱਤੀ ਅਤੇ ਹੋਰ ਵੱਖ ਵੱਖ ਉਪਲਬਧ ਸੋਮਿਆਂ ਦੀ ਖਰੜਾ ਵਿਕਾਸ ਯੋਜਨਾ ਤਿਆਰ ਕਰੇਗੀ;

(ਅ) ਕਮੇਟੀ ਆਪਣੇ ਕੋਲ ਉਪਲਬਧ ਅਤੇ ਰਾਜ ਸਰਕਾਰ ਵੱਲੋਂ ਮੁਹੱਈਆ ਕੀਤੇ ਸੋਮਿਆਂ ਨੂੰ ਧਿਆਨ ਵਿਚ ਰੱਖਦੇ ਹੋਏ ਤਰਜੀਹ ਦੇ ਅਧਾਰ ਤੇ ਸਕੀਮਾਂ ਤੇ ਪ੍ਰੋਗਰਾਮਾਂ ਦੀ ਸੂਚੀ ਤਿਆਰ ਕਰੇਗੀ;

(ੲ) ਸਹੀ ਢੰਗ ਨਾਲ ਵਿਕਾਸ ਸਕੀਮਾਂ, ਪ੍ਰੋਗਰਾਮਜ਼ ਅਤੇ ਪ੍ਰੋਜੈਕਟਾਂ ਨੂੰ ਲਾਗੂ ਕਰਨ ਲਈ ਯੋਗ ਤਰੀਕੇ ਅਪਣਾਏਗੀ;

(ਸ) ਪ੍ਰੋਜੈਕਟਾਂ ਦੀ ਪ੍ਰਗਤੀ ਦਾ ਮੁਲਅੰਕਣ ਕਰਨਾ;

(ਹ) ਪੰਚਾਇਤਾਂ ਅਤੇ ਮਿਉਂਸਪੈਲਟੀਜ਼ ਨੂੰ ਪ੍ਰੋਜੈਕਟਾਂ ਦੇ ਵਿਕਾਸ ਨੂੰ ਤੇਜ਼ੀ ਨਾਲ ਲਾਗੂ ਕਰਨ ਲਈ ਉਤਸ਼ਾਹਿਤ ਕਰੇਗੀ;

(ਕ) ਵਿਕਾਸ ਦੇ ਕੰਮਾਂ ਲਈ ਵਾਧੂ ਸੋਮੇ ਪੈਦਾ ਕਰਨ ਲਈ ਗੈਰ ਸਰਕਾਰੀ ਸੰਸਥਾਵਾਂ, ਗੈਰ ਭਾਰਤੀ ਵਸਨੀਕ, ਹੋਰ ਸੰਸਥਾਵਾਂ ਅਤੇ ਲੋਕਾਂ ਦੇ ਸਹਿਯੋਗ ਲਈ ਯਤਨ ਕਰੇਗੀ;

(ਖ) ਜ਼ਿਲ੍ਹਾ ਯੋਜਨਾ ਨਾਲ ਸਬੰਧਿਤ ਵੱਖ ਵੱਖ ਵਿਭਾਗਾਂ ਦੀਆਂ ਗਤੀਵਿਧੀਆਂ ਦਾ ਤਾਲਮੇਲ ਮੁਲਾਂਕਣ ਦਾ ਵਾਧੂ ਕਾਰਜ ਜੋ ਕਿ ਰਾਜ ਸਰਕਾਰ ਵੱਲੋਂ ਕਮੇਟੀ ਨੂੰ ਸੌਂਪਿਆ ਜਾਵੇਗਾ।

ਸ਼੍ਰੀ ਤਰਲੋਚਨ ਸਿੰਘ : ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਜਾਣਨਾ ਚਾਹੁੰਦਾ ਹਾਂ ਕਿ ਕਿੰਨੇ ਜ਼ਿਲ੍ਹਿਆਂ ਦੇ ਵਿਚ ਡਿਸਟ੍ਰਿਕਟ ਪਲਾਨਿੰਗ ਡਿਵੈਲਪਮੈਂਟ ਕਮੇਟੀਆਂ ਦੇ ਚੇਅਰਮੈਨ ਲਗਾ ਦਿੱਤੇ ਗਏ ਹਨ ਅਤੇ ਇਹ ਕਿਹੜੇ ਕਿਹੜੇ

ਹਨ? ਕੀ ਮੰਤਰੀ ਜੀ ਇਹ ਕਿਰਪਾ ਕਰਕੇ ਦੱਸਣਗੇ ਕਿ ਕਿੰਨੇ ਜ਼ਿਲ੍ਹਿਆਂ ਵਿਚ ਕਿਹੜੇ ਕਿਹੜੇ ਚੇਅਰਮੈਨ ਲਗਾਏ ਗਏ ਹਨ?

ਮੰਤਰੀ : ਸਪੀਕਰ ਸਾਹਿਬ, ਪਟਿਆਲਾ ਜ਼ਿਲ੍ਹੇ ਵਿਚ ਸ਼੍ਰੀ ਦੀਪਇੰਦਰ ਸਿੰਘ ਢਿੱਲੋਂ, ਫਤਿਹਗੜ੍ਹ ਸਾਹਿਬ ਜ਼ਿਲ੍ਹੇ ਵਿਚ ਸ਼੍ਰੀ ਜੋਗਿੰਦਰ ਪਾਲ ਸਿੰਗਲਾ , ਜਲੰਧਰ ਜ਼ਿਲ੍ਹੇ ਵਿਚ ਸ਼੍ਰੀ ਗੁਰਚਰਨ ਸਿੰਘ ਚੰਨੀ, ਕਪੂਰਥਲਾ ਜ਼ਿਲ੍ਹੇ ਵਿਚ ਸ਼੍ਰੀ ਸਰਬਜੀਤ ਸਿੰਘ ਮੱਕੜ, ਗੁਰਦਾਸਪੁਰ ਜ਼ਿਲ੍ਹੇ ਵਿਚ ਸ਼੍ਰੀਮਤੀ ਨੀਲਮ ਮਹੰਤ, ਸ੍ਰੀ ਮੁਕਤਸਰ ਸਾਹਿਬ ਜ਼ਿਲ੍ਹੇ ਵਿਚ ਸ਼੍ਰੀ ਹਰਦੀਪ ਸਿੰਘ ਢਿੱਲੋਂ, ਰੂਪਨਗਰ ਜ਼ਿਲ੍ਹੇ ਵਿਚ ਡਾ. ਪਰਮਿੰਦਰ ਸ਼ਰਮਾ, ਹੁਸ਼ਿਆਰਪੁਰ ਜ਼ਿਲ੍ਹੇ ਵਿਚ ਸ਼੍ਰੀ ਜਵਾਹਰ ਲਾਲ ਖੁਰਾਣਾ, ਸ਼ਹੀਦ ਭਗਤ ਸਿੰਘ ਨਗਰ ਜ਼ਿਲ੍ਹੇ ਵਿਚ ਸ਼੍ਰੀ ਸੁਖਵਿੰਦਰ ਸਿੰਘ ਸੁੱਖੀ, ਮਾਨਸਾ ਜ਼ਿਲ੍ਹੇ ਵਿਚ ਸ਼੍ਰੀ ਮੰਗਤ ਰਾਏ ਬਾਂਸਲ, ਅੰਮ੍ਰਿਤਸਰ ਜ਼ਿਲ੍ਹੇ ਵਿਚ ਸ਼੍ਰੀ ਵੀਰ ਸਿੰਘ ਲੋਪੋਕੇ, ਲੁਧਿਆਣਾ ਜ਼ਿਲ੍ਹੇ ਵਿਚ ਸ਼੍ਰੀ ਹੀਰਾ ਸਿੰਘ ਗਾਬੜੀਆ, ਤਰਨਤਾਰਨ ਜ਼ਿਲ੍ਹੇ ਵਿਚ ਸ਼੍ਰੀ ਰਾਜਿੰਦਰ ਸਿੰਘ ਬ੍ਰਹਮਪੁਰਾ, ਫਿਰੋਜ਼ਪੁਰ ਜ਼ਿਲ੍ਹੇ ਵਿਚ ਸ਼੍ਰੀ ਦੌਲਤ ਰਾਮ ਕੰਬੋਜ, ਫਾਜ਼ਿਲਕਾ ਜ਼ਿਲ੍ਹੇ ਵਿਚ ਸ਼੍ਰੀ ਪ੍ਰੇਮ ਕੁਮਾਰ ਬਗੀਚਾ ਅਤੇ ਪਠਾਨਕੋਟ ਜ਼ਿਲ੍ਹੇ ਵਿਚ ਸ਼੍ਰੀ ਸਤੀਸ਼ ਮਹਾਜਨ ਲਗਾਏ ਗਏ ਹਨ। ਪੰਜ ਸੀਟਾਂ ਅਜੇ ਵੇਕੈਂਟ ਹਨ।

ਸ਼੍ਰੀ ਤਰਲੋਚਨ ਸਿੰਘ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਸਾਹਿਬ ਤੋਂ ਜਾਣਨਾ ਚਾਹੁੰਦਾ ਹਾਂ ਕਿ ਜਿਹੜੇ ਇਨ੍ਹਾਂ ਨੇ ਚੇਅਰਮੈਨ ਲਗਾਏ ਹਨ, ਉਨ੍ਹਾਂ ਦੇ ਨਾਲ ਕਿੰਨੇ ਕਿੰਨੇ ਡਿਸਟ੍ਰਿਕਟ-ਵਾਈਜ਼ ਮੈਂਬਰ ਲਗਾਏ ਗਏ ਹਨ।

ਮੰਤਰੀ : ਸਪੀਕਰ ਸਾਹਿਬ, ਕੁਝ ਮੈਂਬਰ ਨਾਮੀਨੇਟ ਹੁੰਦੇ ਹਨ। ਉਨ੍ਹਾਂ ਦਾ ਵੇਰਵਾ ਤਾਂ ਮੈਂਬਰ ਸਾਹਿਬ ਨੇ ਮੰਗਿਆ ਨਹੀਂ ਸੀ, ਉਹ ਮੈਂ ਨਹੀਂ ਲੈ ਕੇ ਆਇਆ। ਬਾਕੀ ਜਿਹੜੇ ਇਲੈਕਟਡ ਮੈਂਬਰ ਹੁੰਦੇ ਹਨ, ਉਨ੍ਹਾਂ ਦੀ ਪ੍ਰਕਿਰਿਆ ਇਹ ਹੈ ਕਿ 4/5 ਮੈਂਬਰ ਪਲਾਨਿੰਗ ਕਮੇਟੀਆਂ ਵਿਚੋਂ ਇਲੈਕਟਡ ਹੋਣਗੇ। ਉਹ ਸ਼ਹਿਰੀ ਤੇ ਪੇਂਡੂ ਅਨੁਪਾਤ ਦੇ ਮੁਤਾਬਿਕ ਮਿਉਂਸਪਲ ਕਮੇਟੀਆਂ ਵਿਚੋਂ ਅਤੇ ਜ਼ਿਲ੍ਹਾ ਪ੍ਰੀਸ਼ਦਾਂ ਵਿਚੋਂ ਇਲੈਕਟ ਹੋ ਕੇ ਆਉਂਦੇ ਹਨ। ਮਿਉਂਸਪਲ ਕਮੇਟੀਆਂ ਤਾਂ ਭੰਗ ਹਨ, ਉਨ੍ਹਾਂ ਵਿਚੋਂ ਤਾਂ ਮੈਂਬਰ ਨਹੀਂ ਹਨ। ਜ਼ਿਲ੍ਹਾ ਪ੍ਰੀਸ਼ਦਾਂ ਵਿਚੋਂ ਜਿਹੜੇ ਮੈਂਬਰ ਇਲੈਕਟ ਹੋਣੇ ਹਨ, ਉਨ੍ਹਾਂ ਮੈਂਬਰਾਂ ਦੀ ਅਜੇ ਪ੍ਰਕਿਰਿਆ ਰਹਿੰਦੀ ਹੈ।

ਸ਼੍ਰੀ ਤਰਲੋਚਨ ਸਿੰਘ: ਸਪੀਕਰ ਸਾਹਿਬ, ਮੇਰੀ ਸਪਲੀਮੈਂਟਰੀ ਹੈ ਕਿ.....

ਮਾਨਯੋਗ ਸਪੀਕਰ : ਤੁਹਾਡੀਆਂ ਦੋ ਸਪਲੀਮੈਂਟਰੀਆਂ ਹੋ ਗਈਆਂ ਹਨ। ਹੁਣ ਬੀਬੀ (ਸ਼੍ਰੀਮਤੀ ਗੁਰਇਕਬਾਲ ਕੌਰ) ਜੀ ਨੂੰ ਪੁੱਛ ਲੈਣ ਦਿਉ। ਫਿਰ ਦੇਖਾਂਗੇ।

ਸ਼੍ਰੀਮਤੀ ਗੁਰਇਕਬਾਲ ਕੌਰ : ਸਪੀਕਰ ਸਾਹਿਬ, ਮੈਂ ਆਪ ਜੀ ਦੀ ਪਰਮਿਸ਼ਨ ਨਾਲ ਪੁੱਛਣਾ ਚਾਹੁੰਦੀ ਹਾਂ ਕਿ ਸਾਡੇ ਨਵਾਂਸ਼ਹਿਰ ਜ਼ਿਲ੍ਹੇ (ਸ਼ਹੀਦ ਭਗਤ ਸਿੰਘ ਨਗਰ) ਜਿਹੜੇ ਸ਼੍ਰੀ ਸੁਖਵਿੰਦਰ ਸਿੰਘ ਸੁੱਖੀ ਹਨ, ਕੀ ਉਹ ਪੈਰਾਸ਼ੂਟ ਰਾਹੀਂ ਉਤਾਰੇ ਗਏ ਹਨ ਜਾਂ ....

ਮਾਨਯੋਗ ਸਪੀਕਰ : ਨਹੀਂ ਜੀ, ਇਹ ਕੋਈ ਸਪਲੀਮੈਂਟਰੀ ਨਹੀਂ ਹੈ।

ਸਰਦਾਰ ਬਲਬੀਰ ਸਿੰਘ ਸਿੱਧੂ : ਸਪੀਕਰ ਸਾਹਿਬ, ** ** **

ਮਾਨਯੋਗ ਸਪੀਕਰ : ਇਹ ਕੋਈ ਸਪਲੀਮੈਂਟਰੀ ਨਹੀਂ ਹੈ। Not to be recorded. ਅਗਲਾ ਸਵਾਲ ਸ਼੍ਰੀ ਕੋਟਫੱਤਾ ਜੀ।

ਹਲਕਾ ਬਠਿੰਡਾ ਵਿੱਚ ਲਸਾੜਾ ਡ੍ਰੇਨ ਉੱਤੇ ਲਗਾਏ ਗਏ ਬੰਨ੍ਹ ਨੂੰ ਹਟਾਉਣਾ

***1008. ਸਰਦਾਰ ਦਰਸ਼ਨ ਸਿੰਘ ਕੋਟਫੱਤਾ :** ਕੀ ਸਿੰਜਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਹਲਕਾ ਬਠਿੰਡਾ ਦਿਹਾਤੀ ਵਿੱਚੋਂ ਲੰਘਦੀ ਲਸਾੜਾ ਡਰੇਨ ਉੱਤੇ ਪਿੰਡ ਡੂਮਵਾਲੀ ਕੋਲ ਹਰਿਆਣਾ ਸਰਕਾਰ ਨੇ ਬੰਨ੍ਹ ਲਾ ਦਿੱਤਾ ਹੈ, ਜਿਸ ਨਾਲ ਬਾਰਸ਼ਾਂ ਵਿੱਚ ਪਾਣੀ ਜਮ੍ਹਾਂ ਹੋ ਕੇ ਫਲੱਡ ਦਾ ਖਤਰਾ ਬਣ ਜਾਂਦਾ ਹੈ; ਜੇਕਰ ਅਜਿਹਾ ਹੋਵੇ ਤਾਂ ਰਾਜ ਸਰਕਾਰ ਵੱਲੋਂ ਉਪਰੋਕਤ ਲਗਾਏ ਗਏ ਇਸ ਬੰਨ੍ਹ ਨੂੰ ਹਟਵਾਉਣ ਲਈ ਹੁਣ ਤੱਕ ਕੀਤੀ ਗਈ ਕਾਰਵਾਈ ਦੇ ਵੇਰਵੇ ਕੀ ਹਨ ?

ਸਰਦਾਰ ਜਨਮੇਜਾ ਸਿੰਘ ਸੇਖੋਂ : ਹਾਂ, ਸ੍ਰੀਮਾਨ ਜੀ, ਇਹ ਠੀਕ ਹੈ ਕਿ ਹਰਿਆਣਾ ਵਿੱਚ ਲਸਾੜਾ ਨਾਲੇ ਤੇ ਬੰਨ੍ਹ ਉਸਾਰਿਆ ਗਿਆ ਹੈ, ਜਿਸ ਕਾਰਨ ਬਰਸਾਤਾਂ ਦੌਰਾਨ ਪਾਣੀ ਦੀ ਨਿਕਾਸੀ ਰੁਕਣ ਕਾਰਨ ਪੰਜਾਬ ਖੇਤਰ ਵਿੱਚ ਹੜ੍ਹਾਂ ਦਾ ਖਤਰਾ ਬਣ ਜਾਂਦਾ ਹੈ । ਮਾਨਯੋਗ ਮੁੱਖ ਮੰਤਰੀ, ਪੰਜਾਬ ਜੀ ਨੇ ਮਿਤੀ 19.6.2012 ਨੂੰ ਸ਼੍ਰੀ ਭੁਪਿੰਦਰ ਸਿੰਘ ਹੁੱਡਾ, ਮੁੱਖ ਮੰਤਰੀ, ਹਰਿਆਣਾ ਨੂੰ ਇਸ ਨਾਲੇ ਤੇ ਲਾਏ ਬੰਨ ਨੂੰ ਹਟਾਉਣ ਲਈ ਅਤੇ ਹਰਿਆਣਾ ਰਾਜ ਵਿੱਚ ਮੁੜ ਖੁਦਾਈ ਕਰਨ ਲਈ ਲਿਖਿਆ ਹੈ, ਜਿਸ ਤੇ ਮੁੱਖ ਮੰਤਰੀ, ਹਰਿਆਣਾ ਵੱਲੋਂ ਮਿਤੀ 25.6.2012 ਨੂੰ ਮਾਨਯੋਗ ਮੁੱਖ ਮੰਤਰੀ, ਪੰਜਾਬ ਜੀ ਨੂੰ ਇਹ ਆਸ਼ਵਾਸਨ ਦਿੱਤਾ ਗਿਆ ਹੈ ਕਿ ਉਹ ਇਸ ਵਿਸ਼ੇ ਤੇ ਗੌਰ ਕਰ ਰਹੇ ਹਨ। ਇਸ ਦੇ ਨਾਲ ਲੋੜ ਪੈਣ ਤੇ ਕਾਨੂੰਨੀ ਰਸਤਾ ਅਖਤਿਆਰ ਕਰਨ ਲਈ ਪਹਿਲਾਂ ਹੀ ਐਡਵੋਕੇਟ ਜਨਰਲ, ਪੰਜਾਬ ਤੋਂ ਕਨੂੰਨੀ ਰਾਇ ਲਈ ਜਾ ਰਹੀ ਹੈ ।

ਸਰਦਾਰ ਦਰਸ਼ਨ ਸਿੰਘ ਕੋਟਫੱਤਾ : ਸਪੀਕਰ ਸਾਹਿਬ, ਉੱਥੇ ਪਾਣੀ ਜਦੋਂ ਬਹੁਤ ਜ਼ਿਆਦਾ ਸਟੈਗਨੇਟ ਹੋ ਜਾਂਦਾ ਹੈ ਤਾਂ ਉਸ ਨਾਲ ਫਸਲਾਂ ਦਾ ਕਾਫੀ ਨੁਕਸਾਨ ਹੁੰਦਾ ਹੈ। ਇਸ ਲਈ ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਨ੍ਹਾਂ ਫਸਲਾਂ ਦੇ ਨੁਕਸਾਨ ਦੀ ਭਰਪਾਈ ਦੇਣ ਵਾਸਤੇ ਮਹਿਕਮਾ ਕਿਸੇ ਦੀ ਜ਼ਿੰਮੇਵਾਰੀ ਫਿਕਸ ਕਰੇਗਾ ?

ਮੰਤਰੀ : ਸਪੀਕਰ ਸਾਹਿਬ, ਅਸੀਂ ਤਾਂ ਉਪਰਾਲੇ ਕਰ ਸਕਦੇ ਹਾਂ। ਅਸੀਂ ਇਸ ਮਸਲੇ ਨੂੰ ਘੱਗਰ ਕਮੇਟੀ ਵਿੱਚ ਵੀ ਲੈ ਕੇ ਗਏ ਹਾਂ ਜਿਹੜੀ ਕਿ ਤਿੰਨ ਸਟੇਟਾਂ ਦੀ ਬਣੀ ਹੋਈ ਹੈ। ਅਸੀਂ ਪੁਰਜ਼ੋਰ ਕੋਸ਼ਿਸ਼ ਕਰ ਰਹੇ ਹਾਂ ਕਿ ਇਸ ਨੂੰ ਖੁਲ੍ਹਵਾਇਆ ਜਾਵੇ ਕਿਉਂਕਿ ਇਹ ਬੜਾ ਅਹਿਮ ਮਸਲਾ ਹੈ।

**Not recorded as ordered by the Chair

ਮਾਨਯੋਗ ਸਪੀਕਰ : ਉਹ ਕਹਿ ਰਹੇ ਹਨ ਕਿ ਜਿਹੜੀ ਤਬਾਹੀ ਹੋਈ ਹੈ .....

ਮੰਤਰੀ : ਉਹ ਰੈਵੇਨਿਊ ਡਿਪਾਰਟਮੈਂਟ ਨੇ ਦੇਣਾ ਹੈ, ਅਸੀਂ ਨਹੀਂ ਦੇਣਾ ।

ਸਰਦਾਰ ਦਰਸ਼ਨ ਸਿੰਘ ਕੋਟਫੱਤਾ : ਸਪੀਕਰ ਸਾਹਿਬ, ਭਾਵੇਂ ਇਹ ਮੁਆਵਜ਼ਾ ਰੈਵੇਨਿਊ ਡਿਪਾਰਟਮੈਂਟ ਨੇ ਦੇਣਾ ਹੈ ਪਰ ਇਹ ਮੁਆਵਜ਼ਾ ਇਰੀਗੇਸ਼ਨ ਡਿਪਾਰਟਮੈਂਟ ਰਾਹੀਂ ਹੀ ਜਾਵੇਗਾ, ਜੇ ਤੁਸੀਂ ਕੋਈ ਇਸ ਦਾ ਪ੍ਰੋਵੀਜ਼ਨ ਕਰੋਗੇ, ਨਹੀਂ ਤਾਂ ਹੁਣ ਗੱਲ ਘਚੋਲ ਵਿੱਚ ਪੈ ਗਈ ਹੈ।

ਮਾਨਯੋਗ ਸਪੀਕਰ : ਕੀ ਆਪਾਂ ਕੋਈ ਪ੍ਰੋਵੀਜ਼ਨ ਕਰ ਸਕਦੇ ਹਾਂ ?

ਮੰਤਰੀ : ਸਪੀਕਰ ਸਾਹਿਬ, ਜਿੱਥੇ ਕੋਈ ਫਸਲ ਮਰ ਜਾਂਦੀ ਹੈ ਤਾਂ ਉਸ ਦੀ ਸਪੈਸ਼ਲ ਗਿਰਦਾਵਰੀ ਹੁੰਦੀ ਹੈ। ਫਿਰ ਰੈਵੇਨਿਊ ਡਿਪਾਰਟਮੈਂਟ ਉਸ ਦਾ ਮੁਆਵਜ਼ਾ ਦਿੰਦਾ ਹੈ ।

ਕੋਟਫੱਤਾ ਵਿਖੇ ਸਰਕਾਰੀ ਹਸਪਤਾਲ ਦੀ ਉਸਾਰੀ ਕਰਨਾ

*1007. **ਸਰਦਾਰ ਦਰਸ਼ਨ ਸਿੰਘ ਕੋਟਫੱਤਾ :** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:

ੳ) ਕੀ ਇਹ ਠੀਕ ਹੈ ਕਿ ਮਿਉਂਸਪਲ ਕਮੇਟੀ, ਕੋਟਫੱਤਾ ਵੱਲੋਂ ਕੋਟਫੱਤਾ ਵਿਖੇ ਇੱਕ ਸਰਕਾਰੀ ਹਸਪਤਾਲ ਉਸਾਰਨ ਲਈ 3 ਕਿੱਲੇ ਜ਼ਮੀਨ ਸਬੰਧਿਤ ਵਿਭਾਗ ਨੂੰ ਦਿੱਤੀ ਗਈ ਹੈ ?

ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਹਾਂ ਵਿੱਚ ਹੋਵੇ ਤਾਂ ਸਰਕਾਰ ਵੱਲੋਂ ਇੱਥੇ ਹਸਪਤਾਲ ਉਸਾਰਨ ਲਈ ਹੁਣ ਤੱਕ ਕੀਤੀ ਗਈ ਕਾਰਵਾਈ ਦੇ ਵੇਰਵੇ ਕੀ ਹਨ ?

ਸ਼੍ਰੀ ਸੁਰਜੀਤ ਕੁਮਾਰ ਜਿਆਨੀ : ਸ਼੍ਰੀਮਾਨ ਜੀ,

ੳ) ਹਾਂ ਜੀ।

ਅ) ਕੋਟਫੱਤਾ ਵਿਖੇ 30 ਬਿਸਤਰਿਆਂ ਦੀ ਸਮਰੱਥਾ ਵਾਲੇ ਕਮਿਊਨਿਟੀ ਹੈਲਥ ਸੈਂਟਰ ਦੀ ਉਸਾਰੀ ਲਈ ਤਜਵੀਜ਼ ਤਿਆਰ ਕੀਤੀ ਜਾ ਰਹੀ ਹੈ, ਜਿਸ ਲਈ 7.50 ਕਰੋੜ ਰੁਪਏ ਦੀ ਲੋੜ ਹੈ। ਲੋੜੀਂਦੇ ਫੰਡਾਂ ਦਾ ਪ੍ਰਬੰਧ ਹੋਣ ਉਪਰੰਤ ਕੰਮ ਕਰਵਾ ਦਿੱਤਾ ਜਾਵੇਗਾ ਜੀ।

ਸਰਦਾਰ ਦਰਸ਼ਨ ਸਿੰਘ ਕੋਟਫੱਤਾ : ਸਪੀਕਰ ਸਾਹਿਬ, ਜਦੋਂ ਇਹ

[ਸਰਦਾਰ ਦਰਸ਼ਨ ਸਿੰਘ ਕੋਟਫੱਤਾ]

ਹਸਪਤਾਲ ਪਰਪੋਜ਼ ਹੋਇਆ ਸੀ ਤਾਂ ਉਸ ਵੇਲੇ ਸਰਦਾਰ ਹਰਚਰਨ ਸਿੰਘ ਜੀ ਬਰਾੜ ਸਾਹਿਬ ਪੰਜਾਬ ਦੇ ਮੁੱਖ ਮੰਤਰੀ ਸਨ। ਉਨ੍ਹਾਂ ਦੇ ਕੋਟਫੱਤੇ ਨਾਨਕੇ ਹਨ। ਉਨ੍ਹਾਂ ਨੇ ਕੁਮਿਟਮੈਂਟ ਕੀਤੀ ਸੀ ਕਿ ਅਸੀਂ ਆਪਣੀ ਟੈਨਿਓਰ ਵਿੱਚ ਹਸਪਤਾਲ ਬਣਾ ਕੇ ਦੇਵਾਂਗੇ। ਇਸ ਗੱਲ ਨੂੰ ਵੀ 12-13 ਸਾਲ ਹੋ ਗਏ ਹਨ ਪਰ ਕੋਈ ਕੰਕਰੀਟ ਸਟੈਪ ਨਹੀਂ ਲਿਆ ਗਿਆ। ਮੈਂ ਜਦੋਂ ਵੀ ਉਥੇ ਜਾਂਦਾ ਹਾਂ ਤਾਂ ਮੈਨੂੰ ਉਥੇ ਲੋਕਾਂ ਅੱਗੇ ਜਵਾਬਦੇਹ ਹੋਣਾ ਪੈਂਦਾ ਹੈ। ਇੱਕ-ਡੇਢ ਕਰੋੜ ਦੀ ਜ਼ਮੀਨ ਡਿਪਾਰਟਮੈਂਟ ਨੂੰ ਪਹਿਲਾਂ ਹੀ ਦਿੱਤੀ ਹੋਈ ਹੈ ਪਰ ਉਹ ਜ਼ਮੀਨ ਵੀ ਬੰਜਰ ਹੋ ਗਈ ਹੈ ।

ਮਾਨਯੋਗ ਸਪੀਕਰ : ਜਿਆਨੀ ਸਾਹਿਬ, ਕੀ ਆਪਾਂ ਕੁਝ ਕਰ ਸਕਦੇ ਹਾਂ ?

ਮੰਤਰੀ : ਸਪੀਕਰ ਸਾਹਿਬ, ਪੈਸੇ ਦਾ ਬੰਦੋਬਸਤ ਹੋਣ ਤੇ ਨਾਲ ਦੀ ਨਾਲ ਇਹ ਹਸਪਤਾਲ ਬਣਾ ਦੇਵਾਂਗੇ। ਗੱਲ ਤਾਂ ਪੈਸੇ ਦੀ ਹੈ। (ਹਾਸਾ) ਸਪੀਕਰ ਸਾਹਿਬ, ਇਹ ਗੱਲ ਨਹੀਂ ਕਹੀ ਜਾ ਸਕਦੀ ਬਲਕਿ ਪੰਜਾਬ ਵਿੱਚ ਜਿੰਨੇ ਵੀ ਕੰਮ ਹੋਏ ਹਨ, ਉਨੇ ਕਦੇ ਕਾਂਗਰਸ ਪਾਰਟੀ ਦੀ ਸਰਕਾਰ ਵੇਲੇ ਨਹੀਂ ਹੋਏ, ਸਾਰੇ ਕੰਮ ਸਾਨੂੰ ਹੀ ਕਰਵਾਉਣੇ ਪੈਂਦੇ ਹਨ। ਜਦੋਂ ਪੈਸੇ ਆ ਜਾਣਗੇ ਤਾਂ ਇਹ ਕੰਮ ਵੀ ਕਰਵਾ ਦਿਆਂਗੇ। ਇਹ ਮੈਂ ਵਿਸ਼ਵਾਸ ਦਿਵਾਉਂਦਾ ਹਾਂ। (ਹਾਸਾ) (ਵਿਘਨ)

ਸਕੂਲਾਂ ਨੂੰ ਅੱਪਗ੍ਰੇਡ ਕਰਨਾ

***1002. ਸਰਦਾਰ ਗੁਰਤੇਜ ਸਿੰਘ ਘੁੜਿਆਣਾ :** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਰਾਜ ਵਿੱਚ ਚਾਲੂ ਵਿੱਤੀ ਸਾਲ ਜਾਂ ਅਗਲੇ ਵਿੱਤੀ ਸਾਲ ਦੌਰਾਨ ਸਕੂਲਾਂ ਨੂੰ ਅੱਪ-ਗ੍ਰੇਡ ਕਰਨ ਲਈ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ ਤਾਂ ਇਸ ਦੇ ਵੇਰਵੇ ਕੀ ਹਨ ?

ਸਰਦਾਰ ਸਿਕੰਦਰ ਸਿੰਘ ਮਲੂਕਾ : ਹਾਂ ਜੀ।

ਰਾਜ ਵਿੱਚ ਚਾਲੂ ਵਿੱਤੀ ਸਾਲ 2013-14 ਦੌਰਾਨ ਭਾਰਤ ਸਰਕਾਰ ਵੱਲੋਂ ਸਰਵ ਸਿੱਖਿਆ ਅਭਿਆਨ ਅਧੀਨ 15 ਪ੍ਰਾਇਮਰੀ ਤੋਂ ਮਿਡਲ ਸਕੂਲ ਅਪਗ੍ਰੇਡ ਕਰਨ ਲਈ ਪ੍ਰਵਾਨ ਕੀਤੇ ਗਏ ਹਨ (ਅਨੁਲੱਗ ੳ) ਅਤੇ ਰਾਸ਼ਟਰੀ ਮਾਧਮਿਕ ਸਿੱਖਿਆ ਅਭਿਆਨ ਅਧੀਨ 42 ਸਕੂਲ ਅੱਪਗ੍ਰੇਡ ਕੀਤੇ ਗਏ ਹਨ (ਅਨੁਲੱਗ ਅ)। ਅਗਲੇ ਵਿੱਤੀ ਸਾਲ 2014-15 ਲਈ ਸਰਵੇ ਕੀਤਾ ਜਾ ਰਿਹਾ ਹੈ, ਜਿਸ ਉਪਰੰਤ ਪ੍ਰਾਇਮਰੀ ਤੋਂ ਮਿਡਲ ਸਕੂਲ, ਮਿਡਲ ਤੋਂ ਹਾਈ ਸਕੂਲਾਂ ਨੂੰ ਅੱਪਗ੍ਰੇਡ ਕਰਨ ਦੀਆਂ ਤਜਵੀਜ਼ਾਂ ਸਬੰਧਤ ਸਕੀਮਾਂ ਤਹਿਤ ਵਿਚਾਰੀਆਂ ਜਾਣਗੀਆਂ।

ਅਨੁਲੱਗ ੳ

ਭਾਰਤ ਸਰਕਾਰ ਵੱਲੋਂ ਸਰਵ ਸਿੱਖਿਆ ਅਭਿਆਨ ਅਧੀਨ ਸਾਲ 2013-14 ਵਿੱਚ ਅਪਰੂਵ ਪ੍ਰਾਇਮਰੀ ਤੋਂ ਮਿਡਲ ਅਪਗ੍ਰੇਡ ਹੋਏ ਸਕੂਲਾਂ ਦੀ ਸੂਚੀ

ਲੜੀ ਨੰ:	ਜ਼ਿਲ੍ਹਾ	ਬਲਾਕ	ਸਕੂਲ ਦਾ ਨਾਮ
1	ਬਠਿੰਡਾ	ਸੰਗਤ	ਫੂਲ ਮਿੱਠੀ
2	ਫਰੀਦਕੋਟ	ਕੋਟਕਪੂਰਾ	ਕੋਠੇ ਛਿੱਬੀਆਂ
3	ਲੁਧਿਆਣਾ	ਲੁਧਿਆਣਾ-2	ਚੂਹੜਵਾਲ
4		ਮਾਛੀਵਾੜਾ	ਮੰਡ ਗੂਣਸਗੜ੍ਹ
5	ਮੁਕਤਸਰ	ਗਿੱਦੜਬਾਹਾ	ਲੰਡੇਵਾਲਾ
6		ਲੰਬੀ	ਸਹਿਣਾ ਖੇੜਾ
7	ਪਠਾਨਕੋਟ	ਪਠਾਨਕੋਟ	ਸੁਕਾਲਗੜ੍ਹ
8		ਪਠਾਨਕੋਟ	ਢੱਕੀ ਸੈਦਾ
9		ਪਠਾਨਕੋਟ	ਲਾਹੜੀ ਬ੍ਰਹਾਮਣਾ
10		ਪਠਾਨਕੋਟ	ਚੱਕ ਮਨਹਾਸਾ
11		ਧਾਰ ਕਲਾਂ	ਬਹੇੜੀ ਬਜੁਰਗ
12		ਧਾਰ ਕਲਾਂ	ਝੰਜੇਲੀ
13		ਧਾਰ ਕਲਾਂ	ਮਿਰਜਾ ਪੁਰ
14		ਧਾਰ ਕਲਾਂ	ਜੈਣੀ ਨਿਚਲੀ
15	ਰੋਪੜ	ਅਨੰਦਪੁਰ ਸਾਹਿਬ	ਰਾਏਪੁਰ ਸਹਾਣੀ

ਅਨੁੱਲਗ ਅ

ਸਾਲ 2013-14 ਵਿੱਚ 42 ਸਕੂਲ ਜੋ ਮਿਡਲ ਤੋਂ ਹਾਈ ਅੱਪਗ੍ਰੇਡ ਹੋਏ ਹਨ

ਲੜੀ ਨੰ	ਜ਼ਿਲ੍ਹੇ ਦਾ ਨਾਮ	ਸਕੂਲ ਦਾ ਨਾਮ
1	ਅੰਮ੍ਰਿਤਸਰ	ਸਰਕਾਰੀ ਮਿਡਲ ਸਕੂਲ ਕੀਲਾਂ ਜੀਵਨ ਸਿੰਘ
2	ਅੰਮ੍ਰਿਤਸਰ	ਸਰਕਾਰੀ ਮਿਡਲ ਸਕੂਲ ਹੇਤਮਪੁਰਾ
3	ਅੰਮ੍ਰਿਤਸਰ	ਸਰਕਾਰੀ ਮਿਡਲ ਸਕੂਲ ਦਾਉਂਕੇ

4	ਬਰਨਾਲਾ	ਸਰਕਾਰੀ ਮਿਡਲ ਸਕੂਲ ਵਿਦਿਆਤਾ
5	ਬਠਿੰਡਾ	ਸਰਕਾਰੀ ਮਿਡਲ ਸਕੂਲ ਕੋਠੇ ਨੱਥਾ ਵਾਲਾ
6	ਬਠਿੰਡਾ	ਸਰਕਾਰੀ ਮਿਡਲ ਸਕੂਲ ਨਸੀਬਪੁਰਾ (ਕੇਲੇ ਭੰਡੇਰ)
7	ਬਠਿੰਡਾ	ਸਰਕਾਰੀ ਮਿਡਲ ਸਕੂਲ ਬੰਬੀਹਾ
8	ਬਠਿੰਡਾ	ਸਰਕਾਰੀ ਮਿਡਲ ਸਕੂਲ ਕੋਟਲੀ ਖੁਰਦ
9	ਫਿਰੋਜ਼ਪੁਰ	ਸਰਕਾਰੀ ਮਿਡਲ ਸਕੂਲ ਵਾਹਗੇ ਵਾਲਾ
10	ਫਰੀਦਕੋਟ	ਸਰਕਾਰੀ ਮਿਡਲ ਸਕੂਲ ਸਾਧਾਂ ਵਾਲਾ
11	ਫਰੀਦਕੋਟ	ਸਰਕਾਰੀ ਮਿਡਲ ਸਕੂਲ ਨਵੀਂ ਪਿਪਲੀ
12	ਫਾਜਿਲਕਾ	ਸਰਕਾਰੀ ਮਿਡਲ ਸਕੂਲ ਬਹਾਦਰ ਖੇੜਾ
13	ਗੁਰਦਾਸਪੁਰ	ਸਰਕਾਰੀ ਮਿਡਲ ਸਕੂਲ ਹਵੇਲੀ
14	ਗੁਰਦਾਸਪੁਰ	ਸਰਕਾਰੀ ਮਿਡਲ ਸਕੂਲ ਜਗਤਪੁਰ ਕਲਾਂ
15	ਗੁਰਦਾਸਪੁਰ	ਸਰਕਾਰੀ ਮਿਡਲ ਸਕੂਲ ਦੁਘਰੀ
16	ਹੁਸ਼ਿਆਰਪੁਰ	ਸਰਕਾਰੀ ਮਿਡਲ ਸਕੂਲ ਬਾਰਾਪੁਰ
17	ਹੁਸ਼ਿਆਰਪੁਰ	ਸਰਕਾਰੀ ਮਿਡਲ ਸਕੂਲ ਗਾੜ੍ਹੀ ਮੁਤੋਂ
18	ਹੁਸ਼ਿਆਰਪੁਰ	ਸਰਕਾਰੀ ਮਿਡਲ ਸਕੂਲ ਪੁਰੀਕਾ
19	ਹੁਸ਼ਿਆਰਪੁਰ	ਸਰਕਾਰੀ ਮਿਡਲ ਸਕੂਲ ਦਾਦਾ
20	ਹੁਸ਼ਿਆਰਪੁਰ	ਸਰਕਾਰੀ ਮਿਡਲ ਸਕੂਲ ਬਰੂਹੀ
21	ਲੁਧਿਆਣਾ	ਸਰਕਾਰੀ ਮਿਡਲ ਸਕੂਲ ਮੱਛੀਆਂ ਕਲਾਂ
22	ਲੁਧਿਆਣਾ	ਸਰਕਾਰੀ ਮਿਡਲ ਸਕੂਲ ਸਸਰਾਲੀ ਕਲੋਨੀ
23	ਮਾਨਸਾ	ਸਰਕਾਰੀ ਮਿਡਲ ਸਕੂਲ ਚੱਕਰੀਆਂ
24	ਮੋਹਾਲੀ	ਸਰਕਾਰੀ ਮਿਡਲ ਸਕੂਲ ਨਵਾਂ ਸ਼ਹਿਰ ਬਡਾਲਾ
25	ਮੁਕਤਸਰ	ਸਰਕਾਰੀ ਮਿਡਲ ਸਕੂਲ ਦੋਦਾਵਾਲੀ
26	ਮੁਕਤਸਰ	ਸਰਕਾਰੀ ਮਿਡਲ ਸਕੂਲ ਬਰਖੰਡੀ
27	ਮੁਕਤਸਰ	ਸਰਕਾਰੀ ਮਿਡਲ ਸਕੂਲ ਬਨਵਾਲਾ ਅਨੁਕਾ
28	ਮੁਕਤਸਰ	ਸਰਕਾਰੀ ਮਿਡਲ ਸਕੂਲ ਬੁਟਰ ਸ਼ਰੀਹ

29	ਪਠਾਨਕੋਟ	ਸਰਕਾਰੀ ਮਿਡਲ ਸਕੂਲ ਰਾਨੀਪੁਰ
30	ਪਠਾਨਕੋਟ	ਸਰਕਾਰੀ ਮਿਡਲ ਸਕੂਲ ਖੜਕਰਾ ਠੁਠੋਵਾਲ
31	ਪਠਾਨਕੋਟ	ਸਰਕਾਰੀ ਮਿਡਲ ਸਕੂਲ ਕੋਹਲੀਆਂ
32	ਪਟਿਆਲਾ	ਸਰਕਾਰੀ ਮਿਡਲ ਸਕੂਲ ਦੁਤਲ
33	ਪਟਿਆਲਾ	ਸਰਕਾਰੀ ਮਿਡਲ ਸਕੂਲ ਸਹਿਜਪੁਰ ਕਲਾ
34	ਪਟਿਆਲਾ	ਸਰਕਾਰੀ ਮਿਡਲ ਸਕੂਲ ਭਾਨਰਾ
35	ਪਟਿਆਲਾ	ਸਰਕਾਰੀ ਮਿਡਲ ਸਕੂਲ ਚੌੜਾ
36	ਪਟਿਆਲਾ	ਸਰਕਾਰੀ ਮਿਡਲ ਸਕੂਲ ਭੋਰੇ
37	ਪਟਿਆਲਾ	ਸਰਕਾਰੀ ਮਿਡਲ ਸਕੂਲ ਅਰਨੇਤੂ
38	ਸੰਗਰੂਰ	ਸਰਕਾਰੀ ਮਿਡਲ ਸਕੂਲ ਬਸੀਆਰਕ
39	ਸੰਗਰੂਰ	ਸਰਕਾਰੀ ਮਿਡਲ ਸਕੂਲ ਨੋਰੋਮਾਜਰਾ
40	ਸੰਗਰੂਰ	ਸਰਕਾਰੀ ਮਿਡਲ ਸਕੂਲ ਝਾੜੋਂ
41	ਤਰਨ ਤਾਰਨ	ਸਰਕਾਰੀ ਮਿਡਲ ਸਕੂਲ ਨੰਦਪੁਰ
42	ਤਰਨ ਤਾਰਨ	ਸਰਕਾਰੀ ਮਿਡਲ ਸਕੂਲ ਕਦ ਗਿਲ

ਸਰਦਾਰ ਗੁਰਤੇਜ ਸਿੰਘ ਘੁੜਿਆਣਾ : ਸਪੀਕਰ ਸਾਹਿਬ, ਪੰਜਾਬ ਵਿੱਚ ਜਿਹੜੇ ਸਕੂਲ ਅਪਗਰੇਡ ਕੀਤੇ ਜਾਂਦੇ ਹਨ, ਇਹ ਕਿਹੜੀਆਂ ਸ਼ਰਤਾਂ ਅਧੀਨ ਕੀਤੇ ਜਾਂਦੇ ਹਨ ?

ਮੰਤਰੀ : ਸਪੀਕਰ ਸਾਹਿਬ, ਸ਼ਰਤਾਂ ਇਸ ਪ੍ਰਕਾਰ ਹਨ : ਪ੍ਰਾਇਮਰੀ ਸਕੂਲ ਬਣਾਉਣ ਲਈ ਬੱਚਿਆਂ ਦੀ ਗਿਣਤੀ ਘੱਟੋ ਘੱਟ 20 ਹੋਵੇ। ਇਸ ਦੇ ਨਾਲ ਹੀ ਪਹਿਲੇ ਸਕੂਲ ਤੋਂ ਅੱਪਗਰੇਡ ਕਰਨ ਵਾਲੇ ਸਕੂਲ ਵਿੱਚ ਇੱਕ ਕਿਲੋਮੀਟਰ ਦਾ ਫਾਸਲਾ ਹੋਵੇ । ਜਿਹੜਾ ਸਕੂਲ ਪ੍ਰਾਇਮਰੀ ਤੋਂ ਮਿਡਲ ਕਰਨਾ ਹੈ, ਉਸ ਦਾ ਤਿੰਨ ਕਿਲੋਮੀਟਰ ਦਾ ਫਾਸਲਾ ਹੋਵੇ ਤੇ ਜਿਹੜਾ ਸਕੂਲ ਮਿਡਲ ਤੋਂ ਹਾਈ ਕਰਨਾ ਹੈ, ਉਸ ਦਾ ਪੰਜ ਕਿਲੋਮੀਟਰ ਤੱਕ ਦਾ ਫਾਸਲਾ ਹੋਵੇ। ਬਿਲਡਿੰਗ ਬਣੀ ਹੋਵੇ ਤੇ ਬੱਚਿਆਂ ਦੀ ਗਿਣਤੀ ਪੂਰੀ ਹੋਵੇ। ਇਹ ਸ਼ਰਤਾਂ ਹਨ।

ਸਰਦਾਰ ਗੁਰਤੇਜ ਸਿੰਘ ਘੁੜਿਆਣਾ : ਸਪੀਕਰ ਸਾਹਿਬ, ਪ੍ਰਾਇਮਰੀ ਤੋਂ ਮਿਡਲ ਸਕੂਲ ਅਪਗਰੇਡ ਹੋਏ ਹਨ ਤੇ ਮਿਡਲ ਤੋਂ ਹਾਈ ਸਕੂਲ ਵੀ ਅੱਪਗਰੇਡ ਹੋਏ ਹਨ ਪਰ ਮੈਂ ਪੁੱਛਣਾ ਚਾਹੁੰਦਾ ਹਾਂ ਕਿ ਹਾਈ ਤੋਂ ਸੀਨੀਅਰ ਸੈਕੰਡਰੀ ਕੋਈ ਵੀ ਸਕੂਲ ਅੱਪਗਰੇਡ ਨਾ ਹੋਣ ਦੇ ਕੀ ਕਾਰਨ ਹਨ ?

ਮੰਤਰੀ : ਸਪੀਕਰ ਸਾਹਿਬ, ਜਿੰਨੇ ਵੀ ਸਕੂਲ ਅੱਪਗਰੇਡ ਕੀਤੇ ਹਨ, ਇਹ ਸੈਂਟਰ ਸਕੀਮ ਅਧੀਨ ਕੀਤੇ ਗਏ ਹਨ। ਹਾਈ ਤੋਂ ਸੀਨੀਅਰ ਸੈਕੰਡਰੀ ਕੋਈ ਵੀ ਸਕੂਲ ਅੱਪਗਰੇਡ ਨਹੀਂ ਕੀਤਾ ਗਿਆ। ਇਹ ਸਰਕਾਰ ਦੇ ਵਿਚਾਰ ਅਧੀਨ ਹਨ। ਜੇ ਕੋਈ ਫੈਸਲਾ ਲਿਆ ਗਿਆ ਤਾਂ ਇਹ ਵੀ ਅੱਪਗਰੇਡ ਕਰ ਦਿੱਤੇ ਜਾਣਗੇ।

ਮਾਨਯੋਗ ਸਪੀਕਰ : ਕੰਗ ਸਾਹਿਬ।

ਸਰਦਾਰ ਗੁਰਤੇਜ ਸਿੰਘ ਘੁੜਿਆਣਾ : ਸਪੀਕਰ ਸਾਹਿਬ.....

ਮਾਨਯੋਗ ਸਪੀਕਰ : ਤੁਸੀਂ ਦੋ ਸਪਲੀਮੈਂਟਰੀਜ਼ ਲੈ ਲਈਆਂ ਹਨ।

ਸਰਦਾਰ ਗੁਰਤੇਜ ਸਿੰਘ ਘੁੜਿਆਣਾ : ਇੱਕ ਹੋਰ ਦੇ ਦਿਓ ਜੀ।

Mr. Speaker : No, no.

ਸਰਦਾਰ ਜਗਮੋਹਨ ਸਿੰਘ ਕੰਗ : ਸਪੀਕਰ ਸਾਹਿਬ, ਮੈਂ ਬੇਨਤੀ ਕਰਨੀ ਚਾਹੁੰਦਾ ਕਿ ਬਾਦਲ ਸਾਹਿਬ ਦੀ ਸਰਕਾਰ ਬਣੀ ਨੂੰ ਸਾਢੇ ਛੇ ਸਾਲ ਹੋ ਗਏ ਹਨ, ਹੁਣ ਤੱਕ ਕਿੰਨੇ ਸਕੂਲ ਅੱਪਗ੍ਰੇਡ ਕੀਤੇ ਗਏ ਹਨ?

Mr. Speaker : No, no.

ਮੰਤਰੀ : ਇਹ ਵੱਖਰਾ ਸਵਾਲ ਕਰ ਦੇਣ।

ਮਾਨਯੋਗ ਸਪੀਕਰ : ਮਲੂਕਾ ਜੀ, ਮੈਂ ਪਹਿਲਾਂ ਹੀ ਡਿਸ-ਅਲਾਓ ਕਰ ਦਿੱਤਾ ਹੈ।

ਮੰਤਰੀ : ਇਸ ਸਾਲ 51 ਕੀਤੇ ਹਨ।

ਮਾਨਯੋਗ ਸਪੀਕਰ : ਮੈਂ ਕਿਹਾ ਜੀ ਤੁਸੀਂ ਬੈਠ ਜਾਓ, ਮੈਂ ਪਹਿਲਾਂ ਹੀ ਡਿਸਅਲਾਓ ਕਰ ਦਿੱਤਾ ਹੈ। ਜੇ ਉਨ੍ਹਾਂ ਨੇ ਪੁੱਛਣਾ ਹੈ ਤਾਂ ਸੈਪਰੇਟ ਕੁਐਸਚਨ ਦੇ ਦੇਣ।

ਲੁਧਿਆਣਾ ਵਿੱਚ ਰਾਜ ਗੁਰੂ ਨਗਰ ਦੀਆਂ ਸੜਕਾਂ ਦੀ ਮੁਰੰਮਤ ਕਰਨਾ

***1021. ਸਰਦਾਰ ਦਰਸ਼ਨ ਸਿੰਘ ਸ਼ਿਵਾਲਿਕ :** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਲੁਧਿਆਣਾ ਮਿਉਂਸਪਲ ਕਾਰਪੋਰੇਸ਼ਨ ਦੇ ਵਾਰਡ ਨੰ: 58 (ਰਾਜ ਗੁਰੂ ਨਗਰ) ਦੀਆਂ ਸੜਕਾਂ ਦੀ ਮੁਰੰਮਤ ਦੇ ਕੰਮ ਦੀ ਅਜੋਕੀ ਸਥਿਤੀ ਕੀ ਹੈ ਅਤੇ ਇਸ ਕੰਮ ਨੂੰ ਕਦੋਂ ਤੱਕ ਪੂਰਾ ਕਰ ਦਿੱਤਾ ਜਾਵੇਗਾ?

ਸ਼੍ਰੀ ਅਨਿਲ ਜੋਸ਼ੀ : ਰਾਜ ਗੁਰੂ ਨਗਰ ਦੀਆਂ ਸੜਕਾਂ ਦੀ ਕੁਝ ਮੁਰੰਮਤ ਕੀਤੀ ਗਈ ਹੈ ਅਤੇ ਬਾਕੀ ਦਾ ਕੰਮ ਵੀ ਜਲਦੀ ਹੀ ਪੂਰਾ ਕਰ ਦਿੱਤਾ ਜਾਵੇਗਾ।

ਸਰਦਾਰ ਦਰਸ਼ਨ ਸਿੰਘ ਸ਼ਿਵਾਲਿਕ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ

ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਹ ਜਿਹੜੀ ਰਾਜਗੁਰੂ ਨਗਰ ਕਲੋਨੀ ਹੈ, ਇਹ ਇੰਪਰੂਵਮੈਂਟ ਟਰੱਸਟ ਦੀ ਕਲੋਨੀ ਹੈ। ਹਰ ਨਾਗਰਿਕ ਹਰ ਤਰ੍ਹਾਂ ਦੀਆਂ ਸਹੂਲਤਾਂ ਚਾਹੁੰਦਾ ਹੈ ਕਿ ਸੜਕਾਂ ਹੋਣ, ਪਾਣੀ ਹੋਵੇ, ਲਾਈਟ ਹੋਵੇ, ਵਾਟਰ ਸਪਲਾਈ ਸੀਵਰੇਜ ਹੋਵੇ। ਸਭ ਤੋਂ ਮਹਿੰਗਾ ਪਲਾਟ ਉਹ ਉਸ ਕਲੋਨੀ ਵਿੱਚ ਖਰੀਦਦਾ ਹੈ ਲੇਕਿਨ ਪਿਛਲੇ ਸੈਸ਼ਨ ਵਿੱਚ ਸਾਡੇ ਮਾਨਯੋਗ ਪਹਿਲੇ ਮੰਤਰੀ ਜੀ ਨੇ ਵੀ ਵਿਸ਼ਵਾਸ ਦਿਵਾਇਆ ਸੀ ਪਰ ਉਥੇ ਅੱਜ ਤੱਕ ਕੋਈ ਸੜਕ ਰਿਪੇਅਰ ਨਹੀਂ ਕੀਤੀ ਗਈ। ਸੱਤ ਸਾਲ ਤੋਂ ਉੱਪਰ ਸਮਾਂ ਹੋ ਗਿਆ ਹੈ। ਪੈਚ ਵਰਕ ਜ਼ਰੂਰ ਕਾਰਪੋਰੇਸ਼ਨ ਨੇ ਕੀਤਾ ਹੈ, ਉਹ ਵੀ ਟਰੱਸਟ ਨੇ ਨਹੀਂ ਕੀਤਾ। ਉਥੇ ਵਾਟਰ ਸਪਲਾਈ ਬਿਲਕੁੱਲ ਖਰਾਬ ਹੈ। ਜਦੋਂ ਬਾਰਸ਼ ਹੁੰਦੀ ਹੈ ਤਾਂ ਸੀਵਰੇਜ ਦਾ ਪਾਣੀ ਘਰਾਂ ਦੇ ਵਿੱਚ ਜਾ ਵੜਦਾ ਹੈ। ਲਾਈਟ ਕੋਈ ਮੇਨਟੇਨ ਨਹੀਂ ਹੈ। ਸਿਕਿਓਰਟੀ ਵਾਸਤੇ ਕੋਈ ਬਾਊਂਡਰੀ ਵਾਲ ਨਹੀਂ ਹੈ। ਉਹ ਕਲੋਨੀ ਰੇਲਵੇ ਲਾਈਨ ਨਾਲ ਲਗਦੀ ਹੈ, ਉਥੇ ਚੋਰੀਆਂ ਬਹੁਤ ਹੁੰਦੀਆਂ ਹਨ। ਵਾਰ ਵਾਰ ਕਹਿਣ ਤੇ ਵੀ, ਸਪੀਕਰ ਸਾਹਿਬ, ਕੋਈ ਕੰਮ ਨਹੀਂ ਹੋਇਆ।

ਮਾਨਯੋਗ ਸਪੀਕਰ : ਆਪਾਂ ਕੀ ਚਾਹੁੰਦੇ ਹਾਂ?

ਸਰਦਾਰ ਦਰਸ਼ਨ ਸਿੰਘ ਸ਼ਿਵਾਲਿਕ : ਮੰਤਰੀ ਜੀ ਵਿਸ਼ਵਾਸ ਦਿਵਾਉਣ ਕਿ ਕੰਮ ਕਦੋਂ ਤੱਕ ਹੋ ਜਾਵੇਗਾ ਜੀ ?

ਮੰਤਰੀ : ਮਾਨਯੋਗ ਸਪੀਕਰ ਸਾਹਿਬ, ਮੈਂ ਪਹਿਲਾਂ ਹੀ ਕਹਿ ਦਿੱਤਾ ਹੈ ਕਿ ਕੁਝ ਕੰਮ ਹੋ ਗਿਆ ਹੈ ਅਤੇ ਬਾਕੀ ਰਹਿੰਦਾ ਕਰਵਾ ਦਿੱਤਾ ਜਾਵੇਗਾ।

ਸਰਦਾਰ ਦਰਸ਼ਨ ਸਿੰਘ ਸ਼ਿਵਾਲਿਕ : ਨਹੀਂ ਜੀ, ਮੰਤਰੀ ਜੀ ਨੂੰ ਜੋ ਹਾਊਸ ਵਿੱਚ ਰਿਪੋਰਟ ਆਈ ਹੈ, ਇਹ ਗਲਤ ਕਹਿ ਰਹੇ ਹਨ। ਕੋਈ ਉਥੇ ਰਿਪੇਅਰ ਨਹੀਂ ਹੋਈ।

ਮਾਨਯੋਗ ਸਪੀਕਰ : ਆਪਾਂ ਇਨ੍ਹਾਂ ਨੂੰ ਡਿਸਬਿਲੀਵ ਨਹੀਂ ਕਰ ਸਕਦੇ। ਜੋ ਇਹ ਕਹਿੰਦੇ ਹਨ, ਠੀਕ ਹੈ। ....(ਵਿਘਨ)..... (ਹਾਸਾ).....

ਸਰਦਾਰ ਦਰਸ਼ਨ ਸਿੰਘ ਸ਼ਿਵਾਲਿਕ : ਸਪੀਕਰ ਸਾਹਿਬ, ਮੈਂ ਬੇਨਤੀ ਕਰਦਾ ਹਾਂ ....(ਵਿਘਨ)....

ਮੰਤਰੀ : ਸਪੀਕਰ ਸਾਹਿਬ, ਇਨ੍ਹਾਂ ਨੇ ਖੁਦ ਕਿਹਾ ਹੈ ਕਿ ਪੈਚ ਲੱਗ ਗਏ ਹਨ, ਭਾਵੇਂ ਇਹ ਕਾਰਪੋਰੇਸ਼ਨ ਨੇ ਲਗਾਏ ਹਨ, ਭਾਵੇਂ ਟਰੱਸਟ ਨੇ ਲਗਾਏ ਹਨ। ਅਲੱਗ ਤੋਂ ਜਿਹੜਾ ਇਨ੍ਹਾਂ ਦਾ ਹੋਰ ਵੀ ਕੰਮ ਰਹਿੰਦਾ ਹੈ, ਉਹ ਵੀ ਦੱਸ ਦੇਣ, ਉਹ ਵੀ ਕਰ ਦੇਵਾਂਗੇ।

ਸਰਦਾਰ ਦਰਸ਼ਨ ਸਿੰਘ ਸ਼ਿਵਾਲਿਕ : ਸਾਰਾ ਹੀ ਹੋਣ ਵਾਲਾ ਹੈ ਜੀ, ਇਹ ਵਿਸ਼ਵਾਸ ਦਿਵਾਉਣ ਕਿ ਕਦੋਂ ਤੱਕ ਕਰਵਾਉਣਗੇ ?

ਮੰਤਰੀ : ਸਾਰਾ ਕਰਵਾ ਦੇਵਾਂਗੇ।

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ .....(ਵਿਘਨ)....

ਮਾਨਯੋਗ ਸਪੀਕਰ : ਜਾਖੜ ਜੀ, ਉਹ ਆਨਰੇਬਲ ਮਨਿਸਟਰ ਹਨ, ਉਨ੍ਹਾਂ ਨੂੰ ਬਿਲੀਵ ਤਾਂ ਕਰਨਾ ਹੀ ਪੈਂਦਾ ਹੈ .....(ਵਿਘਨ).... (ਹਾਸਾ)......

ਸ਼੍ਰੀ ਸੁਨੀਲ ਜਾਖੜ : ਤੁਸੀਂ ਤਾਂ ਇਨ੍ਹਾਂ ਨੂੰ ਪਰਮਾਤਮਾ ਬਣਾ ਦਿੱਤਾ.....(ਹਾਸਾ)....

ਮਾਨਯੋਗ ਸਪੀਕਰ : ਨਹੀਂ, ਨਹੀਂ ...... (ਵਿਘਨ)......

ਸ਼੍ਰੀ ਸੁਨੀਲ ਜਾਖੜ : ਜੋ ਇਨ੍ਹਾਂ ਨੇ ਕਿਹਾ, ਉਹ ਸਤਿ ਬਚਨ ਹੈ ....(ਵਿਘਨ)....

ਮਾਨਯੋਗ ਸਪੀਕਰ : ਨਹੀਂ ਜੀ, ਉਹ ਵੀ ਗੱਲ ਨਹੀਂ।

ਸ਼੍ਰੀ ਸੁਨੀਲ ਜਾਖੜ : ਸਾਡੇ ਹਾਊਸ ਦੇ ਸਤਿਕਾਰਯੋਗ ਮੈਂਬਰ ਹਨ, ਚਾਹੇ ਇਧਰੋਂ ਹਨ, ਚਾਹੇ ਉਧਰੋਂ ਹਨ, he should give a correct reply. This is a breach of privilege.

ਮਾਨਯੋਗ ਸਪੀਕਰ : ਮੈਂ ਇਹ ਨਹੀਂ ਕਿਹਾ, ਮੈਂ ਇਹ ਗੱਲ ਕਹੀ ਹੈ .....(ਵਿਘਨ)....

ਸ਼੍ਰੀ ਸੁਨੀਲ ਜਾਖੜ : ਤੁਸੀਂ ਕਹਿ ਦਿਓ ਕਿ ਚੈੱਕ ਕਰਵਾ ਦੇਵਾਂਗੇ।

ਮਾਨਯੋਗ ਸਪੀਕਰ : ਮੈਂ ਇਹ ਕਿਹਾ ਹੈ ਕਿ ਆਪਾਂ ਨੂੰ ਬਿਲੀਵ ਕਰਨਾ ਚਾਹੀਦਾ ਹੈ। ਮੈਂ ਕੋਈ ਫੈਸਲਾ ਨਹੀਂ ਦਿੱਤਾ।

ਮੰਤਰੀ : ਇਨ੍ਹਾਂ ਨੇ ਕਾਰਪੋਰੇਸ਼ਨ ਤੋਂ ਇੰਪਰੂਵਮੈਂਟ ਟਰੱਸਟ ਨੂੰ ਕੰਮ ਜਾਣ ਦਾ ਮਤਾ ਪਾਇਆ ਹੈ। ਉਹ ਵਿਚਾਰ ਅਧੀਨ ਹੈ। ਉਸ ਤੇ ਬਾਅਦ ਦੇ ਵਿੱਚ ਫੈਸਲਾ ਕਰਨਾ ਹੈ ਕਿ ਇਹ ਕੰਮ ਕਾਰਪੋਰੇਸ਼ਨ ਨੇ ਕਰਨਾ ਹੈ ਜਾਂ ਟਰੱਸਟ ਨੇ ਕਰਨਾ ਹੈ। ਇਸ ਦੇ ਬਾਰੇ ਸਰਕਾਰ ਫੈਸਲਾ ਕਰਵਾਏਗੀ ਕਿ ਕਿਸ ਏਜੰਸੀ ਨੇ ਕਰਨਾ ਹੈ, ਉਹ ਹੋ ਜਾਵੇਗਾ।

ਸ਼੍ਰੀ ਭਾਰਤ ਭੂਸ਼ਣ ਆਸ਼ੂ : ਮਤਾ ਪਾਸ ਹੋ ਚੁੱਕਿਆ ਹੈ। ਸਰਕਾਰ ਨੇ ਉਸ ਤੇ ਸਟੇਅ ਲਗਾ ਦਿੱਤੀ ਹੈ ... (ਵਿਘਨ)...

ਮਾਨਯੋਗ ਸਪੀਕਰ : ਤੁਸੀਂ ਪੁੱਛ ਕੇ ਸਪਲੀਮੈਂਟਰੀ ਕਰਨੀ ਸੀ ....(ਵਿਘਨ)...

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, this is the august House ....

ਮਾਨਯੋਗ ਸਪੀਕਰ : ਜਾਖੜ ਜੀ, ਇੱਕ ਮਿੰਟ। ਜਿਸ ਮੈਂਬਰ ਨੇ ਬੋਲਣਾ ਹੈ, ਉਹ ਮੇਰੇ ਤੋਂ ਪੁੱਛ ਤਾਂ ਲਵੇ ਤਾਂ ਕਿ ਰਿਕਾਰਡ ਹੋ ਜਾਵੇ। ਜਿਹੜਾ ਮੇਰੇ ਤੋਂ ਪੁੱਛਿਆ ਨਹੀਂ, ਉਹ ਰਿਕਾਰਡ ਨਹੀਂ ਹੋਏਗਾ।

ਸ਼੍ਰੀ ਭਾਰਤ ਭੂਸ਼ਣ ਆਸ਼ੂ : ਗੁਸਤਾਖੀ ਮੁਆਫ ਜੀ। ਮੇਰੀ ਸਪਲੀਮੈਂਟਰੀ ਹੈ। ਇਹ ਮਤਾ ਕਾਰਪੋਰੇਸ਼ਨ ਵਿੱਚ ਪਾਸ ਹੋ ਗਿਆ ਸੀ ਅਤੇ ਸਰਕਾਰ ਨੇ ਵੀ ਉਸ ਨੂੰ ਅਲਾਓ

ਕਰ ਦਿੱਤਾ ਸੀ।

ਮਾਨਯੋਗ ਸਪੀਕਰ : ਮਤੇ ਨਾਲ ਇਸ ਦਾ ਕੋਈ ਸਬੰਧ ਨਹੀਂ ਹੈ। ਮਤੇ ਬਾਰੇ ਜੇ ਪੁੱਛਣਾ ਹੈ ਤਾਂ ਇਹ ਸੈਪਰੇਟ ਕੁਐਸਚਨ ਬਣਦਾ ਹੈ।

ਸ਼੍ਰੀ ਭਾਰਤ ਭੂਸ਼ਣ ਆਸ਼ੂ : ਸਰਕਾਰ ਨੇ ਹੀ ਇਸ ਨੂੰ kept in abeyance ਕਰ ਦਿੱਤਾ ਹੈ। ਉਥੇ ਸਾਰੇ ਹੀ ਕੰਮ ਰੁਕ ਗਏ ਹਨ। ਜੋ ਸ਼ਿਵਾਲਿਕ ਸਾਹਿਬ ਕਹਿ ਰਹੇ ਹਨ, ਇਹ ਕਿਉਂ ਰੋਕਿਆ ਗਿਆ .....

ਮਾਨਯੋਗ ਸਪੀਕਰ : ਇਹ ਸੈਪਰੇਟ ਕੁਐਸਚਨ ਹੈ। ਮਤੇ ਬਾਰੇ ਸੈਪਰੇਟ ਕੁਐਸਚਨ ਹੈ।

ਮੰਤਰੀ : ਇਨ੍ਹਾਂ ਦਾ ਦੂਸਰਾ ਕੁਐਸਚਨ ਆਇਆ ਹੋਇਆ ਹੈ, ਤੁਸੀਂ ਉਸ ਨੂੰ ਡੈਫਰ ਕਰ ਦਿਓ, ਮੈਂ ਹੁਣੇ ਕੰਮ ਨਿਬੇੜ ਦਿੰਦਾ ਹਾਂ। ਜਿਹੜਾ ਇਨ੍ਹਾਂ ਦਾ ਦੂਜਾ ਕੁਐਸਚਨ ਲੱਗਿਆ ਹੈ, ਉਸ ਦੇ ਬਾਰੇ ਇਨ੍ਹਾਂ ਨੇ ਹੁਣੇ ਹੀ ਸਪਲੀਮੈਂਟਰੀ ਕਰ ਦਿੱਤੀ ਹੈ, ਉਸ ਦੀ ਤਾਂ ਹੁਣ ਕੋਈ ਤੁਕ ਨਹੀਂ ਹੈ। ਜਿਹੜਾ ਇਹ ਮਤਾ ਆਇਆ ਹੈ, ਉਸ ਨੂੰ ਘੋਖ ਕੇ ਪਾਸ ਕਰ ਦੇਵਾਂਗੇ। ਟਰੱਸਟ ਕਰਵਾ ਦੇਵੇਗਾ ਜਾਂ ਕਾਰਪੋਰੇਸ਼ਨ ਕਰਵਾ ਦੇਵੇਗੀ, ਮਤਲਬ ਤਾਂ ਇਨ੍ਹਾਂ ਦਾ ਕੰਮ ਦਾ ਹੈ, ਡਿਵੈਲਪਮੈਂਟ ਦਾ ਹੈ, ਨਾ ਕਿ 'ਏ' ਏਜੰਸੀ ਕਰੇ ਜਾਂ 'ਬੀ' ਏਜੰਸੀ ਕਰੇ। ਕੰਮ ਦੀ ਐਸ਼ੋਰੈਂਸ ਦਿਵਾਈ ਹੈ, ਉਹ ਕਰ ਦਿੱਤਾ ਜਾਵੇਗਾ।

Mr. Speaker : Thank you.

ਪੰਚਾਇਤੀ ਜ਼ਮੀਨਾਂ ਪ੍ਰਾਈਵੇਟ ਟਰੱਸਟਾਂ/ਸੰਸਥਾਵਾਂ ਨੂੰ ਦੇਣਾ

***1016. ਸਰਦਾਰ ਇਕਬਾਲ ਸਿੰਘ ਝੂੰਦਾਂ :** ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਪਿਛਲੇ ਪੰਜ ਸਾਲਾਂ ਦੌਰਾਨ ਰਾਜ ਵਿੱਚ ਕਿੰਨੀਆਂ ਗ੍ਰਾਮ ਪੰਚਾਇਤਾਂ ਵੱਲੋਂ ਮਤੇ ਪਾਸ ਕਰਕੇ ਪੰਚਾਇਤੀ ਜ਼ਮੀਨਾਂ ਪ੍ਰਾਈਵੇਟ ਟਰੱਸਟਾਂ/ਸੰਸਥਾਵਾਂ ਨੂੰ ਵਿਦਿਅਕ ਅਦਾਰੇ ਚਲਾਉਣ ਲਈ ਦਿੱਤੀਆਂ ਗਈਆਂ ਹਨ ਅਤੇ ਅਜਿਹਾ ਕਰਨ ਵੇਲੇ ਸਬੰਧਿਤ ਟਰੱਸਟਾਂ/ਸੰਸਥਾਵਾਂ ਨਾਲ ਕੀ ਟਰਮਜ਼ ਐਂਡ ਕੰਡੀਸ਼ਨਜ ਨਿਰਧਾਰਿਤ ਕੀਤੀਆਂ ਗਈਆਂ ਹਨ?

ਸਰਦਾਰ ਸੁਰਜੀਤ ਸਿੰਘ ਰੱਖੜਾ: ਪਿਛਲੇ ਪੰਜ ਸਾਲਾਂ ਦੌਰਾਨ ਰਾਜ ਵਿੱਚ 13 ਗ੍ਰਾਮ ਪੰਚਾਇਤਾਂ ਵਲੋਂ ਪੰਚਾਇਤੀ ਜ਼ਮੀਨਾਂ ਪ੍ਰਾਈਵੇਟ ਟਰੱਸਟਾਂ/ਸੰਸਥਾਵਾਂ ਨੂੰ ਵਿਦਿਅਕ ਅਦਾਰੇ ਚਲਾਉਣ ਲਈ ਦਿੱਤੀਆਂ ਗਈਆਂ ਹਨ। ਅਜਿਹਾ ਕਰਨ ਵੇਲੇ ਸਬੰਧਿਤ ਟਰੱਸਟਾਂ/ਸੰਸਥਾਵਾਂ ਨਾਲ ਜੋ ਟਰਮਜ਼ ਐਂਡ ਕੰਡੀਸ਼ਨਜ਼ ਨਿਰਧਾਰਤ ਕੀਤੀਆਂ ਗਈਆਂ ਹਨ, ਉਹ *ਅਨੁਲਗ 'ੳ' ਤੇ ਸਦਨ ਦੀ ਜਾਣਕਾਰੀ ਲਈ ਰੱਖੀਆਂ ਜਾਂਦੀਆਂ ਹਨ।

---

*Placed in the Revisor's branch

ਸਰਦਾਰ ਇਕਬਾਲ ਸਿੰਘ ਝੂੰਦਾਂ : ਮਾਨਯੋਗ ਸਪੀਕਰ ਸਾਹਿਬ, ਇਹ ਜੋ ਪੰਚਾਇਤਾਂ ਦੀਆਂ ਜ਼ਮੀਨਾਂ ਪ੍ਰਾਈਵੇਟ ਘਰਾਣਿਆਂ ਨੂੰ, ਅਦਾਰਿਆਂ ਨੂੰ ਦਿੱਤੀਆਂ ਗਈਆਂ ਹਨ..

ਮਾਨਯੋਗ ਸਪੀਕਰ : ਝੂੰਦਾਂ ਸਾਹਿਬ, ਜਿਹੜਾ ਮੰਤਰੀ ਜੀ ਨੇ ਅੱਗੇ ਅਨੁਲੱਗ ਵਿਚ ਜਵਾਬ ਦਿੱਤਾ ਹੈ, ਕੀ ਆਪਾਂ ਨੇ ਉਹ ਪੜ੍ਹ ਲਿਆ ਹੈ?

ਸਰਦਾਰ ਇਕਬਾਲ ਸਿੰਘ ਝੂੰਦਾਂ : ਹਾਂ ਜੀ, ਵੇਖ ਲਿਆ ਹੈ। ਸਰ, ਜਿਹੜੇ ਬਹੁਤ ਵੱਡੇ ਵੱਡੇ ਉਦਯੋਗਿਕ ਘਰਾਣੇ ਹਨ, ਉਨ੍ਹਾਂ ਨੂੰ ਇਹ ਜ਼ਮੀਨਾਂ ਦਿੱਤੀਆਂ ਗਈਆਂ ਹਨ। ਮੈਂ ਸਿਰਫ ਸੰਕੇਤਕ ਰੂਪ ਵਿਚ ਦੋ-ਤਿੰਨ ਦਾ ਵਰਣਨ ਕਰਨਾ ਚਾਹੁੰਦਾ ਹਾਂ। ਥਾਪਰ ਯੂਨੀਵਰਸਿਟੀ, ਪਟਿਆਲਾ ਨੂੰ ਤਕਰੀਬਨ 16 ਏਕੜ ਜ਼ਮੀਨ ਦਿੱਤੀ ਗਈ ਹੈ, ਇਹ 20 ਹਜ਼ਾਰ ਰੁਪਏ ਪ੍ਰਤੀ ਏਕੜ ਦੇ ਹਿਸਾਬ ਨਾਲ ਦਿੱਤੀ ਗਈ ਹੈ।

ਮਾਨਯੋਗ ਸਪੀਕਰ : ਕਿੰਨੇ ਨੰਬਰ ਉਤੇ ਹੈ ਜੀ?

ਸਰਦਾਰ ਇਕਬਾਲ ਸਿੰਘ ਝੂੰਦਾਂ : ਮੈਂ ਤਿੰਨ ਨੰਬਰ ਉਤੇ ਪੜ੍ਹ ਰਿਹਾ ਹਾਂ। ਉਸ ਵਿਚ ਹਰ ਸਾਲ ਦਾ ਪੰਜ ਪ੍ਰਤੀਸ਼ਤ ਵਾਧਾ ਰੱਖਿਆ ਗਿਆ ਹੈ। ਜੇਕਰ ਇੰਨੇ ਵੱਡੇ ਘਰਾਣੇ ਵੀ ਜ਼ਮੀਨਾਂ ਪਰਚੇਜ਼ ਨਹੀਂ ਕਰ ਸਕਦੇ ਤਾਂ ਫਿਰ ਮੈਂ ਸਮਝਦਾ ਹਾਂ ਕਿ ਇਹ ਆਮ ਆਦਮੀ ਲਈ ਤਾਂ ਬਹੁਤ ਮੁਸ਼ਕਲ ਕੰਮ ਹੈ। ਸਾਡੇ ਵਿਧਾਨ ਸਭਾ ਹਲਕੇ ਵਿਚ ਬੁਰਜ ਬਘੇਲ ਸਿੰਘ ਵਾਲਾ ਪਿੰਡ ਹੈ, ਉਥੇ ਦਿੱਲੀ ਦੀ ਕੋਈ ਟਰਬੋ ਫਰਮ ਹੈ, ਉਨ੍ਹਾਂ ਨੂੰ 10 ਏਕੜ ਜ਼ਮੀਨ ਦਿੱਤੀ ਗਈ ਹੈ ਤੇ ਉਨ੍ਹਾਂ ਨੇ ਹਾਲੇ ਤੱਕ ਉਥੇ ਕੋਈ ਕੰਮ ਨਹੀਂ ਸ਼ੁਰੂ ਕੀਤਾ। ਸਪੀਕਰ ਸਾਹਿਬ, ਦੂਸਰੀ ਮੇਰੀ ਰਿਕੁਐਸਟ ਇਹ ਹੈ ਕਿ ਇਸ ਵਿਚ ਜਿਹੜੀਆਂ ਸ਼ਰਤਾਂ ਪੰਚਾਇਤਾਂ ਨਾਲ ਰੱਖੀਆਂ ਗਈਆਂ ਹਨ, ਇਨ੍ਹਾਂ ਸਾਰੀਆਂ ਸ਼ਰਤਾਂ ਵਿਚੋਂ ਇਕ ਵੀ ਅਜਿਹੀ ਸ਼ਰਤ ਨਹੀਂ ਹੈ, ਜਿਸ ਦਾ ਪਿੰਡ ਨੂੰ ਕੋਈ ਲਾਭ ਹੋਇਆ ਹੋਵੇ। ਕੋਈ ਪਿੰਡ ਦੇ ਬੱਚਿਆਂ ਨੂੰ ਨੌਕਰੀ ਦੀ ਤਰਜੀਹ ਨਹੀਂ ਹੈ, ਕੋਈ ਉਨ੍ਹਾਂ ਨੇ ਪਿੰਡ ਦੀ ਵੈਲਫੇਅਰ ਲਈ ਕੰਮ ਨਹੀਂ ਕਰਨਾ...

ਮਾਨਯੋਗ ਸਪੀਕਰ : ਆਹ ਤਰਜੀਹ ਤਾਂ ਲਿਖਿਆ ਹੈ..

ਸਰਦਾਰ ਇਕਬਾਲ ਸਿੰਘ ਝੂੰਦਾਂ : ਸਰ, ਇਹ ਜਿਹੜਾ ਤਰਜੀਹ ਲਫਜ਼ ਹੈ, ਇਹ ਐਵੇਂ ਗੋਲਮੋਲ ਲਫਜ਼ ਹੈ। ਲਿਖਿਆ ਗਿਆ ਹੈ ਕਿ ਤਰਜੀਹ ਦਿੱਤੀ ਜਾਵੇਗੀ, ਐਡਮਿਸ਼ਨ ਦਿੱਤੀ ਜਾਵੇਗੀ, ਜੇ ਉਹ ਮੈਰਿਟ ਪੂਰੀ ਕਰਦੇ ਹੋਣਗੇ। ਥਾਪਰ ਯੂਨੀਵਰਸਿਟੀ ਲਈ ਪਿੰਡਾਂ ਦੇ ਬੱਚੇ ਮੈਰਿਟ ਪੂਰੀ ਕਿਵੇਂ ਕਰਨਗੇ? ਸਾਡੇ ਰੂਰਲ ਬੱਚੇ ਹਨ, ਕਿਸੇ ਨੂੰ ਪਟਿਆਲਾ ਵਿਖੇ ਥਾਪਰ ਯੂਨੀਵਰਸਿਟੀ ਵਿਚ ਐਡਮਿਸ਼ਨ ਨਹੀਂ ਮਿਲਦੀ। ਫਿਰ ਇਸ ਯੂਨੀਵਰਸਿਟੀ ਵਿਚ ਉਸ ਪਿੰਡ ਦੇ ਬੱਚੇ ਕਿਵੇਂ ਐਡਮਿਸ਼ਨ ਲੈ ਲੈਣਗੇ ਜਾਂ ਡੇਰਾਬੱਸੀ ਦੇ ਇਲਾਕੇ ਦੇ ਬੱਚੇ ਕਿਵੇਂ ਐਡਮਿਸ਼ਨ ਲੈ ਲੈਣਗੇ। ਸੋ, ਇਸ ਲਈ ਇਹ ਪਿੰਡਾਂ ਦੇ ਇੰਟਰਸਟ ਨੂੰ ਮੁੱਖ ਰੱਖ ਕੇ ਨਹੀਂ ਕੀਤਾ ਜਾ ਰਿਹਾ ਹੈ। ਮੇਰਾ ਕਹਿਣ ਦਾ ਭਾਵ ਹੈ ਕਿ ਇਹ ਉਨ੍ਹਾਂ ਵੱਡੇ ਘਰਾਣਿਆਂ ਨੂੰ ਵੱਡੇ ਲਾਭ ਦੇਣ ਲਈ ਲਾਗੂ ਕੀਤੀ ਜਾ ਰਹੀ ਹੈ। (ਆਪੋਜ਼ੀਸ਼ਨ ਪਾਰਟੀ ਵੱਲੋਂ ਥੰਪਿੰਗ) ਇਸ ਦੇ ਉਤੇ ਪੁਨਰ ਵਿਚਾਰ ਹੋਣੀ ਚਾਹੀਦੀ ਹੈ ਤੇ ਇਸ ਤੇ ਪੁਨਰ ਵਿਚਾਰ

ਕਰਕੇ ਇਸ ਲਈ ਕੋਈ ਕਮੇਟੀ ਗਠਿਤ ਹੋਣੀ ਚਾਹੀਦੀ ਹੈ, ਜਿਹੜੀ ਇਨ੍ਹਾਂ ਪੰਚਾਇਤਾਂ ਦੇ ਹਿਤਾਂ ਨੂੰ ਵਾਚ ਕਰੇ, ਉਨ੍ਹਾਂ ਗਰੀਬ ਲੋਕਾਂ ਦੇ ਹਿਤਾਂ ਨੂੰ ਵਾਚ ਕਰੇ ਤਾਂ ਕਿ ਉਥੇ ਪਿੰਡ ਦੀਆਂ ਜਿਹੜੀਆਂ ਮੁਸ਼ਕਲਾਂ ਹਨ, ਉਹ ਹੱਲ ਹੋ ਸਕਣ ਅਤੇ ਉਨ੍ਹਾਂ ਪਿੰਡਾਂ ਵਾਲਿਆਂ ਨੂੰ ਰੋਜ਼ਗਾਰ ਮਿਲ। ਨਾ ਕੋਈ ਰੋਜ਼ਗਾਰ ਦੀ ਗਰੰਟੀ ਹੈ, ਨਾ ਕੋਈ ਮੁਫਤ ਪੜ੍ਹਾਈ ਦੀ ਗਰੰਟੀ ਹੈ ਅਤੇ 20,000/- ਰੁਪਏ ਏਕੜ ਦੇ ਹਿਸਾਬ ਨਾਲ ਜ਼ਮੀਨ ਉਨ੍ਹਾਂ ਨੂੰ ਦੇ ਦਿੱਤੀ ਗਈ ਹੈ ਜਿਹੜੀ ਘੱਟ ਤੋਂ ਘੱਟ ਇਕ ਕਰੋੜ ਰੁਪਏ ਦੀ ਵੈਲਿਊ ਦੀ ਹੋਵੇਗੀ। ਸ਼ਰਮਾ ਸਾਹਿਬ ਬੈਠੇ ਹਨ, ਇਨ੍ਹਾਂ ਨੂੰ ਪਤਾ ਹੋਵੇਗਾ।....(ਵਿਘਨ).... ਤੁਸੀਂ ਮੇਰੀ ਗੱਲ ਨੂੰ ਹੋਰ ਪਾਸੇ ਨਾ ਲੈ ਕੇ ਜਾਓ। ਮੈਂ ਇਸ ਕਰਕੇ ਕਹਿੰਦਾ ਹਾਂ..

ਸਰਦਾਰ ਸਾਧੂ ਸਿੰਘ : ਸਪੀਕਰ ਸਾਹਿਬ,...

ਮਾਨਯੋਗ ਸਪੀਕਰ : ਨਹੀਂ, Please sit down.

ਸਰਦਾਰ ਇਕਬਾਲ ਸਿੰਘ ਝੂੰਦਾਂ : ਕਿਉਂਕਿ ਸ਼ਰਮਾ ਜੀ ਉਸ ਹਲਕੇ ਦੀ ਨੁਮਾਇੰਦਗੀ ਕਰਦੇ ਹਨ, ਉਹ ਉਥੋਂ ਬਤੌਰ ਪਾਰਲੀਮੈਂਟਰੀ ਸੈਕਟਰੀ ਤੇ ਐਮ.ਐਲ.ਏ. ਹਨ, ਮੈਂ ਇਸ ਕਰਕੇ ਕਹਿ ਰਿਹਾ ਹਾਂ ਕਿ ਉਸ ਹਲਕੇ ਦੀਆਂ ਜ਼ਮੀਨਾਂ ਦੀ ਕੀਮਤ ਬਾਰੇ ਇਨ੍ਹਾਂ ਨੂੰ ਇਲਮ ਹੈ। ਸੋ, ਇੰਨੀਆਂ ਮਹਿੰਗੀਆਂ ਜ਼ਮੀਨਾਂ ਉਨ੍ਹਾਂ ਲੋਕਾਂ ਨੂੰ ਦੇ ਕੇ ਸਾਨੂੰ ਕੋਈ ਪ੍ਰਾਪਤੀ ਨਹੀਂ ਹੈ। ਇਸ ਲਈ ਇਸ ਬਾਰੇ ਜ਼ਰੂਰ ਕੋਈ ...

ਮਾਨਯੋਗ ਸਪੀਕਰ : ਤੁਸੀਂ ਕੋਈ ਸਪਲੀਮੈਂਟਰੀ ਵੀ ਕਰੋ।

ਸਰਦਾਰ ਇਕਬਾਲ ਸਿੰਘ ਝੂੰਦਾਂ : ਇਸ ਉਤੇ ਜ਼ਰੂਰ ਵਿਚਾਰ ਕਰਨ ਅਤੇ ਕੋਈ ਕਮੇਟੀ ਬਣਾਈ ਜਾਵੇ, ਜਿਸ ਨਾਲ ਪੰਚਾਇਤਾਂ ਦੀਆਂ ਜ਼ਮੀਨਾਂ ਦੀ ਰਾਖੀ ਹੋ ਸਕੇ। ਪੰਚਾਇਤਾਂ ਦੀਆਂ ਜ਼ਮੀਨਾਂ ਇਸ ਤਰ੍ਹਾਂ ਲੁੱਟੀਆਂ ਨਾ ਜਾਣ। ਕੀ ਮੰਤਰੀ ਜੀ ਇਸ ਤਰ੍ਹਾਂ ਕੁਝ ਕਰਨਗੇ? (ਅਪੋਜ਼ੀਸ਼ਨ ਪਾਰਟੀ ਵੱਲੋਂ ਥੰਪਿੰਗ)

ਸਰਦਾਰ ਨਵਤੇਜ ਸਿੰਘ ਚੀਮਾ : ਸਪੀਕਰ ਸਾਹਿਬ, ...

ਮਾਨਯੋਗ ਸਪੀਕਰ : ਨਹੀਂ ਜੀ, no supplementary. ਰੱਖੜਾ ਸਾਹਿਬ, ਜਵਾਬ ਦੇਣ ਲਈ ਖੜ੍ਹੇ ਹਨ। ਤੁਸੀਂ ਬੈਠੋ।

ਮੰਤਰੀ : ਸਪੀਕਰ ਸਾਹਿਬ, ਇਸ ਦੀਆਂ ਟਰਮਜ਼ ਐਂਡ ਕੰਡੀਸ਼ਨਜ਼ ਜੋ ਹਨ, ਉਹ ਤੁਸੀਂ ਵੀ ਪੜ੍ਹੀਆਂ ਹੋਣਗੀਆਂ। ਮੇਰਾ ਖਿਆਲ ਹੈ ਕਿ ਕਾਫੀ ਠੀਕ ਲੱਗੀਆਂ ਹਨ ਪਰ ਫਿਰ ਵੀ ਅਸੀਂ ਸ਼ਾਮਲਾਟ ਜ਼ਮੀਨਾਂ ਉਤੇ ਨਵੀਂ ਪਾਲਿਸੀ ਲਿਆਂਦੀ ਹੈ, ਜਿਸ ਵਿੱਚ ਬੜਾ ਪਾਰਦਰਸ਼ੀ ਦੱਸਿਆ ਗਿਆ ਹੈ ਕਿ ਪੂਰੀ ਪੰਚਾਇਤ ਸਾਰੇ ਬੰਦਿਆਂ ਨੂੰ ਬੁਲਾ ਕੇ, ਇਸ਼ਤਿਹਾਰ ਦੇਣ ਦਾ ਵੀ ਇਸ ਵਿੱਚ ਦਿੱਤਾ ਗਿਆ ਹੈ ਕਿ ਦੋ ਵੱਡੇ ਅਖਬਾਰਾਂ ਵਿਚ ਇਸ ਸਾਈਜ਼ ਵਿਚ ਐਡਵਰਟਾਈਜਮੈਂਟ ਆਵੇਗੀ, ਖੁੱਲ੍ਹੀ ਬੋਲੀ ਰਾਹੀਂ ਦਿੱਤੀ ਜਾਵੇਗੀ ਤੇ ਫਿਰ ਵੀ ਪੰਚਾਇਤ ਦੀ ਮਰਜ਼ੀ ਨਾਲ ਦਿੱਤੀ ਜਾਵੇਗੀ। ਪੰਚਾਇਤ ਦੀ ਮਰਜ਼ੀ ਤੋਂ ਬਾਅਦ ਵੀ ਡਿਪਾਰਟਮੈਂਟ ਕੋਲ ਆ ਕੇ ਉਸ ਦੀ ਪਰਮਿਸ਼ਨ ਦਿੱਤੀ ਜਾਵੇਗੀ..

ਮਾਨਯੋਗ ਸਪੀਕਰ : ਰੱਖੜਾ ਜੀ, ਉਨ੍ਹਾਂ ਦਾ ਜਿਹੜਾ ਸਵਾਲ ਹੈ, ਉਹ ਸਵਾਲ ਇਹ ਹੈ ਕਿ ਜਿਸ ਪਿੰਡ ਦੀ ਜ਼ਮੀਨ ਲੈਣੀ ਹੈ, ਉਸ ਪਿੰਡ ਦੇ ਬੱਚਿਆਂ ਨੂੰ ਐਡਮਿਸ਼ਨ ਦਿਓਗੇ ਕਿ ਨਹੀਂ? ਇਨ੍ਹਾਂ ਦਾ ਮੇਨ ਮਕਸਦ ਇਹ ਹੈ ਕਿ ਇਹ ਉਨ੍ਹਾਂ ਸਕੂਲਾਂ ਬਾਰੇ ਪੁੱਛ ਰਹੇ ਹਨ ਜਿਹੜੇ ਪਿੰਡਾਂ ਦੇ ਸਕੂਲ ਹਨ। ਜਿਸ ਪਿੰਡ ਦੀ ਜ਼ਮੀਨ ਲੈਣੀ ਹੈ, ਉਸ ਪਿੰਡ ਦੇ ਬੱਚਿਆਂ ਨੂੰ ਨੌਕਰੀ ਤਾਂ ਹੀ ਮਿਲੇਗੀ ਜੇ ਉਥੇ ਪਿੰਡ ਦੇ ਬੱਚਿਆਂ ਨੂੰ ਐਜੂਕੇਸ਼ਨ ਮਿਲੇਗੀ ਅਤੇ ਉਹ ਉਥੋਂ ਪਾਸ ਹੋਣਗੇ।

ਮੰਤਰੀ : ਸਪੀਕਰ ਸਾਹਿਬ, ਇਸ ਵਿੱਚ ਪ੍ਰਾਬਲਮ ਇਹ ਹੈ ਕਿ ਐਡਮਿਸ਼ਨਾਂ ਕਈ ਵਾਰ ਸੈਂਟਰਲੀ ਸਪਾਂਸਰਡ ਹੁੰਦੀਆਂ ਹਨ ਔਰ ਮੈਰਿਟ ਤੇ ਐਡਮਿਸ਼ਨਜ਼ ਹੁੰਦੀਆਂ ਹਨ ਪਰ ਸਾਡੀ ਕੋਸ਼ਿਸ਼ ਇਹ ਹੁੰਦੀ ਹੈ ਕਿ ਪਿੰਡ ਵਾਲਿਆਂ ਨੂੰ ਵੱਧ ਤੋਂ ਵੱਧ ਬੈਨੀਫਿਟ ਦਿੱਤਾ ਜਾਵੇ।

ਮਾਨਯੋਗ ਸਪੀਕਰ : ਗੁਰੂ ਨਾਨਕ ਇੰਜੀਨੀਅਰਿੰਗ ਕਾਲਜ ਐਸਾ ਹੈ, ਜਿੱਥੇ ਹਰ ਸਾਲ ਗਿੱਲਾਂ ਵਾਲਿਆਂ ਦੇ 10 ਬੱਚਿਆਂ ਨੂੰ ਐਡਮਿਸ਼ਨ ਦਿੱਤੀ ਜਾਂਦੀ ਹੈ। ....(ਵਿਘਨ......ਸ਼ੋਰ)..... ਮੰਤਰੀ ਜੀ ਜਵਾਬ ਦੇ ਰਹੇ ਹਨ, Please sit down.

ਸਰਦਾਰ ਸਾਧੂ ਸਿੰਘ : ਸਪੀਕਰ ਸਾਹਿਬ, ** ** **

ਮਾਨਯੋਗ ਸਪੀਕਰ : ਉਹ ਜਵਾਬ ਦੇ ਰਹੇ ਹਨ ਜੀ, ਤੁਸੀਂ ਬੈਠ ਜਾਓ ਪਲੀਜ਼। Not to be recorded. Please sit down.

ਮੰਤਰੀ : ਸਪੀਕਰ ਸਾਹਿਬ, ਅੱਜ ਤੱਕ ਕੋਈ ਵੀ ਜ਼ਮੀਨ ਪੰਚਾਇਤ ਦੀ ਮਰਜ਼ੀ ਤੋਂ ਬਗੈਰ ਨਹੀਂ ਦਿੱਤੀ ਗਈ। ਪਹਿਲਾਂ ਪੰਚਾਇਤ ਰੈਜ਼ੋਲਿਊਸ਼ਨ ਪਾਉਂਦੀ ਹੈ, ਉਨ੍ਹਾਂ ਨਾਲ ਟਰਮਜ਼ ਐਂਡ ਕੰਡੀਸ਼ਨਜ਼ ਤੈਅ ਕਰਨ ਤੋਂ ਬਾਅਦ ਫਿਰ ਡਿਪਾਰਟਮੈਂਟ ਕੋਲ ਆਉਂਦਾ ਹੈ। ਠੇਕੇ ਦੀ ਰਕਮ ਅਤੇ ਜੋ ਕੁਝ ਵੀ ਸੈਟਲ ਕਰਨਾ ਹੈ, ਇਹ ਪੰਚਾਇਤ ਨੇ ਕਰਨਾ ਹੈ। ਪਹਿਲਾਂ ਐਡ ਵੀ ਛੋਟੇ ਅਖ਼ਬਾਰ ਵਿੱਚ ਛੋਟੀ ਜਿਹੀ ਆ ਜਾਂਦੀ ਸੀ ਪਰ ਹੁਣ ਇਸ ਦਾ ਸਪੈਸਿਫਿਕ ਸਾਈਜ਼ ਕਰ ਦਿੱਤਾ ਗਿਆ ਹੈ ਕਿ ਇਸ ਸਾਈਜ਼ ਦੀ ਐਡ ਅਖ਼ਬਾਰ ਵਿੱਚ ਦਿੱਤੀ ਜਾਵੇਗੀ।

ਮਾਨਯੋਗ ਸਪੀਕਰ : ਮਸਲਾ ਪਿੰਡ ਦੀ ਐਜੂਕੇਸ਼ਨ ਦਾ ਹੈ। ਝੂੰਦਾਂ ਸਾਹਿਬ, ਤੁਸੀਂ ਪੁੱਛੋ ਕਿ ਉਥੇ ਐਡਮਿਸ਼ਨ ਕਿਵੇਂ ਮਿਲੇਗੀ?

ਸਰਦਾਰ ਇਕਬਾਲ ਸਿੰਘ ਝੂੰਦਾਂ : ਮੇਰਾ ਮਸਲਾ ਇਹ ਹੈ, ਅਸੀਂ ਦੇਣ ਬਾਰੇ ਇਤਰਾਜ਼ ਨਹੀਂ ਕਰ ਰਹੇ ਪਰ ਉਨ੍ਹਾਂ ਪਿੰਡ ਦੇ ਲੋਕਾਂ ਨੂੰ ਬੈਨੀਫਿਟ ਮਿਲਣੇ ਚਾਹੀਦੇ ਹਨ। ਦੂਜੀ ਗੱਲ ਇਹ ਹੈ ਕਿ ਜਿੰਨੀਆਂ ਵੀ ਜ਼ਮੀਨਾਂ ਦਿੱਤੀਆਂ ਜਾ ਰਹੀਆਂ ਹਨ, ਇਨ੍ਹਾਂ ਦਾ ਕਿਸੇ ਵੀ ਪੱਖ ਤੋਂ ਪਿੰਡਾਂ ਵਾਲਿਆਂ ਨੂੰ ਲਾਭ ਨਹੀਂ ਹੈ। ਇਸ ਦਾ ਟੋਟਲੀ ਫਾਇਦਾ ਮਾਲਕਾਂ ਦੇ ਹਿਤ ਵਿੱਚ ਜਾਂਦਾ ਹੈ। ਜਿਹੜੀਆਂ ਦੇਣ ਵਾਲੀਆਂ ਅਥਾਰਟੀਜ਼ ਹਨ, ਉਹ ਹਨ: ਏ.ਡੀ.ਸੀ. ਡਿਵੈਲਪਮੈਂਟ, ਡੀ.ਡੀ.ਪੀ.ਓ., ਬੀ.ਡੀ.ਓ., ਸਰਪੰਚ ਅਤੇ ਉਸ ਫਰਮ ਦਾ ਮਾਲਕ, ਇਨ੍ਹਾਂ

**Not recorded as ordered by the Chair

ਪੰਜਾਂ ਦੀ ਸਹਿਮਤੀ ਨਾਲ ਇਹ ਹੁੰਦਾ ਹੈ। ਮੈਨੂੰ ਇਹ ਗੱਲ ਕਹਿਣ ਵਿੱਚ ਕੋਈ ਗੁਰੇਜ਼ ਨਹੀਂ ਹੈ ਕਿ ਡਿਪਾਰਟਮੈਂਟ ਮਾਲਕਾਂ ਦੇ ਹੱਕ ਵਿੱਚ ਭੁਗਤਦਾ ਹੈ। ਜੇਕਰ ਕੋਈ ਪੰਚ ਸੋਚਦਾ ਵੀ ਹੈ ਤਾਂ ਉਹ ਇਕੱਲਾ ਰਹਿ ਜਾਂਦਾ ਹੈ। ਇਸ ਲਈ ਪੰਚਾਇਤ ਦੇ ਹਿਤਾਂ ਦੀ ਪੂਰਤੀ ਸਹੀ ਢੰਗ ਨਾਲ ਨਹੀਂ ਹੁੰਦੀ। ਜੇਕਰ ਇਹ ਸਕੀਮ ਲਾਗੂ ਰੱਖਣੀ ਹੀ ਹੈ ਤਾਂ ਮੰਤਰੀ ਜੀ ਕਿਸੇ ਸੀਨੀਅਰ ਅਫ਼ਸਰ ਜਾਂ ਡੀ.ਸੀ. ਸਾਹਿਬ ਜਾਂ ਐਮ.ਐਲ.ਏ. ਜਾਂ ਜ਼ਿਲ੍ਹਾ ਪ੍ਰੀਸ਼ਦ ਦੇ ਚੇਅਰਮੈਨ ਜਾਂ ਬਲਾਕ ਸਮਿਤੀ ਦੇ ਚੇਅਰਮੈਨ, ਅਜਿਹੇ ਦੋ-ਤਿੰਨ ਪਬਲਿਕ ਦੇ ਨੁਮਾਇੰਦੇ ਉਸ ਵਿੱਚ ਸ਼ਾਮਲ ਕਰਨ ਤਾਂ ਕਿ ਪੰਚਾਇਤ ਦੇ ਇੰਟ੍ਰੈਸਟ ਸਫ਼ਰ ਨਾ ਕਰਨ। ਪੰਚਾਇਤਾਂ ਇਸ ਗੱਲ ਕਾਰਨ ਬਹੁਤ ਨੁਕਸਾਨ ਉਠਾ ਰਹੀਆਂ ਹਨ। ਇਹ ਮੰਤਰੀ ਸਾਹਿਬ ਨੂੰ ਮੇਰੀ ਬੇਨਤੀ ਹੈ ਕਿ ਕੀ ਇਹ ਕੁਝ ਅਜਿਹਾ ਕਰਨਗੇ ਤਾਂ ਕਿ ਪੰਚਾਇਤਾਂ ਦੇ ਹਿਤ ਸੁਰੱਖਿਅਤ ਰਹਿਣ?

ਮੰਤਰੀ : ਸਪੀਕਰ ਸਾਹਿਬ, ਅਸੀਂ ਇਹ ਆਲਰੈਡੀ ਕਰ ਚੁੱਕੇ ਹਾਂ। ਡਿਪਟੀ ਕਮਿਸ਼ਨਰ, ਸਰਪੰਚ, ਉਸ ਏਰੀਏ ਦਾ ਐਮ.ਐਲ.ਏ. ਅਤੇ ਨਾਲ ਹੀ ਸਾਰੀ ਪੰਚਾਇਤ ਪ੍ਰਾਈਸ ਫਿਕਸ ਕਰਨਗੇ। ਇਹ ਨਾਲ ਹੀ ਪਿੰਡ ਵਾਲਿਆਂ ਦੇ ਇੰਟ੍ਰਸਟ ਵਾਚ ਕਰਨਗੇ। ਇਹ ਅਸੀਂ ਆਲਰੈਡੀ ਨਵੀਂ ਪਾਲਿਸੀ ਵਿੱਚ ਪਾ ਦਿੱਤਾ ਹੈ।

ਜ਼ਿਲ੍ਹਾ ਜਲੰਧਰ ਵਿੱਚ ਬਿਧੀਪੁਰ ਤੋਂ ਢਿੱਲਵਾਂ ਤੱਕ ਸੜਕ ਦਾ ਟੋਟਾ ਬਣਾਉਣਾ

***1025. ਬੀਬੀ ਜਗੀਰ ਕੌਰ :** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਜ਼ਿਲ੍ਹਾ ਜਲੰਧਰ ਵਿੱਚ ਨੈਸ਼ਨਲ ਹਾਈਵੇ ਉਤੇ ਬਿਧੀਪੁਰ ਤੋਂ ਢਿੱਲਵਾਂ ਤੱਕ ਸੜਕ ਦਾ ਕਰੀਬ 20 ਕਿਲੋਮੀਟਰ ਦਾ ਟੋਟਾ ਜੋ ਬਣਨ ਵਾਲਾ ਸੀ, ਦੀ ਅਜੋਕੀ ਸਥਿਤੀ ਕੀ ਹੈ ਅਤੇ ਇਸ ਨੂੰ ਕਦੋਂ ਤੱਕ ਮੁਕੰਮਲ ਕਰ ਦਿੱਤਾ ਜਾਵੇਗਾ ?

ਸਰਦਾਰ ਸ਼ਰਨਜੀਤ ਸਿੰਘ ਢਿੱਲੋਂ : ਸ਼੍ਰੀਮਾਨ ਜੀ, ਬਿਧੀਪੁਰ ਤੋਂ ਢਿੱਲਵਾਂ ਤੱਕ ਸੜਕ ਜੋ ਨੈਸ਼ਨਲ ਹਾਈਵੇ ਨੰ: 1 ਦਾ ਹਿੱਸਾ ਹੈ, ਨੂੰ 6 ਮਾਰਗੀ ਕਰਨ ਲਈ ਨੈਸ਼ਨਲ ਹਾਈਵੇ ਅਥਾਰਟੀ ਆਫ ਇੰਡੀਆ ਵੱਲੋਂ ਵਿੱਤੀ ਟੈਂਡਰ ਲਗਾਇਆ ਜਾ ਚੁੱਕਾ ਹੈ ਅਤੇ ਮਿਤੀ 30.10.2013 ਨੂੰ ਭਾਵ ਅੱਜ ਲਿਆ ਜਾਣਾ ਹੈ। ਇਹ ਕੰਮ ਟੈਂਡਰ ਦੀ ਅਲਾਟਮੈਂਟ ਹੋਣ ਦੀ ਮਿਤੀ ਤੋਂ ਬਾਅਦ ਤਕਰੀਬਨ ਡੇਢ ਸਾਲ ਵਿੱਚ ਮੁਕੰਮਲ ਹੋ ਜਾਣ ਦੀ ਸੰਭਾਵਨਾ ਹੈ ।

ਬੀਬੀ ਜਗੀਰ ਕੌਰ : ਸਭ ਤੋਂ ਪਹਿਲਾਂ ਮੈਂ ਮੰਤਰੀ ਜੀ ਦਾ ਧੰਨਵਾਦ ਕਰਦੀ ਹਾਂ, ਜਿਨ੍ਹਾਂ ਨੇ ਨੈਸ਼ਨਲ ਹਾਈਵੇ ਦੇ ਇਸ ਅਹਿਮ ਹਿੱਸੇ ਨੂੰ ਬੜੀ ਸ਼ਿੱਦਤ ਅਤੇ ਮਿਹਨਤ ਕਰਕੇ ਨੈਸ਼ਨਲ ਹਾਈਵੇ ਅਥਾਰਟੀ ਕੋਲੋਂ ਮਨਜ਼ੂਰ ਕਰਵਾਇਆ ਹੈ। ਮੈਂ ਪੁੱਛਣਾ ਚਾਹਾਂਗੀ ਕਿ ਇਸ ਤੇ ਕੰਮ ਸ਼ੁਰੂ ਹੋਣ ਵਾਸਤੇ ਕਿੰਨਾ ਸਮਾਂ ਲੱਗੇਗਾ ਅਤੇ ਕਿੰਨਾ ਟੋਟਲ ਖਰਚਾ ਆ ਰਿਹਾ ਹੈ।

ਮੰਤਰੀ : ਸਪੀਕਰ ਸਾਹਿਬ, ਇਸ ਰੋਡ ਉੱਤੇ ਤਕਰੀਬਨ 480 ਕਰੋੜ ਰੁਪਏ

[ਲੋਕ ਨਿਰਮਾਣ (ਭ ਤੇ ਮ) ਮੰਤਰੀ]

ਲਾਗਤ ਆਉਣ ਦੀ ਸੰਭਾਵਨਾ ਹੈ ਅਤੇ ਇਸ ਨੂੰ ਛੇ ਮਾਰਗੀ ਕੀਤਾ ਜਾਣਾ ਹੈ। ਇਹ ਕੰਮ ਅਸੀਂ ਤਕਰੀਬਨ ਦਸੰਬਰ, 2013 ਤੱਕ ਅਲਾਟ ਕਰ ਦੇਣਾ ਹੈ। ਉਸ ਤੋਂ ਤਕਰੀਬਨ ਡੇਢ ਸਾਲ ਦੇ ਅੰਦਰ ਅੰਦਰ ਕੰਮ ਮੁਕੰਮਲ ਹੋ ਜਾਣਾ ਹੈ।

ਰਾਜ ਵਿੱਚ ਨਵੀਆਂ ਲਿੰਕ ਸੜਕਾਂ ਬਣਾਉਣਾ

***1001. ਸਰਦਾਰ ਗੁਰਤੇਜ ਸਿੰਘ ਘੁੜਿਆਣਾ :** ਕੀ ਮੁੱਖ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਕੀ ਰਾਜ ਵਿੱਚ ਚਾਲੂ ਵਿੱਤੀ ਸਾਲ ਜਾਂ ਅਗਲੇ ਵਿੱਤੀ ਸਾਲ ਦੌਰਾਨ ਨਵੀਆਂ ਲਿੰਕ ਸੜਕਾਂ ਬਣਾਉਣ ਅਤੇ ਮੁਰੰਮਤ ਕਰਨ ਲਈ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ ਤਾਂ ਵੇਰਵਾ ਦਿੱਤਾ ਜਾਵੇ?

ਸਰਦਾਰ ਪਰਕਾਸ਼ ਸਿੰਘ ਬਾਦਲ : ਹਾਲ ਦੀ ਘੜੀ ਨਵੀਆਂ ਲਿੰਕ ਸੜਕਾਂ ਬਣਾਉਣ ਦੀ ਕੋਈ ਤਜਵੀਜ਼ ਵਿਚਾਰ ਅਧੀਨ ਨਹੀਂ ਹੈ। ਸਾਲ 2013-14 ਦੌਰਾਨ ਲਿੰਕ ਸੜਕਾਂ ਦੀ ਮੁਰੰਮਤ ਦੇ ਪ੍ਰੋਗਰਾਮ ਅਧੀਨ 12,664 ਕਿਲੋਮੀਟਰ ਜਿਸ ਦੀ ਲਾਗਤ 1711.45 ਕਰੋੜ ਰੁਪਏ ਹੈ, ਦੀ ਪ੍ਰਵਾਨਗੀ ਦਿੱਤੀ ਜਾ ਚੁੱਕੀ ਹੈ ਅਤੇ ਇਸ ਪ੍ਰੋਗਰਾਮ ਦੀ ਇੰਪਲੀਮੈਂਟੇਸ਼ਨ ਜਲਦੀ ਹੀ ਸ਼ੁਰੂ ਹੋਣ ਦੀ ਆਸ ਹੈ।

ਸਰਦਾਰ ਗੁਰਤੇਜ ਸਿੰਘ ਘੁੜਿਆਣਾ : ਸਪੀਕਰ ਸਾਹਿਬ, ਮੈਂ ਮੁੱਖ ਮੰਤਰੀ ਸਾਹਿਬ ਦਾ ਬੜਾ ਧੰਨਵਾਦ ਕਰਦਾ ਹਾਂ ਕਿ ਪੰਜਾਬ ਦੀ ਹਿਸਟਰੀ ਵਿੱਚ ਪਹਿਲੀ ਵਾਰ ਹੋਇਆ ਹੈ ਕਿ 1711 ਕਰੋੜ ਰੁਪਏ ਨਾਲ 12,664 ਕਿਲੋਮੀਟਰ ਸੜਕਾਂ ਰਿਪੇਅਰ ਹੋਣ ਜਾ ਰਹੀਆਂ ਹਨ। ਮੇਰਾ ਇੱਕੋ ਇੱਕ ਸੀ.ਐਮ. ਸਾਹਿਬ ਨੂੰ ਕੁਐਸਚਨ ਹੈ ਕਿ ਇਹ ਕੰਮ ਕਦੋਂ ਤੱਕ ਹੋ ਜਾਵੇਗਾ? ਕੀ ਇਸ ਸਬੰਧੀ ਕੋਈ ਸਮਾਂ ਸੀਮਾ ਨਿਰਧਾਰਤ ਕੀਤੀ ਗਈ ਹੈ?

ਮੁੱਖ ਮੰਤਰੀ : ਇਸ ਵਾਸਤੇ ਟੈਂਡਰ ਮੰਗੇ ਜਾ ਰਹੇ ਹਨ। ਇਹ ਕੰਮ ਜਲਦੀ ਹੀ ਸ਼ੁਰੂ ਹੋ ਜਾਵੇਗਾ। ਕੁਝ ਟੈਂਡਰ ਮੰਗ ਲਏ ਗਏ ਹਨ ਅਤੇ ਕੁਝ ਮੰਗੇ ਜਾ ਰਹੇ ਹਨ।

ਸਰਦਾਰ ਗੁਰਤੇਜ ਸਿੰਘ ਘੁੜਿਆਣਾ : ਸਪੀਕਰ ਸਾਹਿਬ, ਮੈਨੂੰ ਇਸ ਗੱਲ ਦਾ ਬੜਾ ਮਾਣ ਹੈ ਕਿ ਪੰਜਾਬ ਵਿੱਚ ਜਦੋਂ ਵੀ ਸ਼੍ਰੋਮਣੀ ਅਕਾਲੀ ਦਲ ਅਤੇ ਬੀ.ਜੇ.ਪੀ. ਦੀ ਸਰਕਾਰ ਬਣਦੀ ਹੈ, ਉਸੇ ਵੇਲੇ ਨਵੀਆਂ ਲਿੰਕ ਰੋਡਜ਼ ਦਾ ਕੰਮ ਸ਼ੁਰੂ ਹੁੰਦਾ ਹੈ। (ਥੰਪਿੰਗ) (ਆਪੋਜ਼ੀਸ਼ਨ ਬੈਂਚਿਜ਼ ਵੱਲੋਂ ਸ਼ੇਮ ਸ਼ੇਮ ਦੀਆਂ ਅਵਾਜ਼ਾਂ) ਸੁਣ ਤਾਂ ਲਵੋ।

Mr. Speaker : Please keep silence.

ਸਰਦਾਰ ਗੁਰਤੇਜ ਸਿੰਘ ਘੁੜਿਆਣਾ : ਸੁਣ ਲਵੋ ਮਾੜਾ ਜਿਹਾ। ਸਪੀਕਰ ਸਾਹਿਬ, ਮੈਨੂੰ ਪਤਾ ਹੈ ਕਿ ਜਦੋਂ ਮੈਂ ਪਹਿਲੀ ਵਾਰ ਸਾਲ 1997 ਵਿੱਚ ਐਮ.ਐਲ.ਏ. ਬਣਿਆ ਤਾਂ 165 ਕਿਲੋਮੀਟਰ ਸੜਕ ਬੱਲੂਆਣੇ ਹਲਕੇ ਵਿੱਚ ਬਣੀ ਔਰ ਸੈਕਿੰਡ ਟਾਈਮ ਕਾਂਗਰਸ ਪਾਰਟੀ ਦਾ ਰਾਜ ਆਇਆ ਤਾਂ 7 ਕਿਲੋਮੀਟਰ ਸੜਕ ਨਹੀਂ ਬਣ ਸਕੀ। (ਟਰੇਜ਼ਰੀ ਬੈਂਚਿਜ਼ ਵੱਲੋਂ ਸ਼ੇਮ ਸ਼ੇਮ ਦੀਆਂ ਅਵਾਜ਼ਾਂ) ਤੀਜੀ ਵਾਰ ਸਾਲ 2007 ਵਿੱਚ

ਸਰਕਾਰ ਬਣੀ ਤਾਂ ਉਸ ਵੇਲੇ ਵੀ ਬੱਲੂਆਣੇ ਵਿੱਚ 100 ਕਿਲੋਮੀਟਰ ਦੇ ਕਰੀਬ ਸੜਕ ਬਣੀ। ....(ਵਿਘਨ....ਸ਼ੋਰ).... ਜੇਕਰ ਕੋਈ ਸ਼ੱਕ ਕਰਦਾ ਹੈ ਤਾਂ ਮਿਣਤੀ ਕਰਵਾ ਲਵੇ।

ਮਾਨਯੋਗ ਸਪੀਕਰ : ਤੁਸੀਂ ਸਪਲੀਮੈਂਟਰੀ ਕਰੋ। ਤੁਸੀਂ ਕੁਐਸਚਨ ਕਰੋ।

ਸਰਦਾਰ ਗੁਰਤੇਜ ਸਿੰਘ ਘੁੜਿਆਣਾ : ਸਪੀਕਰ ਸਾਹਿਬ, ਇਹ ਸੁਣ ਤਾਂ ਲੈਣ। ....(ਵਿਘਨ).... ਸੁਣਨ ਦਾ ਮਾਦਾ ਤਾਂ ਰੱਖੋ। ਮੈਨੂੰ ਇਸ ਗੱਲ ਦੀ ਬੜੀ ਖੁਸ਼ੀ ਹੈ ਕਿ ਜਦੋਂ ਵੀ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਬਣਦੀ ਹੈ, ਬਾਦਲ ਸਾਹਿਬ 20 ਕਿਲੋਮੀਟਰ ਸੜਕਾਂ ਦੀਆਂ ਲਿਸਟਾਂ ਮੰਗਵਾ ਲੈਂਦੇ ਹਨ ਅਤੇ ਕਹਿੰਦੇ ਹਨ ਕਿ 20 ਕਿਲੋਮੀਟਰ ਨਵੀਆਂ ਸੜਕਾਂ ਬਣਨਗੀਆਂ। ਜਦੋਂ ਵੀ ਸਰਕਾਰ ਬਣਦੀ ਹੈ, ਇਹ ਰਿਕਾਰਡ ਤੇ ਹੈ।

(ਇਸ ਸਮੇਂ ਵਿਰੋਧੀ ਧਿਰ ਦੇ ਕਈ ਮੈਂਬਰ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਤੋਂ ਬੋਲ ਰਹੇ ਸਨ।)

ਮਾਨਯੋਗ ਸਪੀਕਰ : ਮੈਂ ਕਿਹਾ ਜੀ, ਬੈਠ ਜਾਉ।

ਸਰਦਾਰ ਗੁਰਤੇਜ ਸਿੰਘ ਘੁੜਿਆਣਾ : ਇਹ ਪੰਜਾਬ ਵਾਸੀਆਂ ਨੂੰ ਗਿਫਟ ਮਿਲਦਾ ਹੈ, ਇਹ ਤੁਸੀਂ ਨਹੀਂ ਦੇ ਸਕਦੇ। ਮੇਰੀ ਸਿਰਫ ਇੱਕੋ ਇੱਕ ਗੁਜ਼ਾਰਿਸ਼ ਹੈ......

ਮਾਨਯੋਗ ਸਪੀਕਰ : ਤੁਸੀਂ ਸਪਲੀਮੈਂਟਰੀ ਕਰੋ।

ਸਰਦਾਰ ਗੁਰਤੇਜ ਸਿੰਘ ਘੁੜਿਆਣਾ : ਸਪੀਕਰ ਸਾਹਿਬ, ਇਹ ਸੁਣਦੇ ਹੀ ਨਹੀਂ ਹਨ। ਜਦੋਂ ਵੀ ਸੜਕਾਂ ਰਿਪੇਅਰ ਹੋ ਜਾਣ ......(ਵਿਘਨ)..... ਸੁਣਨ ਦਾ ਮਾਦਾ ਰੱਖੋ। ਬਾਅਦ ਵਿੱਚ ਗੱਲ ਕਰ ਲੈਣਾ। ਇਹ ਰਿਕਾਰਡ ਦੀਆਂ ਗੱਲਾਂ ਹਨ। It is a matter of record. ਸੁਣਨ ਦੀਆਂ ਆਦਤਾਂ ਪਾ ਲਉ।

ਮਾਨਯੋਗ ਸਪੀਕਰ : ਤੁਸੀਂ ਸਪਲੀਮੈਂਟਰੀ ਕਰੋ।

ਸਰਦਾਰ ਗੁਰਤੇਜ ਸਿੰਘ ਘੁੜਿਆਣਾ : ਸਪੀਕਰ ਸਾਹਿਬ, ਤੁਹਾਡੇ ਰਾਹੀਂ ਸੀ.ਐਮ. ਸਾਹਿਬ ਨੂੰ ਮੇਰੀ ਰਿਕੁਐਸਟ ਹੈ ਕਿ ਜਦੋਂ ਇਹ ਸੜਕਾਂ ਰਿਪੇਅਰ ਹੋ ਜਾਣ ਤਾਂ ਜਲਦੀ ਤੋਂ ਜਲਦੀ ਪੰਜਾਬ ਵਾਸੀਆਂ ਨੂੰ ਨਵੀਆਂ ਲਿੰਕ ਸੜਕਾਂ ਦਾ ਤੋਹਫਾ ਦਿੱਤਾ ਜਾਵੇ। ਧੰਨਵਾਦ ਜੀ।

(ਇਸ ਸਮੇਂ ਵਿਰੋਧੀ ਧਿਰ ਦੇ ਕਈ ਮੈਂਬਰ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਤੋਂ ਬੋਲ ਰਹੇ ਸਨ।)

ਮਾਨਯੋਗ ਸਪੀਕਰ : ਮੇਰੀ ਗੱਲ ਸੁਣੋ। ਇਹ ਸਪੈਸ਼ਲੀ ਇਨ੍ਹਾਂ ਦੇ ਆਪਣੇ ਪਰਟੀਕੂਲਰ ਏਰੀਏ ਨਾਲ ਸਬੰਧਿਤ ਹੈ। ਪੂਰੇ ਪੰਜਾਬ ਨਾਲ ਸਬੰਧਿਤ ਨਹੀਂ ਹੈ।

ਨਿਸ਼ਾਨ ਵਾਲਾ ਪ੍ਰਸ਼ਨ ਨੰ: 1122*

ਮਾਨਯੋਗ ਸਪੀਕਰ : ਇਹ ਪ੍ਰਸ਼ਨ ਪੋਸਟਪੋਨ ਕੀਤਾ ਜਾਂਦਾ ਹੈ।

ਕੇਂਦਰ ਸਰਕਾਰ ਦੀ ਤਰਜ਼ ਤੇ ਮਹਿੰਗਾਈ ਭੱਤਾ ਦੇਣਾ

*1057. **1) ਸਰਦਾਰ ਚਰਨਜੀਤ ਸਿੰਘ ਚੰਨੀ**
2) ਸਰਦਾਰ ਪਰਮਿੰਦਰ ਸਿੰਘ ਪਿੰਕੀ } : ਕੀ

ਵਿੱਤ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ:-

(ੳ) ਸਰਕਾਰ ਆਪਣੇ ਕਰਮਚਾਰੀਆਂ ਨੂੰ ਕੇਂਦਰ ਸਰਕਾਰ ਦੀ ਤਰਜ਼ ਤੇ ਬਣਦੀਆਂ ਜਨਵਰੀ, 2013 ਤੋਂ 8% ਦੀ ਦਰ ਤੇ ਅਤੇ ਜੁਲਾਈ, 2013 ਤੋਂ 10% ਦੀ ਦਰ ਤੇ (ਕੁੱਲ 18% ਦੀ ਦਰ ਤੇ) ਮਹਿੰਗਾਈ ਭੱਤੇ ਦੀਆਂ ਦੋ ਕਿਸ਼ਤਾਂ ਕਦੋਂ ਤੱਕ ਜਾਰੀ ਕਰ ਦੇਵੇਗੀ;

(ਅ) ਕਰਮਚਾਰੀਆਂ ਦੀ ਸੋਧੇ ਤਨਖਾਹ ਸਕੇਲਾਂ ਕਾਰਨ ਬਣਦੇ ਬਕਾਏ ਦੀ 30% ਰਕਮ ਦੀ ਅਦਾਇਗੀ ਕਦੋਂ ਤੱਕ ਕਰ ਦਿੱਤੀ ਜਾਵੇਗੀ।

ਸਰਦਾਰ ਪਰਮਿੰਦਰ ਸਿੰਘ ਢੀਂਡਸਾ : ਸ਼੍ਰੀਮਾਨ ਜੀ,

(ੳ) ਪੰਜਾਬ ਸਰਕਾਰ ਵੱਲੋਂ ਕੇਂਦਰ ਸਰਕਾਰ ਦੀ ਤਰਜ਼ ਤੇ ਜੁਲਾਈ 2013 ਤੋਂ 8% ਦੀ ਦਰ ਤੇ ਮਹਿੰਗਾਈ ਭੱਤਾ ਵਿੱਤ ਵਿਭਾਗ ਦੇ ਪੱਤਰ ਨੰ:3/2/97-ਐਫ.ਪੀ.1/2039, ਮਿਤੀ 25-10-2013 ਨਾਲ ਜਾਰੀ ਕਰ ਦਿੱਤਾ ਗਿਆ ਹੈ। 10% ਮਹਿੰਗਾਈ ਭੱਤੇ ਸਬੰਧੀ ਮਾਮਲਾ ਅਜੇ ਸਰਕਾਰ ਦੇ ਵਿਚਾਰ ਅਧੀਨ ਹੈ।

(ਅ) ਕਰਮਚਾਰੀਆਂ ਦੇ ਸੋਧੇ ਤਨਖਾਹ ਸਕੇਲਾਂ ਕਾਰਨ ਬਣਦੇ 30% ਬਕਾਇਆ ਸਬੰਧੀ ਵਿੱਤ ਵਿਭਾਗ ਦੇ ਪੱਤਰ ਨੰ: 5/10/09-5ਵਿ.ਪ੍ਰ.1/1114, ਮਿਤੀ 3-5-2013 ਨਾਲ ਮਹੀਨਾ ਨਵੰਬਰ ਵਿੱਚ ਜਾਰੀ ਕਰਨ ਦੀਆਂ ਹਦਾਇਤਾਂ ਜਾਰੀ ਕਰ ਦਿੱਤੀਆਂ ਗਈਆਂ ਹਨ।

ਨੰ: 3/2/97-ਐਫ.ਪੀ.1/2039

ਪੰਜਾਬ ਸਰਕਾਰ

ਵਿੱਤ ਵਿਭਾਗ

(ਵਿੱਤ ਪ੍ਰਸੋਨਲ -1 ਸ਼ਾਖਾ)

ਸੇਵਾ ਵਿਖੇ ਮਿਤੀ, ਚੰਡੀਗੜ੍ਹ: 25/10-2013

ਸਮੂਹ ਵਿਭਾਗਾਂ ਦੇ ਮੁਖੀ,

---

*For Starred Question No. 1122 and reply thereto, please see Apendix to this Debates.

ਰਜਿਸਟਰਾਰ ਪੰਜਾਬ ਅਤੇ ਹਰਿਆਣਾ ਹਾਈ ਕੋਰਟ,
ਡਵੀਜ਼ਨਾਂ ਦੇ ਕਮਿਸ਼ਨਰ ਅਤੇ ਰਾਜ ਦੇ ਸਮੂਹ ਡਿਪਟੀ ਕਮਿਸ਼ਨਰ।

ਵਿਸ਼ਾ:- ਪੰਜਾਬ ਸਰਕਾਰ ਦੇ ਕਰਮਚਾਰੀਆਂ ਅਤੇ ਪੈਨਸ਼ਨਰਾਂ ਨੂੰ ਮਿਤੀ 1.1.2013 ਤੋਂ ਡਿਊ ਮਹਿੰਗਾਈ ਭੱਤੇ ਦੀ ਕਿਸ਼ਤ ਦੇਣ ਬਾਰੇ।

ਸ਼੍ਰੀਮਾਨ ਜੀ,

ਮੈਨੂੰ ਉਪਰੋਕਤ ਵਿਸ਼ੇ ਤੇ ਇਸ ਵਿਭਾਗ ਦੇ ਗਸ਼ਤੀ ਪੱਤਰ ਨੰ: 3/2/97-1 ਐਫ.ਪੀ.1/1110 ਮਿਤੀ 12.11.2012 ਵੱਲ ਧਿਆਨ ਦਿਵਾਉਣ ਅਤੇ ਇਹ ਦੱਸਣ ਦੀ ਹਦਾਇਤ ਹੋਈ ਹੈ ਕਿ ਪੰਜਾਬ ਦੇ ਰਾਜਪਾਲ ਜੀ ਨੇ ਪ੍ਰਸੰਨਤਾ ਪੂਰਵਕ ਪੰਜਾਬ ਸਰਕਾਰ ਦੇ ਕਰਮਚਾਰੀਆਂ ਅਤੇ ਪੈਨਸ਼ਨਰਾਂ ਨੂੰ ਮਿਤੀ 1.1.2013 ਤੋਂ ਡਿਊ ਮਹਿੰਗਾਈ ਭੱਤੇ ਦੀ ਕਿਸ਼ਤ ਮਿਤੀ 1 ਜੁਲਾਈ, 2013 ਤੋਂ ਦੇਣ ਦੀ ਪ੍ਰਵਾਨਗੀ ਦੇ ਦਿੱਤੀ ਹੈ। ਇਸ ਨਾਲ ਸਰਕਾਰੀ ਕਰਮਚਾਰੀਆਂ ਅਤੇ ਪੈਨਸ਼ਨਰਾਂ ਦਾ ਮਹਿੰਗਾਈ ਭੱਤਾ ਬੇਸਿਕ ਪੇ/ਪੈਨਸ਼ਨ ਤੇ ਮੌਜੂਦਾ 72% ਤੋਂ ਵਧ ਕੇ 80% ਹੋ ਜਾਵੇਗਾ।

2. ਇਸ ਵਧੀ ਹੋਈ ਦਰ ਤੇ ਮਿਲਣਯੋਗ ਮਹਿੰਗਾਈ ਭੱਤੇ ਦਾ ਮਿਤੀ 1.10.2013 ਤੋਂ ਤਨਖਾਹ/ਪੈਨਸ਼ਨ ਨਾਲ ਭੁਗਤਾਨ ਕੀਤਾ ਜਾਵੇਗਾ ਅਤੇ ਮਹੀਨਾ ਜੁਲਾਈ ਤੋਂ ਮਹੀਨਾ ਸਤੰਬਰ ਤੱਕ ਦੇ ਮਹਿੰਗਾਈ ਭੱਤੇ ਦਾ ਬਕਾਇਆ ਨਕਦ ਅਦਾ ਕੀਤਾ ਜਾਵੇਗਾ। ਉਪਰੋਕਤ ਅਨੁਸਾਰ ਵਧੀ ਹੋਈ ਦਰ ਤੇ ਮਹਿੰਗਾਈ ਭਤੇ ਦਾ ਮਿਤੀ 1.1.2013 ਤੋਂ 30.6.2013 ਤੱਕ ਦਾ ਬਕਾਇਆ ਦੇਣ ਬਾਰੇ ਫੈਸਲਾ ਬਾਅਦ ਵਿੱਚ ਲਿਆ ਜਾਵੇਗਾ।

3 ਅਜਿਹੇ ਕਰਮਚਾਰੀ, ਜਿਨ੍ਹਾਂ ਦੀ ਨਿਯੁਕਤੀ ਪੰਜਾਬ ਸਰਕਾਰ ਵੱਲੋਂ ਪੱਤਰ ਨੰਬਰ 3/72 2003-3 ਐਫ.ਪੀ.ਪੀ.ਸੀ./7280, ਮਿਤੀ 12.12.2006 ਰਾਹੀਂ ਜਾਰੀ ਕੀਤੀ ਨਿਊ ਰੀਸਟਰੈਕਚਰਡ ਡਿਫਾਈਨਡ ਕੰਟਰੀਬਿਊਟਰੀ ਪੈਨਸ਼ਨ ਸਕੀਮ ਅਧੀਨ ਮਿਤੀ 1.1.2004 ਜਾਂ ਉਸ ਉਪਰੰਤ ਕੀਤੀ ਗਈ ਹੈ ਅਤੇ ਜਿਨ੍ਹਾਂ ਨੇ ਅਜੇ ਤੱਕ ਉਕਤ ਸਕੀਮ ਦੇ ਟਾਇਰ II ਅਧੀਨ ਆਪਣੇ ਖਾਤੇ ਨਹੀਂ ਖੁਲਵਾਏ, ਵਿਭਾਗਾਂ ਨੂੰ ਇਹ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਵਧੀਆਂ ਦਰਾਂ ਤੇ ਮਿਲਣ ਵਾਲੇ ਮਹਿੰਗਾਈ ਭੱਤੇ ਵਜੋਂ ਬਣਨ ਵਾਲੇ ਬਕਾਏ ਦੀ ਰਕਮ ਦੇ ਇਵਜ਼ ਵਿੱਚ ਪੰਜਾਬ ਰਾਜ ਵਿੱਚ ਸਥਿਤ ਡਾਕਘਰਾਂ ਤੋਂ ਸਬੰਧਿਤ ਕਰਮਚਾਰੀਆਂ ਦੇ ਨਾਮ ਤੇ ਨੈਸ਼ਨਲ ਸੇਵਿੰਗ ਸਰਟੀਫਿਕੇਟ/ਕਿਸਾਨ ਵਿਕਾਸ ਪੱਤਰਾਂ ਦੀ ਖਰੀਦ ਕਰਨ।

4. ਅਜਿਹੇ ਕਰਮਚਾਰੀ ਜਿਨ੍ਹਾਂ ਨੇ ਪੰਜਾਬ ਸਰਕਾਰ ਦੀ ਸੇਵਾ ਪੱਤਰ ਨੰਬਰ 3/72/2003-3 ਐਫ.ਪੀ.ਪੀ.ਸੀ./7280, ਮਿਤੀ 12.12.2006 ਰਾਹੀਂ ਜਾਰੀ ਕੀਤੀ ਨਿਊ ਰੀਸਟਰੈਕਚਰਡ ਡਿਫਾਈਨਡ ਕੰਟਰੀਬਿਊਟਰੀ ਪੈਨਸ਼ਨ ਸਕੀਮ ਅਧੀਨ 1.1.2004 ਜਾਂ ਉਸ ਤੋਂ ਬਾਅਦ ਜੁਆਇੰਨ ਕੀਤੀ ਹੈ, ਉਨ੍ਹਾਂ ਦਾ ਵਧੀਆਂ ਦਰਾਂ ਤੇ ਮਹਿੰਗਾਈ ਭੱਤੇ

[ਵਿੱਤ ਮੰਤਰੀ]

ਦੀ ਰਾਸ਼ੀ ਦੇ ਬਕਾਏ ਦਾ 10% ਹਿੱਸਾ ਨਿਊ ਰੀਸਟਰੈਕਟਚਰਡ ਡਿਫਾਈਨਡ ਕੰਟਰੀਬਿਊਟਰੀ ਪੈਨਸ਼ਨ ਸਕੀਮ ਦੇ ਟਾਇਰ I ਸੇਵਿੰਗ ਸਰਟੀਫਿਕੇਟਸ/ਕਿਸਾਨ ਵਿਕਾਸ ਪੱਤਰ ਖਰੀਦ ਕੇ ਕਰਮਚਾਰੀਆਂ ਦੇ ਨਾਮ ਤੇ ਨਿਵੇਸ਼ ਕੀਤਾ ਜਾਵੇਗਾ।

5. ਪੰਜਾਬ ਸਰਕਾਰ ਦੇ ਸਾਰੇ ਪੈਨਸ਼ਨਰਾਂ ਨੂੰ ਮਹਿੰਗਾਈ ਭੱਤੇ ਦੀ ਵਧੀ ਕਿਸ਼ਤ ਦੇ, ਜੁਲਾਈ 2013 ਤੋਂ ਸਤੰਬਰ, 2013 ਤੱਕ ਦੇ, ਏਰੀਅਰ ਦਾ ਨਕਦ ਭੁਗਤਾਨ ਕੀਤਾ ਜਾਵੇਗਾ।

ਵਿਸ਼ਵਾਸਪਾਤਰ

ਸਹੀ/-

(ਕਮਲੇਸ਼ ਅਰੋੜਾ)

ਅਧੀਨ ਸਕੱਤਰ ਵਿੱਤ (ਕ)

ਨੰ: 3/2/97-ਐਫ.ਪੀ.1/2040 ਮਿਤੀ, ਚੰਡੀਗੜ੍ਹ: 25.10.2013

ਇਸ ਦਾ ਇੱਕ ਉਤਾਰਾ ਸਮੇਤ ਇੱਕ ਵਾਧੂ ਕਾਪੀ ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਮਹਾਂਲੇਖਾਕਾਰ (ਆਡਿਟ), ਪੰਜਾਬ, ਚੰਡੀਗੜ੍ਹ।
2. ਮਹਾਂਲੇਖਾਕਾਰ (ਲੇਖਾ ਅਤੇ ਹੱਕਦਾਰੀ), ਪੰਜਾਬ, ਚੰਡੀਗੜ੍ਹ।
3. ਮਹਾਂਲੇਖਾਕਾਰ (ਲੇਖਾ ਅਤੇ ਹੱਕਦਾਰੀ), ਉਤਰਾਖੰਡ, ਓਬਰਾਏ ਮੋਟਰ ਬਿਲਡਿੰਗ, ਸਹਾਰਨਪੁਰ ਰੋਡ ਮਾਜਰਾ, ਦੇਹਰਾਦੂਨ-248171
4. ਮਹਾਂਲੇਖਾਕਾਰ (ਲੇਖਾ ਅਤੇ ਹੱਕਦਾਰੀ), ਇਲਾਹਾਬਾਦ, ਉੱਤਰ ਪ੍ਰਦੇਸ਼।

ਸਹੀ/-

(ਕਮਲੇਸ਼ ਅਰੋੜਾ)

ਅਧੀਨ ਸਕੱਤਰ ਵਿੱਤ (ਕ)

ਨੰ: 3/2/97-ਐਫ.ਪੀ.1/2041 ਮਿਤੀ, ਚੰਡੀਗੜ੍ਹ: 25.10.2013

ਉਤਾਰਾ ਨਿਮਨ ਲਿਖਤ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਸਕੱਤਰ, ਹਿਮਾਚਲ ਪ੍ਰਦੇਸ਼ ਸਰਕਾਰ, ਵਿੱਤ ਵਿਭਾਗ, ਸ਼ਿਮਲਾ।
2. ਵਿੱਤ ਸਕੱਤਰ, ਚੰਡੀਗੜ੍ਹ ਪ੍ਰਸਾਸ਼ਨ, ਚੰਡੀਗੜ੍ਹ।
3. ਰਾਜ ਦੇ ਸਮੂਹ ਜ਼ਿਲ੍ਹਾ ਖਜ਼ਾਨਾ ਅਫ਼ਸਰ/ਖਜ਼ਾਨਾ ਅਫ਼ਸਰ।

ਸਹੀ/-

(ਨਰਿੰਦਰ ਕੌਰ)

ਸੁਪਰਡੰਟ

ਨੰ: 3/2/97-ਐਫ.ਪੀ.1/2042 ਮਿਤੀ, ਚੰਡੀਗੜ੍ਹ: 25.10.2013

ਇਸ ਦਾ ਇੱਕ ਉਤਾਰਾ ਨਿਮਨ ਲਿਖਤ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਮੁੱਖ ਸਕੱਤਰ, ਪੰਜਾਬ ਸ਼ਰਕਾਰ, ਚੰਡੀਗੜ੍ਹ।
2. ਸਮੂਹ ਵਿੱਤੀ ਕਮਿਸ਼ਨਰ ਅਤੇ ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ, ਚੰਡੀਗੜ੍ਹ।
3. ਰੈਜ਼ੀਡੈਂਟ ਕਮਿਸ਼ਨਰ, ਪੰਜਾਬ ਭਵਨ, ਕਾਪਰਨਿਕਸ ਮਾਰਗ, ਨਵੀਂ ਦਿੱਲੀ।

ਨੰ: 5/10/09-5ਵਿ.ਪ੍ਰ-1/1174

ਪੰਜਾਬ ਸਰਕਾਰ

ਵਿੱਤ ਵਿਭਾਗ

(ਵਿੱਤ ਪ੍ਰਸੋਨਲ -1 ਸ਼ਾਖਾ)

ਸੇਵਾ ਵਿਖੇ ਮਿਤੀ, ਚੰਡੀਗੜ੍ਹ: 03, ਮਈ, 2013

ਸਮੂਹ ਵਿਭਾਗਾਂ ਦੇ ਮੁਖੀ,
ਰਜਿਸਟਰਾਰ ਪੰਜਾਬ ਅਤੇ ਹਰਿਆਣਾ ਹਾਈ ਕੋਰਟ,
ਡਵੀਜਨਾਂ ਦੇ ਕਮਿਸ਼ਨਰ, ਸਮੂਹ ਜ਼ਿਲ੍ਹਾ ਤੇ ਸੈਸ਼ਨ ਜੱਜ ਅਤੇ ਸਮੂਹ ਡਿਪਟੀ ਕਮਿਸ਼ਨਰ ਪੰਜਾਬ ਰਾਜ ਵਿੱਚ

ਵਿਸ਼ਾ : ਪੰਜਵੇਂ ਤਨਖਾਹ ਕਮਿਸ਼ਨ ਦੀਆਂ ਸਿਫਾਰਸ਼ਾਂ ਅਨੁਸਾਰ ਪੰਜਾਬ ਸਰਕਾਰ ਦੇ ਕਰਮਚਾਰੀਆਂ ਨੂੰ ਮਿਤੀ 1.1.2006 ਤੋਂ 31.7.2009 ਤੱਕ ਦੇ ਤਨਖਾਹਾਂ ਦੇ ਬਕਾਇਆਂ ਦੀ ਅਦਾਇਗੀ ਕਰਨ ਬਾਰੇ।

ਸ਼੍ਰੀਮਾਨ ਜੀ,

ਮੈਨੂੰ ਉਪਰੋਕਤ ਵਿਸ਼ੇ ਤੇ ਇਸ ਵਿਭਾਗ ਦੇ ਪੱਤਰ ਨੰ: 5/10/2009-5 ਐਫ.ਪੀ.1/844 ਮਿਤੀ 29.12.2010 ਵੱਲ ਧਿਆਨ ਦਿਵਾਉਣ ਅਤੇ ਇਹ ਲਿਖਣ ਦੀ ਹਦਾਇਤ ਹੋਈ ਹੈ ਕਿ ਸਰਕਾਰ ਨੇ ਫੈਸਲਾ ਕੀਤਾ ਹੈ ਕਿ ਪੰਜਾਬ ਸਿਵਲ ਸੇਵਾਵਾਂ (ਸੋਧੇ ਤਨਖਾਹ) ਨਿਯਮ, 2009 ਦੇ ਨਿਯਮਾਂ ਦੇ ਤਹਿਤ ਸਰਕਾਰੀ ਕਰਮਚਾਰੀਆਂ ਨੂੰ ਮਿਤੀ 1.1.2006 ਤੋਂ 31.7.2009 ਤੱਕ ਦੇ ਸਮੇਂ ਦੇ ਤਨਖਾਹ ਦੇ ਬਕਾਇਆਂ ਦੀ ਆਖਰੀ ਕਿਸ਼ਤ ਦੀ ਰਕਮ ਦੀ ਅਦਾਇਗੀ ਜੋ ਕਿ ਮਈ 2013 ਵਿੱਚ ਕੀਤੀ ਜਾਣੀ ਸੀ, ਹੁਣ ਨਵੰਬਰ 2013 ਵਿੱਚ ਕੀਤੀ ਜਾਵੇਗੀ।

ਵਿਸ਼ਵਾਸਪਾਤਰ,
ਸਹੀ/-
(ਕਸ਼ਮੀਰਾ ਸਿੰਘ)
ਬਜਟ ਅਫਸਰ-ਕਮ-ਉਪ ਸਕੱਤਰ, ਵਿੱਤ

[ਵਿੱਤ ਮੰਤਰੀ]

ਨੰ: 5/10/2009-5 ਐਫ.ਪੀ.1/1175 ਮਿਤੀ: 03 ਮਈ, 2013

ਇਸ ਦਾ ਇੱਕ ਉਤਾਰਾ ਨਿਮਨ ਲਿਖਤ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:

(1) ਮੁੱਖ ਸਕੱਤਰ, ਪੰਜਾਬ ਸਰਕਾਰ, ਚੰਡੀਗੜ੍ਹ।
(2) ਸਮੂਹ ਵਿੱਤੀ ਕਮਿਸ਼ਨਰ, ਪ੍ਰਮੁੱਖ ਸਕੱਤਰ ਅਤੇ ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ, ਚੰਡੀਗੜ੍ਹ।
(3) ਰੈਜ਼ੀਡੈਂਟ ਕਮਿਸ਼ਨਰ, ਪੰਜਾਬ ਭਵਨ, ਕਾਪਰਨਿਕਸ ਮਾਰਗ, ਨਵੀਂ ਦਿੱਲੀ।

ਸਰਦਾਰ ਚਰਨਜੀਤ ਸਿੰਘ ਚੰਨੀ : ਮਾਨਯੋਗ ਸਪੀਕਰ ਸਾਹਿਬ, ਸਾਡੇ ਨੌਜਵਾਨ ਮਾਨਯੋਗ ਫਾਈਨਾਂਸ ਮਨਿਸਟਰ ਤੋਂ ਮੈਨੂੰ ਉਮੀਦ ਸੀ ਕਿ ਸ਼ਾਇਦ ਇਹ ਕੋਈ ਪੰਜਾਬ ਦੇ ਕਰਮਚਾਰੀਆਂ ਦੇ ਹੱਕ ਦੀ ਗੱਲ ਕਰਨਗੇ ਪਰ ਇਨ੍ਹਾਂ ਦਾ ਜਿਹੜਾ ਜਵਾਬ ਹੈ, ਉਸ ਨੂੰ ਇਨ੍ਹਾਂ ਨੇ ਲਗਭੱਗ ਨਾਂਹ ਕਰ ਦਿੱਤੀ ਹੈ। ਸਪੀਕਰ ਸਾਹਿਬ, ਗੱਲ ਸਿਰਫ ਇੰਨੀ ਹੈ ਕਿ ਕੇਂਦਰ ਸਰਕਾਰ ਨੇ 1 ਜਨਵਰੀ, 2013 ਤੋਂ 8 ਫੀਸਦੀ ਮਹਿੰਗਾਈ ਭੱਤਾ ਦੇ ਦਿੱਤਾ। ਉਸ ਤੋਂ ਬਾਅਦ ....

ਮਾਨਯੋਗ ਸਪੀਕਰ : ਇੰਨਾ ਤਾਂ ਐਪਰੀਸ਼ੀਏਟ ਕਰਨਾ ਚਾਹੀਦਾ ਹੈ।

ਸਰਦਾਰ ਚਰਨਜੀਤ ਸਿੰਘ ਚੰਨੀ : ਜੁਲਾਈ 2013 ਤੋਂ 10 ਫੀਸਦੀ ਮਹਿੰਗਾਈ ਭੱਤਾ ਉਨ੍ਹਾਂ ਨੇ ਦਿੱਤਾ ਹੈ। ਹਮੇਸ਼ਾ ਇਹੀ ਹੁੰਦਾ ਰਿਹਾ ਹੈ ਕਿ ਜੋ ਕੇਂਦਰ ਸਰਕਾਰ ਦਿੰਦੀ ਹੈ, ਅੱਜ ਤੱਕ ਉਹੀ ਪੰਜਾਬ ਸਰਕਾਰ ਇੰਪਲਾਈ ਨੂੰ ਦਿੰਦੀ ਹੈ। ਇਸ ਵਾਰ ਕੀ ਕਾਰਨ ਹੈ? ਇਕ ਪਾਸੇ ਤਾਂ ਸਰਕਾਰ ਵਲੋਂ ਰੈਜ਼ੋਲਿਊਸ਼ਨ ਇਹ ਆ ਰਿਹਾ ਹੈ ਕਿ ਮਹਿੰਗਾਈ ਬਹੁਤ ਹੋ ਗਈ, ਮਹਿੰਗਾਈ ਲੋਕਾਂ ਦਾ ਲੱਕ ਤੋੜ ਰਹੀ ਹੈ, ਦੂਸਰੇ ਪਾਸੇ ਜਿਹੜੇ ਪੰਜਾਬ ਸਰਕਾਰ ਦੇ ਲੱਖਾਂ ਇੰਪਲਾਈਜ਼ ਹਨ, ਜਿਨ੍ਹਾਂ ਦੀ ਰੋਟੀ ਰੋਜ਼ੀ ਸਰਕਾਰ ਦੇ ਸਿਰ ਤੇ ਹੀ ਚੱਲਣੀ ਹੈ, ਉਨ੍ਹਾਂ ਦੇ ਭੱਤੇ ਵੀ ਰੋਕ ਲਏ ਗਏ ਹਨ। ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਕਾਰਨ ਹੈ ਕਿ ਪੰਜਾਬ ਦੇ ਇੰਪਲਾਈਜ਼ ਨੂੰ ਇੰਨੀ ਮਹਿੰਗਾਈ ਦੇ ਬਾਵਜੂਦ ਵੀ ਡੀ.ਏ. ਦੀ ਕਿਸ਼ਤ ਨਹੀਂ ਦਿੱਤੀ ਜਾ ਰਹੀ, ਇਹ ਕਿਉਂ ਨਹੀਂ ਦਿੱਤੀ ਜਾ ਰਹੀ? ਦੂਸਰਾ ਮੇਰਾ ਸਵਾਲ ਇਹ ਹੈ ਕਿ ....

ਮਾਨਯੋਗ ਸਪੀਕਰ : ਉਹ ਸੈਕਿੰਡ ਕਰ ਲੈਣਾ ਜੀ।

ਸਰਦਾਰ ਚਰਨਜੀਤ ਸਿੰਘ ਚੰਨੀ : ਨਹੀਂ ਜੀ, ਇਹ ਮੇਰੇ ਸਵਾਲ ਦਾ ਹਿੱਸਾ ਹੈ ਜੀ।

ਮਾਨਯੋਗ ਸਪੀਕਰ : ਮੈਂ ਕਿਹਾ ਜੀ ਇਹ ਤਾਂ ਹੋਣਾ ਨਹੀਂ ਕਿ ਦੋ ਸਵਾਲ ਐਟ ਏ ਟਾਈਮ ਹੋ ਜਾਣ।

ਸਰਦਾਰ ਚਰਨਜੀਤ ਸਿੰਘ ਚੰਨੀ : ਸਰ, ਮੈਂ ਦੋ ਸਵਾਲ ਨਹੀਂ ਪੁੱਛ ਰਿਹਾ ਮੈਂ ਤਾਂ ਸਵਾਲ ਦੇ ਹਿੱਸੇ ਦੀ ਗੱਲ ਕਰ ਰਿਹਾ ਹਾਂ। ਇਹ ਸਵਾਲ ਦਾ (ਅ) ਭਾਗ ਹੈ।

ਮਾਨਯੋਗ ਸਪੀਕਰ : ਤੁਹਾਨੂੰ ਸਪਲੀਮੈਂਟਰੀ ਦੋ ਮਿਲਣੀਆਂ ਹਨ, ਉਹ ਕਰ ਲੈਣਾ।

ਸਰਦਾਰ ਚਰਨਜੀਤ ਸਿੰਘ ਚੰਨੀ : ਮੈਂ ਬੇਨਤੀ ਇਹ ਕਰ ਰਿਹਾ ਹਾਂ ਕਿ 30 ਫੀਸਦੀ ਇੰਪਲਾਈਜ਼ ਨੂੰ ਪੇਅ ਕਮਿਸ਼ਨ ਦੇ ਬਕਾਏ ਦਾ ਏਰੀਅਰ ਦੇਣਾ ਸੀ, ਉਹ ਮੰਤਰੀ ਜੀ ਨੇ ਅੱਜ ਕਿਹਾ ਹੈ ਕਿ ਨਵੰਬਰ ਵਿਚ ਦੇਵਾਂਗੇ। ਲੇਕਿਨ ਮੰਤਰੀ ਜੀ ਕਿਉਂ ਇਹ ਗੱਲ ਕਰ ਰਹੇ ਹਨ ਜਦੋਂ ਕਿ ਇਹ ਜਾਣਦੇ ਹਨ ਕਿ ਪਿਛਲੀ ਕੈਬਨਿਟ ਮੀਟਿੰਗ ਵਿੱਚ ਇਨ੍ਹਾਂ ਨੇ ਇਹ ਫੈਸਲਾ ਕਰ ਲਿਆ ਸੀ ਕਿ ਅਸੀਂ ਦਸੰਬਰ ਵਿੱਚ ਅੱਧਾ ਦੇਵਾਂਗੇ, ਪੂਰਾ ਨਹੀਂ ਦੇਵਾਂਗੇ। ਫਿਰ ਕਿਉਂ ਅੱਜ ਇਹ ਬਿਆਨ ਦੇ ਰਹੇ ਹਨ ਕਿ ਅਸੀਂ ਨਵੰਬਰ ਵਿੱਚ ਦੇਵਾਂਗੇ। ਮੈਂ ਮੰਤਰੀ ਜੀ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਸਰਕਾਰ ਕਿਉਂ ਇੰਪਲਾਈਜ਼ ਦੇ ਪ੍ਰਤੀ ਸੰਜੀਦਾ ਨਹੀਂ ਹੈ? ਕੀ ਕਾਰਨ ਹੈ ਕਿ ਉਨ੍ਹਾਂ ਦੀ ਪੇਮੈਂਟ ਨਹੀਂ ਕਰ ਰਹੇ, ਕੀ ਸਰਕਾਰ ਕੋਲ ਪੈਸਾ ਨਹੀਂ ਹੈ?

ਮਾਨਯੋਗ ਸਪੀਕਰ: ਧੰਨਵਾਦ ਜੀ।

ਮੰਤਰੀ : ਸਪੀਕਰ ਸਾਹਿਬ, ਪਤਾ ਨਹੀਂ ਇਹ ਕਿਥੋਂ ਖਬਰ ਲੈ ਕੇ ਆਉਂਦੇ ਹਨ। (ਹਾਸਾ) ਕੋਈ ਕੈਬਨਿਟ ਵਿੱਚ ਅਜਿਹੀ ਡਿਸਕਸ਼ਨ ਨਹੀਂ ਹੋਈ। ਕੋਈ ਅਸੀਂ ਨਹੀਂ ਕਿਹਾ ਕਿ ਅੱਧਾ ਏਰੀਅਰ ਦੇਣਾ ਹੈ। ਤੁਸੀਂ ਆਪਣਾ ਸੋਰਸ ਦੱਸੋ ਕਿ ਕਿਥੋਂ ਤੁਸੀਂ ਇਹ ਪਤਾ ਕੀਤਾ ਹੈ। ਅਸੀਂ ਪੰਜਵੇਂ ਮਹੀਨੇ ਦੀ ਚਿੱਠੀ ਜਾਰੀ ਕੀਤੀ ਹੋਈ ਹੈ ਕਿ ਨਵੰਬਰ ਵਿੱਚ ਅਸੀਂ 30 ਫੀਸਦੀ ਏਰੀਅਰ ਮੁਲਾਜ਼ਮਾਂ ਨੂੰ ਦੇਣਾ ਹੈ ਤੇ ਅਸੀਂ ਅੱਜ ਵੀ ਉਸ ਤੇ ਖੜ੍ਹੇ ਹਾਂ। ਕੋਈ ਇਸ ਵਿੱਚ ਦੋ ਰਾਵਾਂ ਨਹੀਂ ਹਨ। (ਟਰੇਜ਼ਰੀ ਬੈਂਚਿਜ਼ ਵਲੋਂ ਥੰਪਿੰਗ) ਜਿਥੋਂ ਤੱਕ ਮਹਿੰਗਾਈ ਭੱਤੇ ਦਾ ਸਵਾਲ ਹੈ, 8 ਫੀਸਦੀ ਭੱਤਾ ਦੇਣ ਦਾ ਅਸੀਂ ਪੱਤਰ ਜਾਰੀ ਕਰ ਦਿੱਤਾ ਹੈ। ਇਕ ਮਹੀਨਾ ਪਹਿਲਾਂ 10 ਫੀਸਦੀ ਭੱਤਾ ਕੇਂਦਰ ਸਰਕਾਰ ਨੇ ਦਿੱਤਾ ਹੈ, ਉਹ ਵੀ ਅਸੀਂ ਦੇਣ ਲਈ ਵਚਨਬੱਧ ਹਾਂ। ਦੂਸਰੀ ਗੱਲ ਮੈਂ ਦੱਸਣਾ ਚਾਹੁੰਦਾ ਹਾਂ ਕਿ ਇਕ ਪਾਸੇ ਇਹ ਮੁਲਾਜ਼ਮਾਂ ਦੇ ਹਮਾਇਤੀ ਬਣਦੇ ਹਨ, ਮੈਂ ਮਾਨਯੋਗ ਕੇਂਦਰੀ ਵਿੱਤ ਮੰਤਰੀ ਜੀ ਨੂੰ ਮਿਲਿਆ ਸੀ ਤੇ ਉਨ੍ਹਾਂ ਨੂੰ ਬੇਨਤੀ ਕੀਤੀ ਸੀ ਕਿ ਸਾਡਾ ਪੰਜਾਬ ਸਰਕਾਰ ਦਾ 2010-11 ਅਤੇ 2011-12 ਦਾ 681 ਕਰੋੜ ਰੁਪਿਆ, ਤਕਰੀਬਨ ਦੋ-ਤਿੰਨ ਸਾਲ ਹੋ ਚੁੱਕੇ ਹਨ, ਉਹ ਬਕਾਇਆ ਹੈ, ਉਨ੍ਹਾਂ ਨੇ ਐਕਸੈਪਟ ਕੀਤਾ ਹੈ (ਵਿਘਨ....ਸ਼ੋਰ)

Mr. Speaker : Please listen.

ਮੰਤਰੀ : ਮੇਰੀ ਗੱਲ ਤਾਂ ਸੁਣ ਲਓ, ਮੈਂ ਉਨ੍ਹਾਂ ਨੂੰ ਇਕੋ ਹੀ ਬੇਨਤੀ ਕੀਤੀ ਹੈ ਕਿ ਮੁਲਾਜ਼ਮਾਂ ਦੇ ਬਕਾਏ ਦੇਣੇ ਹਨ ਤੇ ਕੇਂਦਰੀ ਮੰਤਰੀ ਜੀ ਦਾ ਇਹ ਜਵਾਬ ਸੀ ਕਿ ਮੁਲਾਜ਼ਮਾਂ ਨੂੰ ਮਹਿੰਗਾਈ ਭੱਤਾ ਦੇਣਾ ਸੂਬੇ ਵਾਸਤੇ ਲਾਜ਼ਮੀ ਨਹੀਂ ਹੈ, ਇਹ ਤੁਹਾਡੀ ਮਰਜ਼ੀ ਹੈ। ਇਨ੍ਹਾਂ ਦੀ ਕੇਂਦਰ ਸਰਕਾਰ ਤਾਂ ਕਹਿ ਰਹੀ ਹੈ ਕਿ ਲਾਜ਼ਮੀ ਨਹੀਂ ਹੈ, ਤੁਸੀਂ ਦੇਣਾ

[ਵਿੱਤ ਮੰਤਰੀ]

ਦਿਓ, ਨਹੀਂ ਦੇਣਾ ਨਾ ਦਿਓ ਤੇ ਇਹ ਅੱਜ ਇਥੇ ਖੜ੍ਹ ਕੇ ਮੁਲਾਜ਼ਮਾਂ ਦੇ ਹਮਾਇਤੀ ਬਣ ਰਹੇ ਹਨ। (ਟਰੈਜ਼ਰੀ ਬੈਂਚਿਜ਼ ਵਲੋਂ ਸ਼ੇਮ ਸ਼ੇਮ ਦੀਆਂ ਅਵਾਜ਼ਾਂ) ...(ਵਿਘਨ....ਸ਼ੋਰ)...

ਸਰਦਾਰ ਸਾਧੂ ਸਿੰਘ : ਸਪੀਕਰ ਸਾਹਿਬ, ਬੜਾ ਜਰੂਰੀ ਮਸਲਾ ਹੈ।

ਮੰਤਰੀ : 681 ਕਰੋੜ ਰੁਪਇਆ ਜਿਹੜਾ ਬਕਾਇਆ ਹੈ, ਉਹ 3 ਸਾਲਾਂ ਤੋਂ ....(ਵਿਘਨ....ਸ਼ੋਰ)....

ਸਰਦਾਰ ਸਾਧੂ ਸਿੰਘ : ਸਪੀਕਰ ਸਾਹਿਬ ...... (ਵਿਘਨ....ਸ਼ੋਰ)

ਮਾਨਯੋਗ ਸਪੀਕਰ : ਨਹੀਂ ਜੀ, ਤੁਸੀਂ ਬੈਠੋ, ਮੰਤਰੀ ਜੀ ਬੋਲ ਰਹੇ ਹਨ।

ਸਰਦਾਰ ਸਾਧੂ ਸਿੰਘ : ਸਪੀਕਰ ਸਾਹਿਬ, ਬੜਾ ਜ਼ਰੂਰੀ ਮਸਲਾ ਹੈ ......(ਵਿਘਨ....ਸ਼ੋਰ)

ਮਾਨਯੋਗ ਸਪੀਕਰ : ਮੈਂ ਕਿਹਾ ਜੀ ਮਨਿਸਟਰ ਸਾਹਿਬ ਬੋਲ ਰਹੇ ਹਨ।

ਸਰਦਾਰ ਸਾਧੂ ਸਿੰਘ : ਇਹ ਕੇਂਦਰ ਦੇ ਨਿਰਦੇਸ਼ਾਂ ਤੇ ਚਲਾਉਂਦੇ ਹਨ... (ਵਿਘਨ ਸ਼ੋਰ)

ਮੰਤਰੀ : ਇਹ ਜਿਹੜਾ ਮਹਿੰਗਾਈ ਭੱਤਾ ਹੈ, ਇਹ ਕੇਂਦਰ ਸਰਕਾਰ ਦੀ ਤਰਜ਼ ਤੇ ਦਿੱਤਾ ਜਾਂਦਾ ਹੈ। ਸਾਡਾ ਜਿਹੜਾ ਹੱਕ ਹੈ, 681 ਕਰੋੜ ਰੁਪਿਆ ਅਸੀਂ ਉਨ੍ਹਾਂ ਤੋਂ ਮੰਗ ਰਹੇ ਹਾਂ। ਉਨ੍ਹਾਂ ਨੇ ਸਟੇਟਸ ਨੂੰ ਦੇਣ ਵਾਸਤੇ 9 ਹਜ਼ਾਰ ਕਰੋੜ ਰੁਪਿਆ ਬਜਟ ਵਿੱਚ ਵੀ ਰੱਖਿਆ ਹੈ ਪਰ ਅੱਜ ਤੱਕ ਇਕ ਰੁਪਿਆ ਵੀ ਨਹੀਂ ਦਿੱਤਾ। ਸਾਨੂੰ 681 ਕਰੋੜ ਰੁਪਿਆ ਦਿਵਾ ਦਿਓ, ਅਸੀਂ ਹੁਣੇ ਸਾਰੇ ਦਾ ਸਾਰਾ ਦੇ ਦੇਵਾਂਗੇ। (ਟਰੇਜ਼ਰੀ ਬੈਂਚਿਜ਼ ਵਲੋਂ ਥੰਪਿੰਗ)

ਮਾਨਯੋਗ ਸਪੀਕਰ : ਹਾਂ ਜੀ, ਚੰਨੀ ਸਾਹਿਬ।

ਸਰਦਾਰ ਚਰਨਜੀਤ ਸਿੰਘ ਚੰਨੀ : ਸਪੀਕਰ ਸਾਹਿਬ, ਮੇਰੀ ਬੇਨਤੀ ਇਹ ਹੈ ਕਿ ਜਿਹੜਾ ਮੇਰੇ ਕੋਲ ਪੀਅਨ ਕੰਮ ਕਰ ਰਿਹਾ ਹੈ, ਸਾਨੂੰ ਰੋਜ਼ ਪਾਣੀ ਪਿਲਾਉਂਦਾ ਹੈ, ਸਾਡੇ ਸਾਰੇ ਕਾਰੋਬਾਰ ਕਰਦਾ ਹੈ, ਉਸ ਨੇ ਕੀ ਲੈਣਾ ਇਸ ਗੱਲ ਤੋਂ ਕਿ ਪੈਸਾ ਕੇਂਦਰ ਨੇ ਦੇਣਾ ਹੈ ਕਿ ਸਟੇਟ ਨੇ ਦੇਣਾ ਹੈ। ਗਰੀਬ ਆਦਮੀ ਨੂੰ ਇਸ ਨਾਲ ਕੀ ਮਤਲਬ ਹੈ। ਇੱਕ ਇੰਪਲਾਈ ਨੇ ਕੀ ਕਰਨਾ ਹੈ, ਉਸ ਨੂੰ ਪੈਸਾ ਕੇਂਦਰ ਦੇਵੇ ਜਾਂ ਪੰਜਾਬ ਦੇਵੇ। ਮੇਰੀ ਬੇਨਤੀ ਇਹ ਹੈ ਕਿ ਮੰਤਰੀ ਜੀ ਨੇ ਕਹਿ ਦਿੱਤਾ ਲੇਕਿਨ 681 ਕਰੋੜ ਰੁਪਏ ਇਹ ਦੇਣ ਚਾਹੇ ਨਾ ਦੇਣ, ਉਹ ਇਨ੍ਹਾਂ ਦੀ ਮਰਜ਼ੀ ਹੈ। ਕੀ ਜਿਹੜਾ ਇਹ ਭੱਤਾ ਹੈ, ਉਸ 681 ਕਰੋੜ ਰੁਪਏ ਵਿਚੋਂ ਹੀ ਦਿੱਤਾ ਜਾਣਾ ਹੈ? ਉਹ ਤਾਂ ਪੰਜਾਬ ਦੇ ਫੰਡਾਂ ਵਿਚੋਂ ਦਿੱਤਾ ਜਾਣਾ ਹੈ, ਪੰਜਾਬ ਸਰਕਾਰ ਨੇ ਦੇਣਾ ਹੈ। ਪੰਜਾਬ ਸਰਕਾਰ ਦਾ ਫਰਜ਼ ਹੈ ਕਿ ਉਹ ਪੈਸਾ ਆਪਣੇ ਕੰਮ ਕਰਨ ਵਾਲਿਆਂ ਨੂੰ ਦੇਵੇ। ਸਰਕਾਰ ਇਹ ਕਿਉਂ ਨਹੀਂ ਕਹਿ ਰਹੀ ਕਿ ਸਾਡੇ ਕੋਲ ਪੈਸਾ ਨਹੀਂ ਹੈ?

ਮੰਤਰੀ : ਮੈਂ ਇੱਕ ਐਸ਼ਿਓਰੈਂਸ ਹਾਊਸ ਦੇ ਵਿੱਚ ਦੇਣਾ ਚਾਹੁੰਦਾ ਹਾਂ ਕਿ ਮੁਲਾਜ਼ਮਾਂ ਦਾ ਜੋ ਇੱਕ ਇੱਕ ਰੁਪਿਆ ਹੈ, ਉਨ੍ਹਾਂ ਦੇ ਜੋ ਵੀ ਬਕਾਏ ਹਨ, ਉਹ ਸਾਡੀ ਸਰਕਾਰ ਦੇਣ ਲਈ ਵਚਨਬੱਧ ਹੈ ਤੇ ਅਸੀਂ ਦੇਵਾਂਗੇ ਵੀ, (ਥੰਪਿੰਗ) ਇਸ ਦੇ ਬਾਵਜੂਦ ਵੀ ਕਿ ਕੇਂਦਰ ਸਰਕਾਰ ਸਾਡੇ ਨਾਲ ਵਿਤਕਰਾ ਕਰਦੀ ਹੈ, ਧੱਕਾ ਕਰਦੀ ਹੈ, ਸਾਡਾ ਪੈਸਾ ਨਹੀਂ ਦਿੰਦੀ। ......(ਵਿਘਨ ...... ਸ਼ੋਰ)......

Mr. Speaker : Thank you, ਅਗਲਾ ਸਵਾਲ, ਸਰਦਾਰ ਜੋਗਿੰਦਰ ਸਿੰਘ ਜਿੰਦੂ।

ਸਰਦਾਰ ਚਰਨਜੀਤ ਸਿੰਘ ਚੰਨੀ : ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕਦੋਂ ਤੱਕ ਦੇ ਦੇਣਗੇ, ਮੈਂ ਸਮਾਂ ਪੁੱਛਣਾ ਚਾਹੁੰਦਾ ਹਾਂ?

ਸਰਦਾਰ ਬਲਬੀਰ ਸਿੰਘ ਸਿੱਧੂ : ਸਪੀਕਰ ਸਾਹਿਬ, 5 ਲੱਖ ਤੋਂ ਉਪਰ ਮੁਲਾਜ਼ਮਾਂ ਦਾ ਮਸਲਾ ਹੈ, ਕੋਈ ਛੋਟਾ ਮੋਟਾ ਮਸਲਾ ਨਹੀਂ ਹੈ। (ਵਿਘਨ ...... ਸ਼ੋਰ)

ਮਾਨਯੋਗ ਸਪੀਕਰ : ਚੰਨੀ ਸਾਹਿਬ, ਬੈਠ ਜਾਓ, ਹੁਣ ਉਨ੍ਹਾਂ ਨੇ ਐਸ਼ਿਓਰੈਂਸ਼ ਦੇ ਦਿੱਤੀ ਹੈ। ਮੈਂ ਕਿਹਾ ਜੀ ਪਲੀਜ਼ ਬੈਠ ਜਾਓ। ਉਹ ਮੁਕਰਦੇ ਨਹੀਂ। (ਵਿਘਨ ...... ਸ਼ੋਰ)

ਮਾਨਯੋਗ ਸਪੀਕਰ : ਨਹੀਂ ਨਹੀਂ, ਬੈਠ ਜਾਓ, please sit down, ਉਨ੍ਹਾਂ ਨੇ ਕਹਿ ਦਿੱਤਾ ਹੈ ਕਿ ਉਹ ਦੇ ਦੇਣਗੇ।

ਸਰਦਾਰ ਚਰਨਜੀਤ ਸਿੰਘ ਚੰਨੀ : ਮੰਤਰੀ ਜੀ, ਜਵਾਬ ਦੇਣ।

ਮਾਨਯੋਗ ਸਪੀਕਰ : ਨਹੀਂ ਨਹੀਂ , ਚੰਨੀ ਜੀ, ਬੈਠ ਜਾਓ, please sit down. ......(ਵਿਘਨ)।.... I cannot compel, please listen to me.

ਸਿਵਲ ਹਸਪਤਾਲ, ਮੁੱਦਕੀ ਵਿੱਚ ਡਾਕਟਰਾਂ ਦੀਆਂ ਖਾਲੀ ਪਈਆਂ ਆਸਾਮੀਆਂ ਪੂਰਾ ਕਰਨਾ

***998. ਸਰਦਾਰ ਜੋਗਿੰਦਰ ਸਿੰਘ ਜਿੰਦੂ :** ਕੀ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸਿਵਲ ਹਸਪਤਾਲ, ਮੁੱਦਕੀ, ਜ਼ਿਲ੍ਹਾ ਫਿਰੋਜ਼ਪੁਰ ਵਿਖੇ ਡਾਕਟਰਾਂ ਦੀਆਂ ਮਨਜ਼ੂਰਸ਼ੁਦਾ ਆਸਾਮੀਆਂ ਵਿਚੋਂ ਇਸ ਵੇਲੇ ਕਿੰਨੀਆਂ ਆਸਾਮੀਆਂ ਭਰੀਆਂ ਹੋਈਆਂ ਹਨ ਅਤੇ ਕਿੰਨੀਆਂ ਕਦੋਂ ਤੋਂ ਖਾਲੀ ਪਈਆਂ ਹਨ ਅਤੇ ਖਾਲੀ ਆਸਾਮੀਆਂ ਨੂੰ ਰੈਗੂਲਰ ਤੌਰ ਤੇ ਕਦੋਂ ਤੱਕ ਭਰ ਦਿੱਤਾ ਜਾਵੇਗਾ?

ਸ਼੍ਰੀ ਸੁਰਜੀਤ ਕੁਮਾਰ ਜਿਆਨੀ : ਸ਼੍ਰੀਮਾਨ ਜੀ, ਮੁੱਦਕੀ ਵਿਖੇ ਇੱਕ ਮੁੱਢਲਾ ਸਿਹਤ ਕੇਂਦਰ ਕੰਮ ਕਰ ਰਿਹਾ ਹੈ। ਇਥੇ ਡਾਕਟਰਾਂ (ਮੈਡੀਕਲ ਅਫਸਰਾਂ) ਦੀਆਂ ਕੁੱਲ ਦੋ ਅਸਾਮੀਆਂ ਮਨਜ਼ੂਰਸ਼ੁਦਾ ਹਨ, ਜਿਨ੍ਹਾਂ ਵਿਚੋਂ ਇੱਕ ਅਸਾਮੀ ਭਰੀ ਹੋਈ ਹੈ। ਵਿਭਾਗ

[ਸਿਹਤ ਤੇ ਪਰਿਵਾਰ ਭਲਾਈ ਮੰਤਰੀ]

ਵਿੱਚ ਡਾਕਟਰਾਂ ਦੀਆਂ ਖਾਲੀ ਅਸਾਮੀਆਂ ਨੂੰ ਭਰਨ ਲਈ ਸਰਕਾਰ ਵੱਲੋਂ ਲਗਾਤਾਰ ਪ੍ਰਕਿਰਿਆ ਜਾਰੀ ਹੈ।

ਸਰਦਾਰ ਜੋਗਿੰਦਰ ਸਿੰਘ ਜਿੰਦੂ : ਸਪੀਕਰ ਸਾਹਿਬ, ਤੁਹਾਡੇ ਰਾਹੀਂ ਮੈਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿਹੜਾ ਮੁੱਦਕੀ ਵਿੱਚ ਹਸਪਤਾਲ ਹੈ, ਉਥੇ ਪੋਸਟਾਂ ਤਾਂ ਦੋ ਹਨ, ਮੰਤਰੀ ਜੀ ਨੇ ਦੱਸਿਆ ਹੈ ਉਨ੍ਹਾਂ ਵਿਚੋਂ ਇੱਕ ਹੀ ਭਰੀ ਹੈ ਲੇਕਿਨ ਅਸਲ ਵਿੱਚ ਇਸ ਹਸਪਤਾਲ ਵਿੱਜ ਇੱਕ ਡਾਕਟਰ ਵੀ ਨਹੀਂ ਹੁੰਦਾ। ਉਥੇ ਉਸ ਹਸਪਤਾਲ ਦੀ ਬਿਲਡਿੰਗ ਦੀ ਹਾਲਤ ਵੀ ਕਾਫੀ ਮਾੜੀ ਹੈ। ਜਦੋਂ ਡਾਕਟਰ ਨਾਲ ਗੱਲ ਕੀਤੀ ਜਾਂਦੀ ਹੈ ਤਾਂ ਉਹ ਡਾਕਟਰ ਕਹਿੰਦਾ ਹੈ ਕਿ ਸਾਨੂੰ ਉਥੋਂ ਮੁੱਦਕੀ ਤੋਂ ਇਲਾਵਾ ਫਿਰੋਜ਼ਪੁਰ ਸਿਵਲ ਹਸਪਤਾਲ ਵਿੱਚ ਵੀ ਡਿਊਟੀ ਦੇਣੀ ਪੈਂਦੀ ਹੈ। ਮੈਂ ਮੰਤਰੀ ਜੀ ਨੂੰ ਇਹ ਬੇਨਤੀ ਕਰਦਾ ਹਾਂ ਕਿ ਇੱਧਰ ਦਿਹਾਤੀ ਏਰੀਆ ਹੈ, ਇੱਧਰ ਪਿੰਡ ਬਹੁਤ ਜ਼ਿਆਦਾ ਪੈਂਦੇ ਹਨ। ਉਸ ਤੋਂ ਮੇਨ ਜਿਹੜੀ ਗੱਲ ਹੈ, ਉਹ ਇਹ ਹੈ ਕਿ ਇਸ ਹਸਪਤਾਲ ਤੋਂ 30 ਕਿਲੋਮੀਟਰ ਦੂਰ ਦੂਸਰਾ ਹਸਪਤਾਲ ਪੈਂਦਾ ਹੈ। ਇਸ ਲਈ ਮਿਹਰਬਾਨੀ ਕਰਕੇ ਉਥੇ ਜਿਹੜੀਆਂ ਇਹ ਡਾਕਟਰਾਂ ਦੀਆਂ ਸੀਟਾਂ ਹਨ, ਉਹ ਪੂਰੀਆਂ ਹੋਣੀਆਂ ਚਾਹੀਦੀਆਂ ਹਨ। ਮੈਂ ਪੁੱਛਣਾ ਚਹੁੰਦਾ ਹਾਂ ਕਿ ਕਦੋਂ ਤੱਕ ਇਹ ਸੀਟਾਂ ਭਰੀਆਂ ਜਾਣਗੀਆਂ?

ਮੰਤਰੀ : ਜਿੰਨੀਆਂ ਵੀ ਸੀਟਾਂ ਖਾਲੀ ਹਨ, ਇਹ 7 ਦਿਨਾਂ ਵਿੱਚ ਮੈਂ ਪੂਰੀਆਂ ਕਰਵਾ ਦਿੰਦਾ ਹਾਂ ਔਰ ਚੈੱਕ ਵੀ ਕਰਵਾ ਦਿੰਦਾ ਹਾਂ। (ਥੰਪਿੰਗ)

Mr. Speaker : Thank you. ਹਾਂ ਜੀ, ਵੜਿੰਗ ਸਾਹਿਬ, ਤੁਸੀਂ ਦੱਸੋ।

ਸਰਦਾਰ ਜੋਗਿੰਦਰ ਸਿੰਘ ਜਿੰਦੂ : ਨਹੀਂ ਜੀ, ਨਹੀਂ। ਮੈਂ ਇੱਕ ਹੋਰ ਗੱਲ ਪੁੱਛਣਾ ਚਾਹੁੰਦਾ ਹਾਂ........।

ਮਾਨਯੋਗ ਸਪੀਕਰ : ਉਨ੍ਹਾਂ ਨੇ ਤੁਹਾਨੂੰ ਐਸ਼ਿਓਰੈਂਸ਼ ਦੇ ਦਿੱਤੀ ਹੈ, ਉਨ੍ਹਾਂ ਨੇ ਕਿਹਾ ਹੈ ਕਿ ਅਸੀਂ ਕਰਵਾ ਦਿਆਂਗੇ।

ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ : ਸਪੀਕਰ ਸਾਹਿਬ ......

ਮਾਨਯੋਗ ਸਪੀਕਰ : ਇੱਕ ਮਿੰਟ ਵੜਿੰਗ ਸਾਹਿਬ, ਬੈਠ ਜਾਓ। ਮੈਂ ਸੈਕਿੰਡ ਸਪਲੀਮੈਂਟਰੀ ਦੇ ਲਵਾਂ।

ਸਰਦਾਰ ਜੋਗਿੰਦਰ ਸਿੰਘ ਜਿੰਦੂ : ਸਰ, ਇਸੇ ਤਰ੍ਹਾਂ ਮਮਦੋਟ ਦੇ ਵਿੱਚ ਹਸਪਤਾਲ ਹੈ, ਉਸ ਦੇ ਵਿੱਚ ਵੀ ਤੁਸੀਂ ਲਿਖਿਆ ਹੈ ਕਿ 10 ਪੋਸਟਾਂ ਡਾਕਟਰਾਂ ਦੀਆਂ ਹਨ, ਉਨ੍ਹਾਂ ਵਿਚੋਂ ਪੰਜ ਭਰੀਆਂ ਹਨ ਤੇ ਪੰਜ ਖਾਲੀ ਹਨ, ਇਹ ਕਦੋਂ ਤੱਕ ਭਰੋਗੇ? ਇਹ ਵੀ ਬਹੁਤ ਦਿਹਾਤੀ ਏਰੀਆ ਹੈ, ਇਥੇ ਸਾਰੇ ਬਾਰਡਰ ਏਰੀਆ ਦੇ ਲੋਕ ਰਹਿੰਦੇ ਹਨ। ਇਥੋਂ ਵੀ 30 ਕਿਲੋਮੀਟਰ ਤੇ ਦੂਸਰਾ ਹਸਪਤਾਲ ਪੈਂਦਾ ਹੈ ਜਿਹੜਾ ਕਿ ਬਹੁਤ ਦੂਰ ਹੈ। ਮੰਤਰੀ ਜੀ, ਇਹ ਕਦੋਂ ਤੱਕ ਭਰੋਗੇ, ਇਸ ਬਾਰੇ ਸਾਨੂੰ ਵਿਸ਼ਵਾਸ ਦੇ ਦਿਉ।

ਮੰਤਰੀ : ਸਪੀਕਰ ਸਾਹਿਬ, ਗੱਲ ਮੁੱਦਕੀ ਦੀ ਹੋਈ ਹੈ। ਉਹ ਮੈਂ 7 ਦਿਨਾਂ ਦੇ ਅੰਦਰ ਸਾਰਾ ਸਟਾਫ ਪੂਰਾ ਕਰ ਦਿਆਂਗਾ। ਜਿਹੜਾ ਅਗਲਾ.......

ਮਾਨਯੋਗ ਸਪੀਕਰ : ਇੱਕ ਮੇਰੀ ਬੇਨਤੀ ਸੁਣ ਲਵੋ। ਉਨ੍ਹਾਂ ਦਾ ਕੁਐਸਚਨ ਜਿਹੜਾ ਹੈ, ਉਹ ਸਿਰਫ ਮੁੱਦਕੀ ਹਲਕੇ ਦੇ ਸਬੰਧ ਵਿੱਚ ਹੈ। ਜੇ ਤਾਂ ਮੁੱਦਕੀ ਦੇ ਸਬੰਧ ਵਿੱਚ ਸਪਲੀਮੈਂਟਰੀ ਹੈ ਤਾਂ ਤੇ ਪੁੱਛ ਲਵੋ, ਨਹੀਂ ਤਾਂ ਨਹੀਂ।

ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ : ਸਪੀਕਰ ਸਾਹਿਬ, ਇਹ ਬੜਾ ਗੰਭੀਰ ਮੁੱਦਾ ਹੈ.....

ਮਾਨਯੋਗ ਸਪੀਕਰ : ਇੱਕ ਮੇਰੀ ਬੇਨਤੀ ਸੁਣ ਲਵੋ, ਜੇ ਤਾਂ ਮੁੱਦਕੀ ਦੇ ਸਬੰਧ ਵਿੱਚ ਕੋਈ ਸਪਲੀਮੈਂਟਰੀ ਹੈ ਤਾਂ ਦੱਸੋ, ਅਦਰਵਾਈਜ਼ ਨਹੀਂ।

ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ : ਇਹ ਪੂਰੇ ਪੰਜਾਬ ਦੇ ਹਸਪਤਾਲਾਂ ਦੀ ਗੱਲ ਹੈ, ਹਮੇਸ਼ਾ ਮਾਨਯੋਗ ਮੰਤਰੀ ਸਾਹਿਬ ਇੱਕ ਹੀ ਗੱਲ ਕਹਿੰਦੇ ਹਨ, ਪਹਿਲਾਂ ਮਿੱਤਲ ਸਾਹਿਬ ਸੀ, ਹੁਣ ਜਿਆਣੀ ਸਾਹਿਬ ਹਨ, ਕਿ ਛੇਤੀ ਪੂਰਾ ਕਰ ਦਿਆਂਗੇ, ਛੇਤੀ ਤੋਂ ਛੇਤੀ ਪੂਰਾ ਕਰ ਦਿਆਂਗੇ...

ਮਾਨਯੋਗ ਸਪੀਕਰ : ਨਹੀਂ ਜੀ।

ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ : ਇਹ ਕਦੋਂ ਤੱਕ ਆਸਾਮੀਆਂ ਪੂਰੀਆਂ ਕਰ ਦੇਣਗੇ। ਪੰਜਾਬ ਦੇ ਹਸਪਤਾਲ ਕਬੂਤਰਖਾਨਾ ਬਣੇ ਪਏ ਹਨ। ਪੰਜਾਬ ਦੇ ਲੋਕਾਂ ਦੀ ** **

ਮਾਨਯੋਗ ਸਪੀਕਰ : ਵੜਿੰਗ ਸਾਹਿਬ,ਇਹ ਰਿਕਾਰਡ ਨਹੀਂ ਹੋ ਰਿਹਾ। ਮੁੱਦਕੀ ਦੇ ਸਬੰਧ ਵਿੱਚ ਹੁੰਦਾ ਤਾਂ ਤੁਸੀਂ ਪੁੱਛ ਲੈਂਦੇ। Nothing is going to be recorded. ਹਾਂ ਜੀ, ਸਰਦਾਰ ਦਰਸ਼ਨ ਸਿੰਘ ਸ਼ਿਵਾਲਿਕ ਜੀ।

ਸਰਕਾਰੀ ਮਿਡਲ ਸਕੂਲ, ਵੀਹਲਾ ਨੂੰ ਅਪਗ੍ਰੇਡ ਕਰਨਾ

***1003. ਸਰਦਾਰ ਦਰਸ਼ਨ ਸਿੰਘ ਸ਼ਿਵਾਲਿਕ :** ਕੀ ਸਿੱਖਿਆ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਕੀ ਸਰਕਾਰੀ ਮਿਡਲ ਸਕੂਲ ਪਿੰਡ ਵੀਹਲਾ, ਜ਼ਿਲ੍ਹਾ ਲੁਧਿਆਣਾ ਨੂੰ ਅਪਗ੍ਰੇਡ ਕਰਨ ਲਈ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ ਤਾਂ ਕਦੋਂ ਤੱਕ?

ਸਰਦਾਰ ਸਿਕੰਦਰ ਸਿੰਘ ਮਲੂਕਾ : (ੳ) ਨਹੀਂ ਜੀ। ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.) ਲੁਧਿਆਣਾ ਦੀ ਰਿਪੋਰਟ ਅਨੁਸਾਰ ਸਰਕਾਰੀ ਮਿਡਲ ਸਕੂਲ, ਵੀਹਲਾ ਦੇ 5 ਕਿ.ਮੀ. ਦੇ ਘੇਰੇ ਵਿੱਚ 3 ਸਰਕਾਰੀ ਹਾਈ ਅਤੇ 2 ਸੀਨੀਅਰ ਸੈਕੰਡਰੀ ਸਕੂਲ ਹਨ। ਇਹ ਸਕੂਲ 9ਵੀਂ ਸ਼੍ਰੇਣੀ ਵਿੱਚ ਦਾਖਲ ਹੋਣ ਵਾਲੇ 70 ਵਿਦਿਆਰਥੀਆਂ ਦੀ ਗਿਣਤੀ ਦੀ ਸ਼ਰਤ ਵੀ ਪੂਰੀ ਨਹੀਂ ਕਰਦਾ ਹੈ।

**Not recorded as ordered by the Chair

ਸਰਦਾਰ ਦਰਸ਼ਨ ਸਿੰਘ ਸ਼ਿਵਾਲਿਕ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿਹੜਾ ਸਤਿਕਾਰਯੋਗ ਮੰਤਰੀ ਜੀ ਨੇ ਜਵਾਬ ਦਿੱਤਾ ਹੈ ਕਿ 70 ਵਿਦਿਆਰਥੀਆਂ ਦੀ ਗਿਣਤੀ ਦੀ ਸ਼ਰਤ ਪੂਰੀ ਨਹੀਂ ਹੁੰਦੀ, ਇਹ 70 ਵਿਦਿਆਰਥੀ ਕਿੱਥੋਂ ਆ ਗਏ ਜੀ। ਉਹ ਸਕੂਲ ਤਾਂ ਮਿਡਲ ਤੱਕ ਹੈ, 9ਵੀਂ ਦੀ ਤਾਂ ਉਥੇ ਕਲਾਸ ਹੀ ਨਹੀਂ ਸ਼ੁਰੂ ਹੋਈ। (ਹਾਸਾ) (ਥੰਪਿੰਗ)

ਮੰਤਰੀ : ਸਪੀਕਰ ਸਾਹਿਬ, ਮੈਂ ਤਿੰਨ ਗੱਲਾਂ ਕਹੀਆਂ ਹਨ। ਐਮ.ਐਲ.ਏ. ਸਾਹਿਬ, ਮੇਰੀ ਬੇਨਤੀ ਹੈ ਕਿ ਇੱਕ ਤਾਂ 5 ਕਿਲੋਮੀਟਰ ਦੇ ਘੇਰੇ ਵਿੱਚ ਕੋਈ ਹੋਰ ਸਕੂਲ ਨਹੀਂ ਹੋਣਾ ਚਾਹੀਦਾ, ਜਿਵੇਂ ਕਿ ਪਹਿਲਾਂ ਵੀ ਦੱਸਿਆ ਹੈ। ਤੁਹਾਡੇ ਉਥੇ ਤਿੰਨ ਸਰਕਾਰੀ ਹਾਈ ਸਕੂਲ ਅਤੇ ਦੋ ਸੀਨੀਅਰ ਸੈਕੰਡਰੀ ਸਕੂਲ ਹੋਰ ਹਨ। ਟੋਟਲ ਪੰਜ ਹਨ। ਇਹ ਪਹਿਲੀ ਸ਼ਰਤ ਹੀ ਪੂਰੀ ਨਹੀਂ ਕਰਦੇ। ਤੀਜੀ ਅਗਲੀ ਸ਼ਰਤ ਹੈ ਕਿ ਜੇਕਰ ਅਗਲੀਆਂ ਜਮਾਤਾਂ ਵਿੱਚ ਜਾਣਾ ਹੈ ਤਾਂ ਘੱਟੋ-ਘੱਟ 9ਵੀਂ ਅਤੇ 10ਵੀਂ ਵਿੱਚ 35-35 ਬੱਚੇ ਨਹੀਂ ਹਨ, ਜਿਵੇਂ ਕਿ ਅਸੀਂ ਰਿਪੋਰਟ ਮੰਗਵਾਈ ਹੈ।

ਸਰਦਾਰ ਦਰਸ਼ਨ ਸਿੰਘ ਸ਼ਿਵਾਲਿਕ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਹ ਜਿਹੜਾ ਪਿੰਡ ਵੀਹਲਾ ਹੈ, ਚਾਈਨਾ ਦੀ ਲੜਾਈ ਵਿੱਚ ਇਸ ਪਿੰਡ ਦੇ ਤਿੰਨ ਸ਼ਹੀਦ ਹੋਏ ਹਨ। ਸਾਡੇ ਸਤਿਕਾਰਯੋਗ ਮੁੱਖ ਮੰਤਰੀ, ਪੰਜਾਬ, ਸਰਦਾਰ ਪਰਕਾਸ਼ ਸਿੰਘ ਬਾਦਲ, ਜਿਨ੍ਹਾਂ ਨੇ ਇੱਕ ਨਵਾਂ ਇਤਿਹਾਸ ਬਣਾਇਆ ਹੈ ਕਿ ਸਾਡੇ ਗੁਰੂਆਂ ਦੀ ਯਾਦ ਨੂੰ ਤਾਜ਼ਾ ਕਰਨ ਵਾਸਤੇ ਯਾਦਗਾਰਾਂ ਬਣਾਈਆਂ ਹਨ, ਪੀਰਾਂ-ਫਕੀਰਾਂ ਦੀ ਯਾਦ ਨੂੰ ਤਾਜ਼ਾ ਕਰਨ ਵਾਸਤੇ ਅਤੇ ਸ਼ਹੀਦਾਂ ਦੀ ਯਾਦ ਨੂੰ ਤਾਜ਼ਾ ਕਰਨ ਵਾਸਤੇ ਸਾਡੇ ਉਥੇ ਵੀ ਯਾਦਗਾਰਾਂ ਬਣਾਈਆਂ ਹਨ, ਜੇ ਮੰਤਰੀ ਸਾਹਿਬ ਦੀ ਕੋਈ ਇਹੋ ਜਿਹੀ ਸਮੱਸਿਆ ਹੈ ਤਾਂ ਮੈਂ ਬੇਨਤੀ ਕਰਦਾ ਹਾਂ ਕਿ ਉਨ੍ਹਾਂ ਦੇ ਨਾਂ ਤੇ ਸਕੂਲ ਦਾ ਨਾਂ ਰੱਖਿਆ ਜਾਵੇ।

ਮਾਨਯੋਗ ਸਪੀਕਰ : ਹਾਂ ਜੀ, ਮੰਤਰੀ ਸਾਹਿਬ। ਪਰ ਸਪਲੀਮੈਂਟਰੀ ਬਣਦੀ ਤਾਂ ਹੈ ਨਹੀਂ।

ਮੰਤਰੀ : ਸਪੀਕਰ ਸਾਹਿਬ, ਮਾਨਯੋਗ ਐਮ.ਐਲ.ਏ. ਸਾਹਿਬ ਦਾ ਸੁਝਾਅ ਤਾਂ ਬੜਾ ਕੀਮਤੀ ਹੈ ਕਿ ਜਿਹੜੇ ਵੀ ਕੋਈ ਸਾਡੇ ਲੋਕ ਨਾਇਕ ਹਨ, ਦੇਸ਼ ਲਈ ਕੁਰਬਾਨੀਆਂ ਕਰ ਜਾਂਦੇ ਹਨ, ਚਾਹੇ ਉਹ ਦੇਸ਼ ਦੀ ਆਜ਼ਾਦੀ ਲਈ ਕੁਰਬਾਨੀਆਂ ਕਰ ਗਏ, ਚਾਹੇ ਦੇਸ਼ ਦੀ ਆਜ਼ਾਦੀ ਨੂੰ ਕਾਇਮ ਰੱਖਣ ਲਈ ਕੁਰਬਾਨੀਆਂ ਕਰ ਗਏ, ਉਨ੍ਹਾਂ ਦਾ ਜਦੋਂ ਵੀ ਸਮਾਂ ਆਉਂਦਾ ਹੈ, ਚਾਹੇ ਕੋਈ ਸਕੂਲ ਹੋਵੇ, ਹਸਪਤਾਲ ਜਾਂ ਸੜਕ ਹੋਵੇ, ਉਸ ਦਾ ਨਾਂ ਉਨ੍ਹਾਂ ਦੀ ਯਾਦ ਵਿਚ ਰੱਖ ਦਿੰਦੇ ਹਾਂ। ਇਨ੍ਹਾਂ ਦੇ ਸਵਾਲ ਵਿੱਚ ਤਾਂ ਇਹ ਗੱਲ ਨਹੀਂ ਆਈ, ਹੁਣ ਇਨ੍ਹਾਂ ਨੇ ਕਹੀ ਹੈ, ਉਸ ਤੇ ਅਸੀਂ ਵਿਚਾਰ ਕਰ ਲਵਾਂਗੇ ਕਿ ਉਸ ਪਿੰਡ ਦੇ ਤਿੰਨ ਸ਼ਹੀਦ ਹੋਏ ਹਨ, ਜਿਵੇਂ ਇਨ੍ਹਾਂ ਨੇ ਦੱਸਿਆ ਹੈ। ਅਸੀਂ ਸਾਰੇ ਉਨ੍ਹਾਂ ਦਾ ਸਤਿਕਾਰ ਕਰਦੇ ਹਾਂ, ਫਿਰ ਵੀ ਮੈਂ ਮਾਨਯੋਗ ਮੁੱਖ ਮੰਤਰੀ ਜੀ ਨਾਲ ਰਾਇ ਕਰਕੇ ਉਨ੍ਹਾਂ ਸ਼ਹੀਦਾਂ ਦੇ ਸਨਮਾਨ ਵਿੱਚ ਜੋ ਵੀ ਹੋ ਸਕਦਾ ਹੋਵੇਗਾ ਉਹ ਕਰਾਂਗਾ, ਕਿਉਂਕਿ ਜਿਹੜੇ ਸ਼ਹੀਦ ਹੁੰਦੇ ਹਨ ਉਹ ਦੇਸ਼ ਦਾ ਸਰਮਾਇਆ

ਹੁੰਦੇ ਹਨ, ਉਹ ਲੋਕਾਂ ਦੇ ਪ੍ਰੇਰਨਾ ਸਰੋਤ ਹੁੰਦੇ ਹਨ, ਲੋਕੀਂ ਉਨ੍ਹਾਂ ਤੋਂ ਸਿੱਖਿਆ ਲੈਂਦੇ ਹਨ। ਸਕੂਲ ਦਾ ਨਾਮ ਰੱਖ ਦੇਣਾ ਤਾਂ ਕੋਈ ਵੱਡੀ ਗੱਲ ਨਹੀਂ, ਇਸ ਵਿੱਚ ਸਾਨੂੰ ਕੋਈ ਪ੍ਰਾਬਲਮ ਨਹੀਂ ਹੈ, ਅਸੀਂ ਰੱਖ ਦਿਆਂਗੇ। ਪਰ ਸਾਡੀ ਕੋਸ਼ਿਸ਼ ਇਹ ਹੈ ਕਿ ਜੇਕਰ ਹੋ ਸਕਦਾ ਹੈ ਕਿ ਸਕੂਲ ਨੂੰ ਅੱਪਗਰੇਡ ਕਰਨ ਦੀ ਗੱਲ ਵੀ ਆਵੇ ਤਾਂ ਮਾਨਯੋਗ ਮੁੱਖ ਮੰਤਰੀ ਜੀ ਨਾਲ ਰਾਇ ਕਰਕੇ ਪੂਰੀ ਕੋਸ਼ਿਸ਼ ਕਰਾਂਗੇ।

ਸਰਦਾਰ ਦਰਸ਼ਨ ਸਿੰਘ ਸ਼ਿਵਾਲਿਕ : ਸਪਲੀਮੈਂਟਰੀ ਸਰ।

ਮਾਨਯੋਗ ਸਪੀਕਰ : ਨਹੀਂ ਜੀ, ਦੋ ਸਪਲੀਮੈਂਟਰੀਜ਼ ਮਿਲ ਗਈਆਂ ਹਨ।

ਸਰਦਾਰ ਦਰਸ਼ਨ ਸਿੰਘ ਸ਼ਿਵਾਲਿਕ : ਇਹ ਬਹੁਤ ਜ਼ਰੂਰੀ ਹੈ, ਸਪੀਕਰ ਸਾਹਿਬ, ਕਿਉਂਕਿ ਉਹ ਤਿੰਨੇ ਸ਼ਹੀਦ ਬਹੁਤ ਗਰੀਬ ਪਰਿਵਾਰ ਤੋਂ ਸਨ। ਸੋ, ਪਿੰਡ ਦੇ ਵਿੱਚ ਬੜਾ ਰੋਸ ਹੈ। ਜਿਹੜੀਆਂ ਪਹਿਲੀਆਂ ਸਮੇਂ ਦੀਆਂ ਸਰਕਾਰਾਂ ਰਹੀਆਂ ਹਨ, ਉਨ੍ਹਾਂ ਨੇ ਪਿੰਡ ਦੀ ਕੋਈ ਨਹੀਂ ਸੁਣੀ। ਇਸ ਕਰਕੇ ਬੇਨਤੀ ਕਰਦੇ ਹਾਂ ਕਿ ਬਾਦਲ ਸਾਹਿਬ ਦੀ ਸਰਕਾਰ ਹੈ, ਬਾਦਲ ਸਾਹਿਬ ਨੇ ਕਦੇ ਵੀ ਇਸ ਤਰ੍ਹਾਂ ਦੀ ਗੱਲ ਨੂੰ ਜਵਾਬ ਨਹੀਂ ਦਿੱਤਾ। ਸੋ, ਮੈਂ ਬੇਨਤੀ ਕਰਦਾ ਹਾਂ ਮੁੱਖ ਮੰਤਰੀ ਸਾਹਿਬ ਨੂੰ ਕਿ ਉਹ ਦੱਸ ਦੇਣ ਕਿ ਉਨ੍ਹਾਂ ਦੀ ਯਾਦ ਵਿੱਚ ਨਾਮ ਹੀ ਰੱਖ ਦੇਣ, ਜੇ ਅੱਪਗਰੇਡ ਨਹੀਂ ਕੀਤਾ ਜਾ ਸਕਦਾ।

ਮੰਤਰੀ : ਸਪੀਕਰ ਸਾਹਿਬ, ਮੈਂ ਮਾਨਯੋਗ ਮੁੱਖ ਮੰਤਰੀ ਸਾਹਿਬ ਦੇ ਬਿਹਾਫ ਤੇ ਵਿਸ਼ਵਾਸ ਦਿਵਾਉਂਦਾ ਹਾਂ ਕਿ ਨਾਮ ਅਸੀਂ ਜ਼ਰੂਰ ਰੱਖ ਦਿਆਂਗੇ।

Mr. Speaker : Thank you, ਅਗਲਾ ਸਵਾਲ, ਸ੍ਰੀ ਤਰਲੋਚਨ ਸਿੰਘ ਜੀ।

ਨਗਰ ਨਿਗਮ, ਅੰਮ੍ਰਿਤਸਰ ਦੇ ਸਟਾਫ ਅਤੇ ਰਿਟਾਇਰਡ ਕਰਮਚਾਰੀਆਂ ਦੀ ਪੈਂਡਿੰਗ ਪਈ ਅਦਾਇਗੀਯੋਗ ਰਕਮ

***1116. ਸ੍ਰੀ ਤਰਲੋਚਨ ਸਿੰਘ :** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਨਗਰ ਨਿਗਮ, ਅੰਮ੍ਰਿਤਸਰ ਦੇ ਸਟਾਫ ਦੀਆਂ ਤਨਖਾਹਾਂ ਅਤੇ ਦੂਜੇ ਭੱਤੇ ਅਤੇ ਸੇਵਾ ਨਿਵਿਰਤ ਕਰਮਚਾਰੀਆਂ ਦੇ ਸੇਵਾ ਨਿਵਿਰਤੀ ਲਾਭਾਂ ਦੀ ਹੁਣ ਤੱਕ ਕਿੰਨੀ ਰਕਮ ਅਦਾਇਗੀ ਲਈ ਪੈਂਡਿੰਗ ਪਈ ਹੈ, ਪੈਂਡਿੰਗ ਪਈ ਅਦਾਇਗੀ ਦੇ ਕੀ ਕਾਰਨ ਹਨ ਅਤੇ ਇਨ੍ਹਾਂ ਦੀ ਅਦਾਇਗੀ ਕਦੋਂ ਤੱਕ ਕਰ ਦਿੱਤੀ ਜਾਵੇਗੀ?

ਸ੍ਰੀ ਅਨਿਲ ਜੋਸ਼ੀ : ਨਗਰ ਨਿਗਮ, ਅੰਮ੍ਰਿਤਸਰ ਦੇ ਸਟਾਫ ਦੀਆਂ ਤਨਖਾਹਾਂ ਅਤੇ ਹੋਰ ਭੱਤੇ ਅਤੇ ਸੇਵਾ ਨਿਵਿਰਤ ਕਰਮਚਾਰੀਆਂ ਦੇ ਸੇਵਾ ਨਿਵਿਰਤੀ ਲਾਭਾਂ ਦੇ ਲਗਭਗ 4193.00 ਲੱਖ ਰੁਪਏ ਦੀਆਂ ਦੇਣਦਾਰੀਆਂ ਹਨ। ਇਹ ਅਦਾਇਗੀਆਂ ਮਿਤੀ 1.1.2006 ਤੋਂ ਤਨਖਾਹ ਕਮਿਸ਼ਨ ਦੀਆਂ ਸਿਫਾਰਸ਼ਾਂ ਅਨੁਸਾਰ ਸੋਧੇ ਸਕੇਲ ਲਾਗੂ ਕਰਨ ਅਤੇ 1200 ਕਰਮਚਾਰੀਆਂ ਦੀਆਂ ਸੇਵਾਵਾਂ ਰੈਗੂਲਰ ਕਰਨ ਨਾਲ ਇਕੱਠੀਆਂ ਹੋਈਆਂ

[ਸਥਾਨਕ ਸਰਕਾਰ ਮੰਤਰੀ]

ਹਨ। ਨਗਰ ਨਿਗਮ, ਅੰਮ੍ਰਿਤਸਰ ਵੱਲੋਂ ਬੈਂਕ ਤੋਂ ਕਰਜ਼ਾ ਲਿਆ ਜਾ ਰਿਹਾ ਹੈ। ਕਰਜ਼ਾ ਮਿਲਣ ਉਪਰੰਤ ਇਹ ਅਦਾਇਗੀਆਂ ਕਲੀਅਰ ਕਰ ਦਿੱਤੀਆਂ ਜਾਣਗੀਆਂ।

ਮਾਨਯੋਗ ਸਪੀਕਰ : ਪ੍ਰਸ਼ਨ ਕਾਲ ਖਤਮ ਹੁੰਦਾ ਹੈ। ਬਾਕੀ ਰਹਿੰਦੇ ਪ੍ਰਸ਼ਨ ਪੰਜਾਬ ਵਿਧਾਨ ਸਭਾ ਦੀ ਕਾਰਜਵਿਧੀ ਅਤੇ ਕਾਰਜ ਸੰਚਾਲਨ ਨਿਯਮਾਵਲੀ ਦੇ ਨਿਯਮ 38 ਅਧੀਨ ਉਤਰ ਦਿੱਤੇ ਗਏ ਸਮਝੇ ਜਾਣ। ਹੁਣ ਏਜੰਡੇ ਦੀ ਅਗਲੀ ਆਈਟਮ ਲਵਾਂਗੇ।

WRITTEN ANSWERS TO STARRED QUESTIONS LAID ON THE TABLE OF THE HOUSE UNDER RULE 38

ਰੋਪੜ ਤੋਂ ਲੁਧਿਆਣਾ ਤੱਕ ਸੜਕ ਨੂੰ ਚਹੁੰ-ਮਾਰਗੀ ਬਣਾਉਣਾ

***1060. ਸਰਦਾਰ ਚਰਨਜੀਤ ਸਿੰਘ ਚੰਨੀ :** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ :

(ੳ) ਰੋਪੜ ਤੋਂ ਲੁਧਿਆਣਾ ਤੱਕ ਭਾਖੜਾ ਕੱਚੀ-ਨਹਿਰ ਦੇ ਕਿਨਾਰੇ ਤੇ ਬਣ ਰਹੀ ਚਹੁੰ-ਮਾਰਗੀ ਸੜਕ ਦਾ ਠੇਕਾ ਕਿਸ ਰੇਟ ਤੇ ਕਿਸ ਕੰਪਨੀ ਜਾਂ ਵਿਅਕਤੀ ਨੂੰ ਦਿੱਤਾ ਗਿਆ ਹੈ ;

(ਅ) ਭਾਗ (ੳ) ਵਿੱਚ ਦਰਸਾਈ ਸੜਕ ਬਣਾਉਣ ਲਈ ਪੁੱਟੇ ਗਏ ਦਰੱਖਤਾਂ ਅਤੇ ਉਸ ਜਗ੍ਹਾ ਤੋਂ ਪੁੱਟੀ ਗਈ ਮਿੱਟੀ ਦੀ ਕੁੱਲ ਕਿੰਨੀ ਰਕਮ ਪ੍ਰਾਪਤ ਕੀਤੀ ਗਈ ਹੈ ;

(ੲ) ਕੀ ਸਰਕਾਰ ਉਪਰੋਕਤ ਸੜਕ ਤੇ ਟੋਲ ਟੈਕਸ ਲਗਾਉਣ ਦਾ ਵਿਚਾਰ ਕਰ ਰਹੀ ਹੈ; ਜੇਕਰ ਹੈ ਤਾਂ ਇਸ ਦੀ ਦਰ ਕੀ ਹੋਵੇਗੀ ?

ਸਰਦਾਰ ਸ਼ਰਨਜੀਤ ਸਿੰਘ ਢਿੱਲੋਂ : (ੳ) ਸਰਹੰਦ ਨਹਿਰ ਦੇ ਨਾਲ-ਨਾਲ ਰੋਪੜ-ਚਮਕੌਰ ਸਾਹਿਬ-ਨੀਲੋ-ਦੋਰਾਹਾ ਸੜਕ ਨੂੰ ਅਪਗ੍ਰੇਡ ਕਰਨ ਦਾ ਠੇਕਾ ਅਟਲਾਂਟਾ ਰੋਪੜ ਟੋਲਵੇਜ ਪ੍ਰਾਈਵੇਟ ਲਿਮਟਿਡ ਨੂੰ ਦਿੱਤਾ ਗਿਆ ਹੈ। ਇਸ ਪ੍ਰੋਜੈਕਟ ਦੀ ਕੁੱਲ ਅਨੁਮਾਨਤ ਲਾਗਤ 220 ਕਰੋੜ ਰੁਪਏ ਹੈ।

(ਅ) ਭਾਗ (ੳ) ਵਿੱਚ ਦਰਸਾਈ ਸੜਕ ਬਣਾਉਣ ਲਈ ਦਰੱਖਤਾਂ ਨੂੰ ਪੁੱਟਣ ਦਾ ਕੰਮ ਵਣ ਵਿਭਾਗ ਵੱਲੋਂ ਕੀਤਾ ਗਿਆ ਹੈ ਅਤੇ ਇਸ ਜਗ੍ਹਾ ਤੋਂ ਲੋੜ ਅਨੁਸਾਰ ਮਿੱਟੀ ਪੁੱਟੀ ਵੀ ਜਾ ਰਹੀ ਹੈ ਅਤੇ ਪਾਈ ਵੀ ਜਾ ਰਹੀ ਹੈ। ਇਹ ਮਿੱਟੀ ਪੁੱਟਣ ਦੀ ਜਾਂ ਮਿੱਟੀ ਪਾਉਣ ਦੀ ਕੋਈ ਵੀ ਕੀਮਤ ਮਹਿਕਮੇ ਵੱਲੋਂ ਠੇਕੇਦਾਰ ਤੋਂ ਨਾ ਤਾਂ ਲਈ ਜਾ ਰਹੀ ਹੈ ਅਤੇ ਨਾ ਹੀ ਉਸ ਨੂੰ ਦਿੱਤੀ ਜਾ ਰਹੀ ਹੈ।

(ੲ) ਇਸ ਸੜਕ ਤੇ ਕੰਨਸੈਸਨਰੀ ਨਾਲ ਕੀਤੇ ਗਏ ਇਕਰਾਰਨਾਮੇ ਦੀਆਂ

ਧਾਰਾਵਾਂ ਅਨੁਸਾਰ ਟੋਲ ਟੈਕਸ ਲਗਾਇਆ ਜਾਵੇਗਾ, ਜਿਸ ਦੀ ਦਰ ਕੰਮ ਮੁਕੰਮਲ ਹੋਣ ਉਪਰੰਤ ਪੰਜਾਬ ਸਰਕਾਰ ਵੱਲੋਂ ਮਿਤੀ 08-07-2004 ਨੂੰ ਜਾਰੀ ਕੀਤੀ ਟੋਲ ਨੋਟੀਫਿਕੇਸ਼ਨ ਮੁਤਾਬਕ ਤੈਅ ਕੀਤੀ ਜਾਵੇਗੀ।

ਨਿਸ਼ਾਨ ਵਾਲਾ ਪ੍ਰਸ਼ਨ ਨੰ: 1015**

ਮਾਨਯੋਗ ਸਪੀਕਰ: ਇਸ ਪ੍ਰਸ਼ਨ ਦੀ ਐਕਸਟੈਨਸ਼ਨ ਮੰਗੀ ਗਈ ਹੈ ਜੋ ਕਿ ਮੈਂ ਅਲਾਓ ਕਰ ਦਿੱਤੀ ਹੈ।

MATTERS RAISED DURING ZERO HOUR AND STATEMENTS BY THE CHIEF MINISTER/DEPUTY CHIEF MINISTER THEREON

ਸ਼੍ਰੀ ਅਸ਼ਵਨੀ ਸੇਖੜੀ : ਸਪੀਕਰ ਸਾਹਿਬ, ਮੈਂ ਤੁਹਾਡੇ ਥਰੂ ਹਾਊਸ ਦਾ ਧਿਆਨ ਪੰਜਾਬ ਦੇ ਇਕ ਅਹਿਮ ਮੁੱਦੇ ਵੱਲ ਦਿਵਾਉਣਾ ਚਾਹੁੰਦਾ ਹਾਂ। ਜਿਹੜੇ ਪੰਜਾਬ ਦੀਆਂ ਸੜਕਾਂ ਤੇ ਰੋਡ ਐਕਸੀਡੈਂਟ ਹੋ ਜਾਂਦੇ ਹਨ, ਇਸ ਨਾਲ ਹਰ ਰੋਜ਼ ਬਹੁਮੁੱਲੀਆਂ ਜਾਨਾਂ ਜਾਂਦੀਆਂ ਹਨ। ਇਸ ਦਾ ਜਿਹੜਾ ਰੇਟ ਹੈ, ਅਖਬਾਰਾਂ ਦੇ ਵਿੱਚ ਹਰ ਰੋਜ਼ ਪੜ੍ਹ ਰਹੇ ਹਾਂ, ਬਹੁਤ ਜ਼ਿਆਦਾ ਹੈ।

Mr. Speaker : Please listen.

ਅਵਾਜ਼ਾਂ : ਮਾਮੂਲੀ ਜਾਨਾਂ ਕਹਿੰਦੇ ਹੋ ?

ਸ਼੍ਰੀ ਅਸ਼ਵਨੀ ਸੇਖੜੀ : ਬਹੁਮੁੱਲੀ ਕਿਹਾ ਹੈ ਜੀ। ਹਰ ਦੋ ਘੰਟੇ ਵਿੱਚ ਇੱਕ ਪੰਜਾਬੀ ਦੀ ਜਾਨ ਇਨ੍ਹਾਂ ਰੋਡ ਐਕਸੀਡੈਂਟਸ ਦੇ ਵਿੱਚ ਜਾ ਰਹੀ ਹੈ। ਹੁਣ ਜੇਕਰ ਟੈਰੋਰਿਜ਼ਮ ਦੇ ਸਮੇਂ ਦੇ ਨਾਲ ਕੰਪੇਅਰ ਕਰੀਏ ਤਾਂ ਉਸ ਦੇ ਵਿੱਚ 25,000 ਲੋਕ ਆਪਣੀਆਂ ਕੀਮਤੀ ਜਾਨਾਂ ਤੋਂ ਹੱਥ ਧੋਅ ਬੈਠੇ ਹਨ। ਲੇਕਿਨ ਇਹ ਜਿਹੜੇ 10 ਸਾਲ ਹਨ.......

Mr. Speaker : Please listen.This is an old matter.

ਸ਼੍ਰੀ ਅਸ਼ਵਨੀ ਸੇਖੜੀ : ਸਪੀਕਰ ਸਾਹਿਬ, ਮੈਂ ਅਖਬਾਰ ਪੜ੍ਹ ਕੇ ਆਇਆ ਹਾਂ। ਇਨ੍ਹਾਂ 10 ਸਾਲਾਂ ਦੇ ਵਿੱਚ ਤਕਰੀਬਨ 30,000 ਦੇ ਕਰੀਬ ਲੋਕ ਰੋਡ ਐਕਸੀਡੈਂਟਸ ਦੇ ਵਿੱਚ ਆਪਣੀਆਂ ਜਾਨਾਂ ਗਵਾ ਚੁੱਕੇ ਹਨ। ਇਸ ਤੋਂ ਇਲਾਵਾ ਮੈਂ ਖੁਦ ਇਕ ਰੋਡ ਐਕਸੀਡੈਂਟ ਦੇ ਵਿੱਚ ......

Mr. Speaker : This is not urgent matter.

ਸ਼੍ਰੀ ਅਸ਼ਵਨੀ ਸੇਖੜੀ : ਸਪੀਕਰ ਸਾਹਿਬ, this is very urgent matter. ਸਰਕਾਰ ਇਸ ਦੇ ਬਾਰੇ ਕੋਈ ਨਾ ਕੋਈ ਸਪੈਸ਼ਲ ਪ੍ਰੋਗਰਾਮ ਬਣਾਵੇ। .....

**Reply to this Starred Question no. 1015 has not been received till 11.6.2014 i.e. the date on which this debates was send to the Press for final printing.

ਮਾਨਯੋਗ ਸਪੀਕਰ : ਨਹੀਂ, ਪਲੀਜ਼ ਨਹੀਂ। ਮੈਂ ਤੇ ਤੁਹਾਡਾ ਸਤਿਕਾਰ ਕਰਦਾ ਹਾਂ।

ਸ਼੍ਰੀ ਅਸ਼ਵਨੀ ਸੇਖੜੀ : ਰੋਜ਼ ਬੰਦੇ ਮਰ ਰਹੇ ਹਨ। ਸਰਕਾਰ ਨੂੰ ਕੋਈ ਨਾ ਕੋਈ ਇਸ ਵਾਸਤੇ...

ਮਾਨਯੋਗ ਸਪੀਕਰ : ਨਹੀਂ, ਨਹੀਂ। ਸੇਖੜੀ ਸਾਹਿਬ, ਨਹੀਂ। ਮੈਂ ਤੇ ਤੁਹਾਡੇ ਸਤਿਕਾਰ ਕਰਕੇ ਕਿਹਾ ਸੀ। This is not urgent matter. ਇਹ ਇਥੇ ਲਿਆਉਣ ਵਾਲਾ ਮਸਲਾ ਨਹੀਂ ਹੈ। ਇਹ ਤਾਂ ਰੁਟੀਨ ਮੈਟਰ ਹੈ।

ਸ਼੍ਰੀ ਅਸ਼ਵਨੀ ਸੇਖੜੀ : ਇਹ ਸਪੀਕਰ ਸਾਹਿਬ, ਬਹੁਤ ਜ਼ਰੂਰੀ ਮਸਲਾ ਹੈ।

Mr. Speaker : No... No.... ਜ਼ੀਰੋ ਆਵਰ ਵਿੱਚ ਕੋਈ ਬਹੁਤ ਜ਼ਰੂਰੀ ਮਸਲਾ ਹੋਵੇ ਤਾਂ ਉਹ ਉਠਾਇਆ ਜਾ ਸਕਦਾ ਹੈ। ਇਹ ਨਹੀਂ।

ਸਰਦਾਰ ਰਣਦੀਪ ਸਿੰਘ ਨਾਭਾ : ਸਪੀਕਰ ਸਾਹਿਬ, ਤੁਸੀਂ ਮੈਨੂੰ ਇਕ ਬਹੁਤ ਅਹਿਮ ਮੁੱਦੇ ਤੇ ਸਰਕਾਰ ਦਾ ਧਿਆਨ ਦਿਵਾਉਣ ਦਾ ਮੌਕਾ ਦਿੱਤਾ ਹੈ। ਇਹ ਇਕ ਬੜਾ ਹੀ ਖੌਫਨਾਕ ਅਤੇ ਖਤਰਨਾਕ ਮਸਲਾ ਹੈ। ਇਹ ਮੁਸਲਿਮ ਭਾਈਚਾਰੇ ਨਾਲ ਅਮਲੋਹ ਹਲਕੇ ਵਿੱਚ ਸਬੰਧ ਰੱਖਦਾ ਹੈ ਔਰ ਇਸ ਦੇ ਤਹਿਤ ਇਕ ਪਰਚਾ ਵੀ ਦਰਜ ਹੋਇਆ ਹੈ। ਮਿਤੀ ਹੈ 8.9.2013....

ਮਾਨਯੋਗ ਸਪੀਕਰ : ਇਹ ਤਾਂ ਓਲਡ ਮੈਟਰ ਹੈ।

ਸਰਦਾਰ ਰਣਦੀਪ ਸਿੰਘ ਨਾਭਾ : ਐਫ.ਆਈ.ਆਰ. ਨੰਬਰ ਵੀ ਹੈ...

ਮਾਨਯੋਗ ਸਪੀਕਰ : ਤੁਸੀਂ ਇਸ ਦੇ ਬਾਰੇ ਕੋਈ ਨੋਟਿਸ ਦਿੱਤਾ ਹੈ?

ਸਰਦਾਰ ਰਣਦੀਪ ਸਿੰਘ ਨਾਭਾ : ਤੁਸੀਂ ਰੱਦ ਕਰ ਦਿੱਤਾ ਹੈ ਜੀ।

ਮਾਨਯੋਗ ਸਪੀਕਰ : ਨਹੀਂ, ਫੇਰ ਨਹੀਂ।

ਸਰਦਾਰ ਰਣਦੀਪ ਸਿੰਘ ਨਾਭਾ : ਗੱਲ ਤਾਂ ਕਰ ਸਕਦਾ ਹਾਂ ਜੀ।

ਮਾਨਯੋਗ ਸਪੀਕਰ : ਨਹੀਂ, ਫੇਰ ਨਹੀਂ।

ਸਰਦਾਰ ਰਣਦੀਪ ਸਿੰਘ ਨਾਭਾ : ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਇਹ ਮਾਹੌਲ ਇਹੋ ਜਿਹਾ ਬਣਨਾ ਸੀ ਜਿਵੇਂ ਮੁਜ਼ੱਫਰਨਗਰ ਵਿੱਚ ਹੋਇਆ ਹੈ, ਉਹੋ ਜਿਹਾ ਹਾਲ ਪੰਜਾਬ ਦੇ ਵਿੱਚ ਵੀ ਹੋਣਾ ਸੀ। ਕਬਜ਼ਾ ਲੈਂਡ ਮਾਫੀਏ ਦੇ ਤਹਿਤ ਕਾਫੀ ਲੋਕ......

ਮਾਨਯੋਗ ਸਪੀਕਰ : ਨਹੀਂ ਜੀ। This is not urgent matter. No. ਤੁਸੀਂ ਬੈਠ ਜਾਓ ਜੀ।

ਸਰਦਾਰ ਰਣਦੀਪ ਸਿੰਘ ਨਾਭਾ : ਮੈਂ ਹੁਣ ਦੀਆਂ ਪ੍ਰੈਸ ਕਟਿੰਗ ਲੈ ਕੇ ਆਇਆ ਹਾਂ। ਇਹ ਤਿੰਨ ਦਿਨ ਪਹਿਲਾਂ ਦੀਆਂ ਹਨ।

Mr. Speaker : No. No. ਜੇਕਰ ਅਰਜੈਂਟ ਹੁੰਦਾ ਤਾਂ ਮੈਂ ਤੁਹਾਨੂੰ ਅਲਾਓ ਕਰ ਦੇਣਾ ਸੀ।

ਸਰਦਾਰ ਰਣਦੀਪ ਸਿੰਘ ਨਾਭਾ : ਇਥੇ ਕਬਿਰਸਤਾਨ ਦੇ ਤਹਿਤ ਧੱਕੇ ਦੇ ਨਾਲ ** **

Mr. Speaker : Not to be recorded. No, no. This is not to be recorded. ਜੇਕਰ ਕੋਈ ਅਰਜੈਂਟ ਮਸਲਾ ਹੁੰਦਾ ਤਾਂ ਮੈਂ ਜ਼ਰੂਰ ਤੁਹਾਨੂੰ ਅਲਾਓ ਕਰਦਾ।.

ਸਰਦਾਰ ਰਣਦੀਪ ਸਿੰਘ ਨਾਭਾ : ** ** **

Mr. Speaker : No. This is not to be recorded, ਨਹੀਂ ਜੀ, ਨਹੀਂ। ਕੁਝ ਵੀ ਰਿਕਾਰਡ ਨਹੀਂ ਹੋ ਰਿਹਾ।

Sh. Sunil Jakhar : I must appreciate that restrain shown in Malerkotla, ਮਲੇਰਕੋਟਲਾ ਵਿਚ ਕੋਈ ਕਮਿਊਨਲ ਟੈਨਸ਼ਨ ਨਹੀਂ ਬਣਨ ਦਿੱਤੀ ਗਈ। ਨਾਭਾ ਸਾਹਿਬ ਨੇ ਜਿਹੜਾ ਮੈਟਰ ਉਠਾਇਆ ਹੈ, ਉਹ ਬੜਾ ਸੀਰੀਅਸ ਮੈਟਰ ਹੈ। ਮੈਂ ਰਿਕੁਐਕਟ ਕਰਾਂਗਾ ਕਿ Hon'ble Home Minister should at least look into the matter and get it investigated. ਕਿਉਂਜੋ ਜਿਹੜੇ ਵੀ ਦੋਸ਼ੀ ਹਨ, ਉਨ੍ਹਾਂ ਉਤੇ ਐਕਸ਼ਨ ਹੋਣਾ ਚਾਹੀਦਾ ਹੈ ਕਿਉਂਕਿ ਅਜਿਹੇ ਚਾਰਜਡ ਮਾਹੌਲ ਵਿਚ ਮਾਹੌਲ ਨੂੰ ਭੜਕਾਉਣ ਲਈ ਕੇਵਲ ਇਕ ਚਿੰਗਾਰੀ ਚਾਹੀਦੀ ਹੈ। ਜੋ ਉਥੇ ਯੂ.ਪੀ. ਵਿਚ ਹੋਇਆ ਹੈ, ਉਸੇ ਤਰ੍ਹਾਂ ਲੋਕ ਪੰਜਾਬ ਵਿਚ ਵੀ ਭੜਕਾਊ ਮਾਹੌਲ ਬਣਾ ਰਹੇ ਹਨ। ਪੰਜਾਬ ਦੀ ਅਮਨ ਸ਼ਾਂਤੀ ਵਾਸਤੇ we still follow the procedure, I am sorry. Hon'ble Minister should look into this matter.

Deputy Chief Minister (Sardar Sukhbir Singh Badal) : Speaker Sir, the issue which our Hon'ble Member has raised, I will examine it and whosoever is guilty would be brought to book.

ਸਰਦਾਰ ਅਜੀਤ ਇੰਦਰ ਸਿੰਘ ਮੋਫਰ : ਸਪੀਕਰ ਸਾਹਿਬ, ਮੈਂ ਪੰਜਾਬ ਵਿਚ ਲਾਅ ਐਂਡ ਆਰਡਰ ਦੇ ਇਕ ਸੀਰੀਅਸ ਮੈਟਰ ਤੇ ਗੱਲ ਕਰਨ ਲੱਗਾ ਹਾਂ ਅਤੇ ਹੋਮ ਮਨਿਸਟਰ ਜੀ ਦੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ। ਪਟਿਆਲਾ ਵਿਚ ਇਕ ਬੰਦੇ ਦਾ ਤੇ ਲੇਡੀ ਦਾ ਮਰਡਰ ਹੋਇਆ.....

ਮਾਨਯੋਗ ਸਪੀਕਰ : ਕਦੋਂ?

ਸਰਦਾਰ ਅਜੀਤ ਇੰਦਰ ਸਿੰਘ ਮੋਫਰ : ਦੋ ਸਾਲ ਹੋ ਗਏ ਹਨ ਜੀ।

**Not recorded as ordered by the Chair.

ਮਾਨਯੋਗ ਸਪੀਕਰ : ਨਹੀਂ, ਨਹੀਂ ਜੀ। Not to be recorded. ...(ਵਿਘਨ)..। ਤੁਸੀਂ ਸੀਨੀਅਰ ਮੈਂਬਰ ਹੋ ਅਤੇ ਮੇਰੇ ਬੜੇ ਪੁਰਾਣੇ ਸਾਥੀ ਹੋ। ਜਿਹੜਾ ਮੈਟਰ urgent public importance ਦਾ ਹੋਵੇ, ਉਹ ਮੈਂ ਅਲਾਓ ਕਰ ਦਿੰਦਾ ਹਾਂ। ...(ਵਿਘਨ)... ਹਾਂ ਜੀ, ਚੰਨੀ ਜੀ ਤੁਸੀਂ ਦੱਸੋ।

ਸਰਦਾਰ ਚਰਨਜੀਤ ਸਿੰਘ ਚੰਨੀ : ਸਪੀਕਰ ਸਾਹਿਬ, ਮੇਰੀ ਬੇਨਤੀ ਇਹ ਹੈ ਕਿ .....

ਮਾਨਯੋਗ ਸਪੀਕਰ : ਕੋਈ ਅਰਜੈਂਟ ਮੈਟਰ ਹੈ?

ਸਰਦਾਰ ਚਰਨਜੀਤ ਸਿੰਘ ਚੰਨੀ : ਹਾਂ ਜੀ, ਸਰ, ਅਰਜੈਂਟ ਹੈ ਜੀ। ਮੇਰੇ ਦੋ ਮਸਲੇ ਹਨ, ਦੋਨੋਂ ਅਰਜੈਂਟ ਹਨ। ਇਕ ਤਾਂ ......(ਵਿਘਨ) ......

ਸਰਦਾਰ ਰਣਦੀਪ ਸਿੰਘ ਨਾਭਾ : ਸਪੀਕਰ ਸਾਹਿਬ ......(ਵਿਘਨ)......

ਮਾਨਯੋਗ ਸਪੀਕਰ : ਨਹੀਂ ਵੀਰ ਜੀ, according to rules & procedure ਤੁਹਾਡਾ ਮੈਟਰ ਸੁਣਿਆ ਜਾਵੇਗਾ ਅਤੇ ਰਿਕਾਰਡ ਤੇ ਆਵੇਗਾ। ਪਰ ਜੇ ਸਾਲ, ਦੋ ਸਾਲ ਜਾਂ ਡੇਢ ਸਾਲ ਪੁਰਾਣਾ ਪੁੱਛੋਗੇ ਤਾਂ ਉਹ ਅਲਾਓ ਨਹੀਂ ਹੋ ਸਕਦਾ। I can't allow. ਹਾਂ ਜੀ, ਚੰਨੀ ਜੀ, ਦੱਸੋ, ਟਾਈਮ ਵੇਸਟ ਨਾ ਕਰੋ।

ਸਰਦਾਰ ਚਰਨਜੀਤ ਸਿੰਘ ਚੰਨੀ : ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਪੰਜਾਬ ਵਿੱਚ ਮਿਊਂਸਿਪਲ ਕਮੇਟੀਆਂ ਦੀਆਂ ਚੋਣਾਂ ਹੋਣੀਆਂ ਡਿਊ ਹਨ ਲੇਕਿਨ ਪੰਜਾਬ ਸਰਕਾਰ ਉਨ੍ਹਾਂ ਨੂੰ ਕਰਵਾ ਨਹੀਂ ਰਹੀ। ਕੀ ਕਾਰਨ ਹੈ ਕਿ ਲੋਕਤੰਤਰ ਨੂੰ ਲੋਕਲ ਬਾਡੀਜ਼ ਵਿਚ ਬਹਾਲ ਨਹੀਂ ਕੀਤਾ ਜਾ ਰਿਹਾ? ਬਹੁਤ ਸਾਰੀਆਂ ਮਿਊਂਸਪਲ ਕਮੇਟੀਆਂ ਦੀਆਂ ਚੋਣਾਂ ਡਿਊ ਹੋ ਗਈਆਂ ਹਨ। 127 ਮਿਊਂਸਪਲ ਕਮੇਟੀਆਂ ਦਾ ਮਸਲਾ ਹੈ। ਪਰ ਤੁਸੀਂ ਇਸ ਨੂੰ ਅਰਜੈਂਟ ਨਹੀਂ ਸਮਝ ਰਹੇ ਪਰ ਮੈਂ ਇਹ ਬੇਨਤੀ ਕਰ ਰਿਹਾ ਹਾਂ ਕਿ ਇਸ ਤੋਂ ਉਪਰ ਹੋਰ ਕੀ ਅਰਜੈਂਟ ਹੋ ਸਕਦਾ ਹੈ? ਪੰਜਾਬ ਵਿਚ ਲੋਕਤੰਤਰ ਦਾ ਘਾਣ ਹੋ ਰਿਹਾ ਹੈ। ਲੋਕਾਂ ਨੂੰ ਰਾਈਟ ਹੈ ਕਿ ਉਹ ਵੋਟ ਪਾ ਕੇ ਆਪਣੇ ਨੁਮਾਇੰਦੇ ਚੁਣਨ.......

ਮਾਨਯੋਗ ਸਪੀਕਰ : ਤੁਹਾਡਾ ਪੁਆਇੰਟ ਰਿਕਾਰਡ ਤੇ ਆ ਗਿਆ ਹੈ।

ਸਰਦਾਰ ਚਰਨਜੀਤ ਸਿੰਘ ਚੰਨੀ : ਮੇਰਾ ਇਕ ਪੁਆਇੰਟ ਹੋਰ ਹੈ ਕਿ.....

ਮਾਨਯੋਗ ਸਪੀਕਰ : ਇਕ ਸਮੇਂ ਤੇ ਇਕ ਹੀ ਪੁਆਇੰਟ ਰੇਜ਼ ਕੀਤਾ ਜਾ ਸਕਦਾ ਹੈ। ...(ਵਿਘਨ)... ਨਹੀਂ ਜੀ, ਤੁਹਾਡਾ ਪਹਿਲਾ ਪੁਆਇੰਟ ਰਿਕਾਰਡ ਤੇ ਆ ਗਿਆ ਹੈ। ਹੁਣ ਬੀਬੀ ਜੀ ਨੂੰ ਆਪਣਾ ਮਸਲਾ ਰੇਜ਼ ਕਰ ਲੈਣ ਦਿਉ। .....(ਵਿਘਨ)..... ਮੈਂ ਕਿਸੇ ਮਿਨਿਸਟਰ ਨੂੰ ਜਵਾਬ ਦੇਣ ਲਈ ਕੰਪੈਲ ਨਹੀਂ ਕਰ ਸਕਦਾ। ਤੁਹਾਡਾ ਪੁਆਇੰਟ ਰਿਕਾਰਡ ਤੇ ਆ ਗਿਆ ਹੈ। ਹੁਣ ਮੈਂ ਬੀਬੀ (ਸ਼੍ਰੀ ਮਤੀ ਅਰੁਨਾ ਚੌਧਰੀ) ਜੀ ਨੂੰ ਅਲਾਓ ਕੀਤਾ ਹੈ।

ਸ਼੍ਰੀਮਤੀ ਅਰੁਨਾ ਚੌਧਰੀ : ਸਪੀਕਰ ਸਾਹਿਬ, ਤੁਹਾਡਾ ਧੰਨਵਾਦ ਕਿ ਤੁਸੀਂ ਮੈਨੂੰ ਬੋਲਣ ਦਾ ਮੌਕਾ ਦਿੱਤਾ ਹੈ। ਇਹ ਵੀ ਭਾਵੇਂ ਪਹਿਲਾਂ ਦਾ ਕੇਸ ਹੈ ਪਰ ਸਾਡੇ ਮਾਨਯੋਗ ਡਿਪਟੀ ਸੀ.ਐਮ. ਸਾਹਿਬ ਦੇ ਧਿਆਨ ਵਿਚ ਹੈ।

ਮਾਨਯੋਗ ਸਪੀਕਰ : ਤੁਸੀਂ ਮੈਨੂੰ ਵੀ ਤਾਂ ਦੱਸੋ। ਸਿੱਧੇ ਮਨਿਸਟਰ ਜੀ ਨੂੰ ਸੰਬੋਧਨ ਨਹੀਂ ਕਰ ਸਕਦੇ।

ਸ਼੍ਰੀਮਤੀ ਅਰੁਨਾ ਚੌਧਰੀ : ਹਾਂ ਜੀ, ਸਪੀਕਰ ਸਾਹਿਬ, ਸੌਰੀ। ਮੈਂ ਤੁਹਾਡੇ ਰਾਹੀਂ ਮੰਤਰੀ ਜੀ ਦੇ ਧਿਆਨ ਵਿਚ ਲਿਆਉਣਾ ਚਾਹੁੰਦੀ ਹਾਂ ਕਿ ਸਾਡੇ ਹਲਕੇ ਦੇ ਪਿੰਡ ਡਾਲੇ ਕੇ ਵਿਚ ਐਸ.ਸੀ. ਸਰਪੰਚ ਨਾਲ ਰਿਲੇਟਡ ਇਕ ਕੇਸ ਹੋਇਆ ਹੈ।

ਮਾਨਯੋਗ ਸਪੀਕਰ : ਇਹ ਕਦੋਂ ਦਾ ਵਾਕਿਆ ਹੈ? ਇਹ ਮੈਂ ਇਸ ਕਰਕੇ ਪੁੱਛ ਰਿਹਾ ਹਾਂ ਤਾਂ ਜੋ ਤੁਹਾਡਾ ਰਿਕਾਰਡ ਤੇ ਆ ਸਕੇ। ਇਹ ਮੈਟਰ ਕਦੋਂ ਦਾ ਹੈ?

ਸ਼੍ਰੀਮਤੀ ਅਰੁਨਾ ਚੌਧਰੀ : ਸਪੀਕਰ ਸਾਹਿਬ, ਉਸ ਨੂੰ ਇਨਸਾਫ ਨਹੀਂ ਮਿਲਿਆ?

ਮਾਨਯੋਗ ਸਪੀਕਰ : ਜੇਕਰ ਇਹ ਪਿਛਲੇ ਸਾਲ ਦਾ ਹੈ ਤਾਂ ਇਹ ਰਿਕਾਰਡ ਨਹੀਂ ਹੋਣਾ।

ਸ਼੍ਰੀਮਤੀ ਅਰੁਨਾ ਚੌਧਰੀ : ਸਪੀਕਰ ਸਾਹਿਬ, ਇਹ ਮਸਲਾ ਹੱਲ ਨਹੀਂ ਹੋਇਆ। ਇਸ ਕਰਕੇ ਮੈਂ ਇਹ ਦੁਬਾਰਾ ਲਿਆਉਣਾ ਚਾਹੁੰਦੀ ਹਾਂ। ** ** **

ਮਾਨਯੋਗ ਸਪੀਕਰ : ਨਹੀਂ ਜੀ, ਤੁਸੀਂ ਉਨ੍ਹਾਂ ਨੂੰ ਪਰਸਨਲੀ ਮਿਲ ਲੈਣਾ। ਇਹ ਰਿਕਾਰਡ ਨਹੀਂ ਹੋ ਰਿਹਾ ਹੈ। .....(ਵਿਘਨ)...... ਬੀਬੀ ਜੀ, ਨਹੀਂ ਰਿਕਾਰਡ ਹੋ ਰਿਹਾ । ਕਿਰਪਾ ਕਰਕੇ ਤੁਸੀਂ ਬੈਠ ਜਾਓ । .....(ਵਿਘਨ).... ਭੈਣ ਜੀ, ਮਿਲ ਕੇ ਗੱਲ ਕਰ ਲੈਣਾ ।

ਸਰਦਾਰ ਸੁਖਜਿੰਦਰ ਸਿੰਘ : ਸਪੀਕਰ ਸਾਹਿਬ, ਤੁਹਾਡੇ ਰਾਹੀਂ ਮੈਂ ਇੱਕ ਬਹੁਤ ਹੀ ਜ਼ਰੂਰੀ ਮਸਲਾ ਸਦਨ ਅਤੇ ਡਿਪਟੀ ਸੀ.ਐਮ. ਸਾਹਿਬ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ .....

ਮਾਨਯੋਗ ਸਪੀਕਰ : ਇਹ ਕਦੋਂ ਦਾ ਕੇਸ ਹੈ ?

ਸਰਦਾਰ ਸੁਖਜਿੰਦਰ ਸਿੰਘ : ਇਹ ਕੇਵਲ ਵੀਹ ਦਿਨ ਪੁਰਾਣਾ ਕੇਸ ਹੈ । ....(ਵਿਘਨ).... ਸਪੀਕਰ ਸਾਹਿਬ, ਇੱਕ ਘਰ ਵਿੱਚ ਦੋ ਮਰਡਰ ਹੋਏ। ਇਸ ਦਾ ਐਫ. ਆਈ. ਆਰ. ਨੰ. 83 ਹੈ। 8-10-2013 ਨੂੰ ਕੇਸ ਦਰਜ ਹੋਇਆ। ਪਿੰਡ ਕਾਲੋਵਾਲੀ, ਡੇਰਾ ਬਾਬਾ ਨਾਨਕ ਪੁਲਿਸ ਸਟੇਸ਼ਨ ਵਿੱਚ ਇਹ ਕੇਸ ਦਰਜ ਹੋਇਆ। ਇਸ ਵਿੱਚ

**Not recorded as ordered by the Chair.

ਲਿਖਿਆ ਹੈ ਕਿ ਸਾਬਕਾ ਸਰਪੰਚ ਦੇ ਪੁੱਤਰ ਵੱਲੋਂ ਗੋਲੀ ਮਾਰ ਕੇ ਪਿਓ ਪੁੱਤ ਦੀ ਹੱਤਿਆ। ਇਸ ਵਿੱਚ ਸ਼ਾਮਲ ਇੰਸਪੈਕਟਰ ਅੱਜ ਕੱਲ੍ਹ ਮਜੀਠੇ ਸੀ. ਆਈ. ਏ. ਸਟਾਫ ਦਾ ਇਨਚਾਰਜ ਹੈ। ਉਸ ਦੇ ਪਰਵਾਰ ਨੇ ਇਹ ਕਤਲ ਕੀਤੇ ਹਨ। ਇਸ ਵਿੱਚ ਇੱਕ ਆਦਮੀ ਭਗਵੰਤ ਸਿੰਘ ਹੈ, ਉਸ ਦੇ ਲੜਕੇ ਨੂੰ ਵੀ ਗੋਲੀ ਮਾਰ ਦਿੱਤੀ ਗਈ ਤੇ ਉਹ ਗੁਰੂ ਨਾਨਕ ਹਸਪਤਾਲ, ਅੰਮ੍ਰਿਤਸਰ ਵਿੱਚ ਦਾਖਲ ਹੈ। ਇਨ੍ਹਾਂ ਵਿੱਚੋਂ ਕੇਵਲ ਤਿੰਨ ਆਦਮੀ ਹੀ ਹਾਲੇ ਤੱਕ ਫੜ੍ਹੇ ਗਏ ਹਨ। .....(ਵਿਘਨ).....

ਮਾਲ ਤੇ ਮੁੜ ਵਸੇਬਾ, ਸੂਚਨਾ ਤੇ ਲੋਕ ਸੰਪਰਕ, ਗੈਰ ਰਵਾਇਤੀ ਊਰਜਾ ਤੇ ਐਨ. ਆਰ. ਆਈ ਮਾਮਲੇ ਮੰਤਰੀ (ਸਰਦਾਰ ਬਿਕਰਮ ਸਿੰਘ ਮਜੀਠੀਆ) : ਸਪੀਕਰ ਸਾਹਿਬ, ਜੇ ਇਨਫਰਮੇਸ਼ਨ ਗਲਤ ਦਿੱਤੀ ਜਾਵੇ ਤਾਂ ਉਹ ਵੀ ਗੱਲ ਚੰਗੀ ਨਹੀਂ ਹੈ। ਇਹ ਜਿਹੜਾ ਹਾਦਸਾ ਹੋਇਆ ਹੈ, ਇਹ ਬਿਲਕੁਲ ਦੁਖਦਾਈ ਹੈ। ਉਹ ਲੜਕੀ, ਜਿਸ ਦਾ ਉਹ ਘਰਵਾਲਾ ਹੈ ਤੇ ਜਿਸ ਦਾ ਸਹੁਰਾ ਮਾਰਿਆ ਹੈ, ਉਹ ਮੇਰੇ ਹਲਕੇ ਵਿੱਚ ਪੈਂਦੇ ਹਨ। ਉਹ ਸਾਡੀ ਧੀ ਹੈ। ਮੈਂ ਇਸ ਗੱਲ ਵਾਸਤੇ ਡਿਪਟੀ ਸੀ. ਐਮ. ਸਾਹਿਬ ਦਾ ਧੰਨਵਾਦ ਕਰਨਾ ਚਾਹੁੰਦਾ ਹਾਂ ਕਿ ਉਸ ਵਿੱਚ ਠੋਕ ਕੇ ਕਾਰਵਾਈ ਕੀਤੀ ਗਈ ਹੈ। 9 ਬੰਦਿਆਂ ਤੇ ਪਰਚਾ ਦਰਜ ਹੋਇਆ ਹੈ ਤੇ ਉਨ੍ਹਾਂ ਵਿੱਚੋਂ 7 ਅਰੈਸਟ ਹੋ ਗਏ ਤੇ 2 ਭੱਜੇ ਹੋਏ ਹਨ। ......(ਵਿਘਨ)......

ਸਰਦਾਰ ਸੁਖਜਿੰਦਰ ਸਿੰਘ : ਸਪੀਕਰ ਸਾਹਿਬ, ਚਾਰ ਬੰਦੇ ਅਰੈਸਟ ਹੋਏ ਹਨ। ....(ਵਿਘਨ)....

ਮਾਲ ਤੇ ਮੁੜ ਵਸੇਬਾ, ਸੂਚਨਾ ਤੇ ਲੋਕ ਸੰਪਰਕ, ਗੈਰ ਰਵਾਇਤੀ ਊਰਜਾ ਤੇ ਐਨ. ਆਰ. ਆਈ ਮਾਮਲੇ ਮੰਤਰੀ : ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਰੰਧਾਵਾ ਸਾਹਿਬ ਇਸ ਮਾਮਲੇ ਨੂੰ ਸੈਂਸ਼ੇਸ਼ਨਲਾਈਜ਼ ਕਰਨਾ ਚਾਹੁੰਦੇ ਹਨ। ਮਜੀਠੇ ਦਾ ਨਾਂ ਲੈ ਲੈਂਦੇ ਹਨ ਕਿ ਚਲੋ ਅਖਬਾਰ ਵਿੱਚ ਕਹਾਣੀ ਫੱਟ ਲੱਗ ਜਾਵੇਗੀ। ਇਹ ਬਹੁਤ ਗੰਭੀਰ ਮਾਮਲਾ ਹੈ। ਉਹ ਸਾਡੀ ਧੀ ਹੈ। ਅਸੀਂ ਸੁਖਬੀਰ ਜੀ ਨੂੰ ਬੇਨਤੀ ਕਰਕੇ ਪੂਰੀ ਪੈਰਵੀ ਕਰਾਂਗੇ ।

ਸਰਦਾਰ ਸੁਖਜਿੰਦਰ ਸਿੰਘ : ਲਾਲ ਸਿੰਘ, ਹੈਡ ਕਾਂਸਟੇਬਲ ਨਹੀਂ ਫੜ੍ਹਿਆ ਗਿਆ। ....(ਵਿਘਨ).... ਮੈਂ ਤੁਹਾਡੇ ਕੋਲੋਂ ਪੁੱਛ ਰਿਹਾ ਹਾਂ ਕਿ ਉਸ ਦਾ ਭਾਈ ਸੁੱਚਾ ਸਿੰਘ ਪੁੱਤਰ ਮੱਖਣ ਸਿੰਘ, ਹੈਡ ਮੁਨਸ਼ੀ, ਕਿਲਾ ਲਾਲ ਸਿੰਘ, ਬਟਾਲੇ ਵਿਖੇ ਲੱਗਾ ਹੈ। ਇਸ ਕੇਸ ਵਿੱਚ ਇੱਕ ਬਰਦਰ ਫੜ੍ਹਿਆ ਗਿਆ ਹੈ, ਪਰਮਿੰਦਰ ਸਿੰਘ ਜੋ ਕਿ ਕਾਂਸਟੇਬਲ ਸੀ। ਕੁੱਲ ਚਾਰ ਆਦਮੀ ਫੜ੍ਹੇ ਗਏ ਹਨ ।

ਮਾਲ ਤੇ ਮੁੜ ਵਸੇਬਾ, ਸੂਚਨਾ ਤੇ ਲੋਕ ਸੰਪਰਕ, ਗੈਰ ਰਵਾਇਤੀ ਊਰਜਾ ਤੇ ਐਨ. ਆਰ. ਆਈ ਮਾਮਲੇ ਮੰਤਰੀ : ਸਪੀਕਰ ਸਾਹਿਬ, ਛੇ ਫੜ੍ਹੇ ਗਏ ਹਨ ।

ਸਰਦਾਰ ਸੁਖਜਿੰਦਰ ਸਿੰਘ : ਚਾਰ ਜੀ, ਚਾਰ। ਹਾਲੇ ਰਾਤ ਹੀ ਐਸ. ਐਸ. ਪੀ. ਨੂੰ ਪਰਿਵਾਰ ਦੇ ਮੈਂਬਰ ਮਿਲ ਕੇ ਆਏ ਹਨ। ....(ਵਿਘਨ).... ਸਪੀਕਰ ਸਾਹਿਬ, ਪਹਿਲਾਂ ਪੂਰੀ ਗੱਲ ਸੁਣ ਲਓ। ਅਸੀਂ ਇਹੋ ਚਾਹੁੰਦੇ ਹਾਂ ਕਿ ਜਿਹੜੇ ਆਦਮੀ ਉਥੇ ਸ਼ਰੇਆਮ ਘੁੰਮ ਰਹੇ ਹਨ, ਠੀਕ ਹੈ ਪੁਲਿਸ ਵਾਲਿਆਂ ਤੇ ਐਸ. ਐਸ. ਪੀ. ਨੇ ਇਹ ਸਖਤੀ ਕੀਤੀ ਹੈ ਕਿ ਉਨ੍ਹਾਂ ਨੂੰ ਝੋਨਾ ਨਹੀਂ ਕੱਟਣ ਦਿੱਤਾ ਪਰ ਬਾਕੀ ਸਭ ਬਿਜ਼ਨਸ ਚਲਦੇ ਹਨ। ....(ਵਿਘਨ).... ਮਜੀਠੀਆ ਸਾਹਿਬ, ਮੇਰੀ ਗੱਲ ਸੁਣ ਲਓ। ਮੈਂ ਕਦੋਂ ਕਹਿ ਰਿਹਾ ਹਾਂ ਕਿ ਕਾਰਵਾਈ ਨਹੀਂ ਹੋ ਰਹੀ ।

ਮਾਲ ਤੇ ਮੁੜ ਵਸੇਬਾ, ਸੂਚਨਾ ਤੇ ਲੋਕ ਸੰਪਰਕ, ਗੈਰ ਰਵਾਇਤੀ ਊਰਜਾ ਤੇ ਐਨ. ਆਰ. ਆਈ ਮਾਮਲੇ ਮੰਤਰੀ : ਸਪੀਕਰ ਸਾਹਿਬ, ਇਹ ਦੱਸਣ ਕਿ ਪਰਚਾ ਦਰਜ ਹੋਇਆ ਹੈ ਜਾਂ ਨਹੀਂ?

ਸਰਦਾਰ ਸੁਖਜਿੰਦਰ ਸਿੰਘ : ਪਰਚਾ ਦਰਜ ਹੋਇਆ ਹੈ। ਤੁਸੀਂ 9 ਕਹਿ ਰਹੇ ਹੋ ਪਰ 11 ਆਦਮੀਆਂ ਤੇ ਪਰਚਾ ਦਰਜ ਹੋਇਆ ਹੈ।

ਮਾਲ ਤੇ ਮੁੜ ਵਸੇਬਾ, ਸੂਚਨਾ ਤੇ ਲੋਕ ਸੰਪਰਕ, ਗੈਰ ਰਵਾਇਤੀ ਊਰਜਾ ਤੇ ਐਨ. ਆਰ. ਆਈ ਮਾਮਲੇ ਮੰਤਰੀ : ਸਪੀਕਰ ਸਾਹਿਬ, ਕੀ ਇਹ ਇਹ ਵੀ ਦੱਸਣ ਕਿ ਪਰਚਾ ਠੋਕ ਕੇ ਦਰਜ ਹੋਇਆ ਹੈ ਜਾਂ ਨਹੀਂ?

ਸਰਦਾਰ ਸੁਖਜਿੰਦਰ ਸਿੰਘ : ਠੋਕ ਕੇ ਦਰਜ ਹੋਇਆ ਹੈ ਪਰ ਉਹ ਫਿਰ ਫੜੇ ਕਿਉਂ ਨਹੀਂ ਗਏ? ....(ਵਿਘਨ).... ਸਪੀਕਰ ਸਾਹਿਬ, ਉਥੇ ਵਾਕਿਆ ਹੀ ਗੋਲੀ ਚੱਲੀ ਹੈ ।

ਮਾਨਯੋਗ ਸਪੀਕਰ : ਤੁਹਾਡਾ ਮੈਟਰ ਰਿਕਾਰਡ ਤੇ ਆ ਗਿਆ ਹੈ । ....(ਵਿਘਨ)....

ਸਰਦਾਰ ਸੁਖਜਿੰਦਰ ਸਿੰਘ : ਸਪੀਕਰ ਸਾਹਿਬ, ਜਿੰਨੀ ਦੇਰ ਬਹਿਸ ਕਰਨੀ ਹੈ, ਉਨੀ ਦੇਰ ਮੈਂ ਆਪਣੀ ਗੱਲ ਪੂਰੀ ਕਰ ਲੈਣੀ ਹੈ। ਡਿਪਟੀ ਸੀ. ਐਮ. ਸਾਹਿਬ ਮੇਰੇ ਇਲਾਕੇ ਵਿੱਚ ਡੇਟ ਪਿੰਡ ਹੈ। ਉਥੋਂ ਦਾ ਹਰਿੰਦਰ ਸਿੰਘ, ਐਕਸ ਸਰਪੰਚ ਹੈ। ਉਸ ਦੇ ਘਰ ਤਿੰਨ ਆਦਮੀ ਆਏ ਤੇ ਗੋਲੀ ਮਾਰ ਕੇ ਚਲੇ ਗਏ। ਉਸ ਇਲਾਕੇ ਵਿੱਚ ਜੇ ਆਪਾਂ ਪੁਰਾਣੀ ਹਿਸਟਰੀ ਵੀ ਕੱਢੀਏ ਤਾਂ ਜਿੰਨੇ ਕੇਸ ਹੋਏ ਹਨ, ਉਨ੍ਹਾਂ ਵਿੱਚੋਂ ਕਾਫੀ ਕੇਸ ....

ਮਾਨਯੋਗ ਸਪੀਕਰ : ਤੁਸੀਂ ਲਿਖ ਕੇ ਦੇ ਦਿਓ।

ਸਰਦਾਰ ਸੁਖਜਿੰਦਰ ਸਿੰਘ : ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਕਿਰਪਾ ਕਰਕੇ ਉਥੇ ਪੁਲਿਸ ਦੀ ਜੋ ਗੁੰਡਾਗਰਦੀ ਵੱਧ ਰਹੀ ਹੈ, ਉਸ ਨੂੰ ਨੱਥ ਪਾਈ ਜਾਵੇ। ਸੀ. ਐਮ. ਸਾਹਿਬ, ਤੁਹਾਨੂੰ ਬੇਨਤੀ ਕਰਦਾ ਹਾਂ ਕਿ ਤੁਸੀਂ ਉਨ੍ਹਾਂ ਨੂੰ ਕਹਿ ਦਿਓ। ਉਥੇ ਮਾਹੌਲ ਖਰਾਬ ਹੈ, ਇਸ ਕਰਕੇ ਉਥੇ ਕੰਟਰੋਲ ਕੀਤਾ ਜਾਵੇ ।

ਉੱਪ ਮੁੱਖ ਮੰਤਰੀ (ਸਰਦਾਰ ਸੁਖਬੀਰ ਸਿੰਘ ਬਾਦਲ) : ਸਪੀਕਰ ਸਾਹਿਬ, ਜੋ ਮਾਨਯੋਗ ਮੈਂਬਰ ਸਾਹਿਬ ਨੇ ਜ਼ਿਕਰ ਕੀਤਾ ਹੈ, ਮੈਂ ਐਗਜ਼ਾਮਿਨ ਕਰ ਲੈਂਦਾ ਹਾਂ ਤੇ ਜੋ ਵੀ ਗਿਲਟੀ ਹੈ, ਅਸੀਂ ਫੜ੍ਹਾਂਗੇ। ਮੈਂ ਮਾਨਯੋਗ ਹਾਊਸ ਨੂੰ ਦੱਸਣਾ ਚਾਹੁੰਦਾ ਹਾਂ ਕਿ ਅਸੀਂ ਇੱਕ ਨਵੀਂ ਸਰਵਿਸ ਸ਼ੁਰੂ ਕੀਤੀ ਹੈ- 181, ਜੇ ਪੁਲਿਸ ਵੱਲੋਂ ਕੋਈ ਵੀ ਅਣਗਹਿਲੀ ਹੁੰਦੀ ਹੈ, ਤੁਸੀਂ ਇਸ 181 ਰਾਹੀਂ ਟੈਲੀਫੂਨ ਕਰੋ ਅਤੇ ਟਾਈਮ ਦਿੱਤੇ ਹਨ, ਰੈਡ ਲਾਈਨ, ਬਲਿਊ ਲਾਈਨ ਆਦਿ। ਮੈਂ ਬੜੀ ਖੁਸ਼ੀ ਨਾਲ ਕਹਿ ਸਕਦਾ ਹਾਂ ਕਿ ਇਸ ਦਾ ਬੜਾ ਇਫੈਕਟ ਹੋ ਰਿਹਾ ਹੈ ਇਸ ਨੰਬਰ ਉਤੇ ਬਹੁਤ ਲੋਕ ਫੋਨ ਕਰ ਰਹੇ ਹਨ। ਇਸ ਨੂੰ ਮੈਂ ਡਾਇਰੈਕਟਲੀ ਮੋਨੀਟਰ ਕਰ ਰਿਹਾ ਹਾਂ। ਜੇ ਕੋਈ ਅਫਸਰ ਕੁਤਾਹੀ ਕਰਦਾ ਹੈ ਤਾਂ ਅਸੀਂ ਐਕਸ਼ਨ ਵੀ ਲੈਂਦੇ ਹਾਂ। 181 ਨੰਬਰ ਤੇ ਜੇ ਕਿਸੇ ਨੇ ਕਾਲ ਕੀਤੀ ਹੈ ਤਾਂ ਦੇਖਦੇ ਹਾਂ ਕਿ ਐਕਸ਼ਨ ਕਿਉਂ ਨਹੀਂ ਲਿਆ ਗਿਆ? ਮੈਨੂੰ ਕਈ ਕਾਂਗਰਸ ਸਾਈਡ ਦੇ ਲੀਡਰਾਂ ਨੇ ਵੀ ਵਧਾਈ ਦਿੱਤੀ ਹੈ ਕਿ ਇਹ ਸਰਵਿਸ ਬਹੁਤ ਵਧੀਆ ਸ਼ੁਰੂ ਕੀਤੀ ਹੈ। ਸੋ, ਮੈਂ ਮਾਨਯੋਗ ਮੈਂਬਰ ਸਾਹਿਬ ਨੂੰ ਪੂਰਾ ਵਿਸ਼ਵਾਸ ਦਿਵਾਉਂਦਾ ਹਾਂ ਅਤੇ ਮੈਂ ਇਸ ਤੋਂ ਬਾਅਦ ਪੂਰਾ ਪਤਾ ਕਰ ਲੈਂਦਾ ਹਾਂ ਕਿ ਕਿੰਨੇ ਗਿਲਟੀ ਹਨ। ਜਦੋਂ ਲਾਅ ਐਂਡ ਆਰਡਰ ਦੀ ਮੀਟਿੰਗ ਹੋਈ ਹੈ ਤਾਂ ਮੈਂ ਐਸ.ਐਸ.ਪੀਜ਼ ਨੂੰ ਕਲੀਅਰ ਡਾਇਰੈਕਸ਼ਨ ਦਿੱਤੀ ਹੈ ਕਿ ਜੇਕਰ ਲਾਅ ਐਂਡ ਆਰਡਰ ਦੇ ਇਸ਼ੂ ਤੇ ਕੋਈ ਆਫੀਸਰ ਕੰਪਰੋਮਾਈਜ਼ ਕਰੇਗਾ, ਕੋਈ ਫੇਵਰੇਟਿਜ਼ਮ ਕਰੇਗਾ ਤਾਂ we will not tolerate and we will take action. (ਥੰਪਿੰਗ)

ਸ਼੍ਰੀ ਸੁਨੀਲ ਜਾਖੜ : ਜੋ ਆਨਰੇਬਲ ਡਿਪਟੀ ਸੀ.ਐਮ. ਸਾਹਿਬ ਨੇ ਕਿਹਾ ਹੈ ਕਿ ਜਿਹੜੀ ਇਨ੍ਹਾਂ ਨੇ 181 ਨੰਬਰ ਦੀ ਸਰਵਿਸ ਚਾਲੂ ਕੀਤੀ ਹੈ, ਤੁਸੀਂ ਧਿਆਨ ਕਰੋ, ਮੇਰਾ ਕੁਐਸਚਨ ਵੀ ਉਹੀ ਸੀ। ਜਿਹੜੀ ਇਨ੍ਹਾਂ ਨੇ ਸਰਵਿਸ ਚਾਲੂ ਕੀਤੀ ਹੈ, I had submitted a question, which has been given extension. ਮੈਂ ਇਹੀ ਪੁੱਛਿਆ ਸੀ ਕਿ ਇਨ੍ਹਾਂ ਕੋਲ ਕਿੰਨੀਆਂ ਕੰਪਲੇਂਟਸ ਆਈਆਂ ਹਨ, ਉਸ ਤੇ ਕੀ ਕਾਰਵਾਈ ਕਰ ਰਹੇ ਹਨ? I appreciate this step which has been taken. This is a part time solution, Sir. ਮੈਂ ਪਿਛਲੇ ਦਿਨੀਂ ਤੁਹਾਡੇ ਚੈਂਬਰ ਵਿੱਚ ਗੁਜ਼ਾਰਿਸ਼ ਕੀਤੀ ਸੀ ਕਿ ਇੱਕ ਡਿਬੇਟ ਪੁਲਿਸ ਰਿਫਾਰਮਜ਼ ਤੇ ਕਰਵਾ ਲਵੋ, unless and until the police complaints authority is established, ਮਸਲਾ ਹੱਲ ਨਹੀਂ ਹੁੰਦਾ। ਇਹ ਸੁਪਰੀਮ ਕੋਰਟ ਨੇ ਕਿਹਾ ਹੈ। ਸਰ, ਆਈਡੀਆ ਇਹ ਹੈ ਕਿ ਤੁਹਾਡੇ ਕੋਲ ਕੰਪਲੇਂਟ ਆ ਗਈ। ਮੈਂ ਡੀ.ਐਸ.ਪੀ. ਦੇ ਖਿਲਾਫ ਕੰਪਲੇਂਟ ਦਿੱਤੀ ਹੈ, ਤੁਸੀਂ ਚੁੱਕ ਕੇ ਉਹ ਕੰਪਲੇਂਟ ਉਸੇ ਨੂੰ ਹੀ ਮਾਰਕ ਕਰ ਦਿੰਦੇ ਹੋ ਕਿ ਸੁਨੀਲ ਜਾਖੜ ਨੇ ਫਲਾਣੀ ਫਲਾਣੀ ਕੰਪਲੇਂਟ ਕੀਤੀ ਹੈ। ਗਰੀਬ ਆਦਮੀ ਨੂੰ ਪੁਲਿਸ ਵਾਲਾ ਘੁਰਕਾ ਕੇ ਪੁੱਛਦਾ ਹੈ ਕਿ ਵਿਦਡਰਾਅ ਕਰੋ, ਨੈਚੂਰਲੀ ਉਸ ਨੇ ਵਿਦਡਰਾਅ ਕਰ ਲੈਣੀ ਹੈ। So, let us do it systematically if you are really serious. ਸੁਪਰੀਮ ਕੋਰਟ ਦੇ ਵਿੱਚ ਜਿਹੜੇ ਐਫੀਡੇਵਿਟ ਦਿੱਤੇ ਹਨ, that will be a separate discussion. Your Home Department has already submitted an affidavit in the Supreme Court that we have fulfilled all the .... ਪੁਲਿਸ ਐਸਟੈਬਲਿਸ਼ਮੈਂਟ ਬੋਰਡ ਬਣ ਗਿਆ, ਕੰਪਲੇਂਟ ਅਥਾਰਿਟੀ ਤੁਸੀਂ ਕਾਗਜ਼ਾਂ ਵਿੱਚ ਹੀ ਦਿਖਾ ਰੱਖੀ ਹੈ, which is

totally away from facts but this is not a debate. I appreciate what he has said. We would like that police complaint authority to be established alongwith other police reforms.

ਉਪ ਮੁੱਖ ਮੰਤਰੀ (ਸਰਦਾਰ ਸੁਖਬੀਰ ਸਿੰਘ ਬਾਦਲ) : ਸਪੀਕਰ ਸਾਹਿਬ, ਜਿਹੜਾ ਜਾਖੜ ਸਾਹਿਬ ਨੇ 181 ਨੰਬਰ ਟੈਲੀਫੋਨ ਸਰਵਿਸ ਦਾ ਜ਼ਿਕਰ ਕੀਤਾ ਹੈ, ਕਿਉਂਕਿ ਕੁਐਸਚਨ ਮੇਰੇ ਕੋਲ ਲੇਟ ਆਇਆ ਸੀ, this is a very transparent system. We will ensure and I will give you the results, ਮੈਂ ਤੁਹਾਨੂੰ ਇੱਕ ਗੱਲ ਦੱਸਣੀ ਚਾਹੁੰਦਾ ਹਾਂ ਕਿ ਜਿੰਨੀਆਂ ਹਰ ਡਿਸਟ੍ਰਿਕਟ ਵਿੱਚ ਡੇਅਲੀ ਕਾਲਜ਼ (calls) ਆਉਂਦੀਆਂ ਹਨ, ਐਸ.ਐਸ.ਪੀ. ਉਨ੍ਹਾਂ ਕੰਪਲੇਨੈਂਟਸ ਦੇ 10 ਪ੍ਰਤੀਸ਼ਤ ਨੂੰ ਟੈਲੀਫੋਨ ਕਰਦਾ ਹੈ ਇਹ ਪੁੱਛਣ ਵਾਸਤੇ ਕਿ ਤੁਹਾਡਾ ਸੈਟਿਸਫੈਕਸ਼ਨ ਲੈਵਲ ਹੈ ਕਿ ਨਹੀਂ ਹੈ, ਉਹ ਜਿਹੜੇ 10 ਪ੍ਰਤੀਸ਼ਤ ਨੂੰ ਟੈਲੀਫੋਨ ਕਰਦਾ ਹੈ, they are send to ADGP (Law and Order) ਜਿਹੜਾ ਚੈੱਕ ਕਰ ਰਿਹਾ ਹੈ। ਏ.ਡੀ.ਜੀ.ਪੀ. (ਲਾਅ ਐਂਡ ਆਰਡਰ) ਜਿੰਨੀਆਂ ਪੰਜਾਬ ਵਿੱਚ ਡੇਅਲੀ ਕਾਲਜ਼ ਆਉਂਦੀਆਂ ਹਨ, ਉਨ੍ਹਾਂ ਨੂੰ ਟੈਲੀਫੋਨ ਕਰਕੇ ਸੈਟਿਸਫੈਕਸ਼ਨ ਲੈਵਲ ਪੁੱਛਦਾ ਹੈ। ਜਿਹੜੇ ਨੰਬਰ ਇਹ ਦੋਵੇਂ ਕਰਦੇ ਹਨ, ਉਹ ਨੰਬਰ ਮੇਰੇ ਕੋਲ ਚੈੱਕ ਕਰਨ ਲਈ ਆ ਜਾਂਦੇ ਹਨ। ਫਿਰ I also call up. I have myself called up a number of people. ਜਦੋਂ ਤੱਕ ਬੰਦਾ ਨਹੀਂ ਕਹਿੰਦਾ ਕਿ ਮੈਂ ਸੈਟਿਸਫਾਈਡ ਹਾਂ, ਉਦੋਂ ਤੱਕ ਉਹ ਕੇਸ ਕਲੋਜ਼ ਨਹੀਂ ਹੁੰਦਾ। 181 will keep on calling you, 'are you satisfied, are you satisfied'. ਜਿੰਨਾ ਚਿਰ ਉਹ ਨਹੀਂ ਕਹਿੰਦਾ, ਉਨਾਂ ਚਿਰ they keep on calling, they keep on sending ਕਿ ਤੁਹਾਡਾ ਟਰੇਕ ਕਿਥੇ ਹੈ। ਇਹ ਪ੍ਰਾਬਲਮਜ਼ ਆਉਣਗੀਆਂ but it is a very good system and other states also want to follow this system. (ਥੰਪਿੰਗ)

ਸ੍ਰੀ ਸੁਨੀਲ ਜਾਖੜ (ਬੈਠੇ ਬੈਠੇ) : ਸੈਟਿਸਫੈਕਸ਼ਨ ਸਾਡੇ ਬੰਦਿਆਂ ਦੀ ਕਰਵਾ ਦਿਓ।

ਸਰਦਾਰ ਸੁਖਜਿੰਦਰ ਸਿੰਘ (ਬੈਠੇ ਬੈਠੇ) : 181 ਵਾਲੇ ਰਿਸਪਾਂਡ ਕਰਦੇ ਹਨ।

ਉਪ ਮੁੱਖ ਮੰਤਰੀ : ਮੈਂਬਰ ਸਾਹਿਬ ਨੇ ਵੀ ਜ਼ਿਕਰ ਕੀਤਾ ਹੈ ਕਿ 181 ਤੇ ਰਿਸਪਾਂਡ ਕਰਦੇ ਹਨ।

ਸ੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ : ਸਪੀਕਰ ਸਾਹਿਬ, ਮੈਂ ਇੱਕ ਬਹੁਤ ਹੀ ਅਹਿਮ ਮੁੱਦੇ ਵੱਲ ਤੁਹਾਡਾ ਧਿਆਨ ਦਿਵਾਉਣਾ ਚਾਹੁੰਦਾ ਹਾਂ ਜਿਹੜਾ ਕਿ ਸਾਰੇ ਹੀ ਕਾਂਗਰਸ ਪਾਰਟੀ ਦੇ ਵਿਧਾਨਕਾਰਾਂ ਨਾਲ, ਚੁਣੇ ਹੋਏ ਨੁਮਾਇੰਦਿਆਂ ਨਾਲ ਜੁੜਿਆ ਹੋਇਆ ਮੁੱਦਾ ਹੈ। You are the custodian of the House. ਮੈਂ ਤੁਹਾਨੂੰ ਇਹ ਦੱਸਣਾ ਚਾਹੁੰਦਾ ਹਾਂ। ਇਹ ਸਾਰੇ ਪੰਜਾਬ ਦਾ ਬੜਾ ਗੰਭੀਰ ਮੁੱਦਾ ਹੈ, ਜਿਹੜਾ ਪੰਜਾਬ ਦੇ ਲੋਕਾਂ ਤੋਂ ਟੈਕਸ ਇਕੱਠਾ ਕਰਕੇ ਸੰਗਤ ਦਰਸ਼ਨ ਰਾਹੀਂ ਪੰਜਾਬ ਦੇ ......

Mr. Speaker : This is not a Debate. No. This is only Zero Hour. ......(ਵਿਘਨ)...

ਮਾਲ ਤੇ ਮੁੜ ਵਸੇਬਾ, ਸੂਚਨਾ ਤੇ ਲੋਕ ਸੰਪਰਕ, ਗੈਰ ਰਵਾਇਤੀ ਊਰਜਾ ਤੇ ਐਨ.ਆਰ.ਆਈ. ਮਾਮਲੇ ਮੰਤਰੀ (ਸਰਦਾਰ ਬਿਕਰਮ ਸਿੰਘ ਮਜੀਠੀਆ) : ਸਪੀਕਰ ਸਾਹਿਬ, ਹਾਈ ਕੋਰਟ ਨੇ ਵੀ ਇਸ ਨੂੰ ਸੈਟਲ ਕਰ ਦਿੱਤਾ ਹੈ ......(ਵਿਘਨ).....

ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ : ਸਪੀਕਰ ਸਾਹਿਬ ..... (ਵਿਘਨ).... (ਸ਼ੋਰ) ....

ਮਾਨਯੋਗ ਸਪੀਕਰ : ਨਹੀਂ ਜੀ, ਨਹੀਂ। ਮੈਂ ਕਿਹਾ ਜੀ ਉਹ ਡਿਸਅਲਾਓ ਕਰ ਦਿੱਤਾ ਹੈ।

ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ : ਸਪੀਕਰ ਸਾਹਿਬ, ਮੈਂ ਕਿਸੇ ਦਾ ਨਾਮ ਲੈ ਕੇ ਕਿਸੇ ਦੀ ਇਜ਼ਤ ਮਾਣ ਨੂੰ ਠੇਸ ਨਹੀਂ ਪਹੁੰਚਾਈ .....(ਵਿਘਨ).... ਸਪੀਕਰ ਸਾਹਿਬ, ਇਹ ਬੜਾ ਵੱਡਾ ਮੁੱਦਾ ਹੈ .....(ਵਿਘਨ)... ਮੈਨੂੰ ਸੰਗਤ ਦਰਸ਼ਨ ਤੇ ਕੋਈ ਇਤਰਾਜ਼ ਨਹੀਂ .....(ਵਿਘਨ)... ਤੁਸੀਂ ਕਿਰਪਾ ਕਰਕੇ ਸ਼ਹਿਣਸ਼ੀਲਤਾ ਰੱਖੋ ....(ਵਿਘਨ)....

ਮਾਲ ਤੇ ਮੁੜ ਵਸੇਬਾ, ਸੂਚਨਾ ਤੇ ਲੋਕ ਸੰਪਰਕ, ਗੈਰ ਰਵਾਇਤੀ ਊਰਜਾ ਤੇ ਐਨ.ਆਰ.ਆਈ. ਮਾਮਲੇ ਮੰਤਰੀ : ਤੁਸੀਂ ਲੋਕਾਂ ਦੇ ਹਿਤ ਦੇ ਖਿਲਾਫ ਹੋ। ਸੀ.ਐਮ. ਦਾ ਫਰਜ਼ ਹੈ ਲੋਕਾਂ ਕੋਲ ਜਾਣਾ। ਤੁਸੀਂ ਇਸ ਗੱਲ ਦੇ ਖਿਲਾਫ ਹੋ। ਤੁਹਾਨੂੰ ਇਸ ਗੱਲ ਦੀ ਪੀੜ ਹੈ ਕਿ ਗਿੱਦੜਬਾਹਾ ਦੇ ਲੋਕਾਂ ਨੂੰ ਪੈਸੇ ਕਿਉਂ ਮਿਲ ਰਹੇ ਹਨ ......(ਵਿਘਨ)... ਤੁਸੀਂ ਲੋਕਾਂ ਦੇ ਹਿਤ ਦੇ ਖਿਲਾਫ ਗੱਲ ਕਰਦੇ ਹੋ ** **

Mr. Speaker : This is not to be recorded.

(ਇਸ ਸਮੇਂ ਵਿਰੋਧੀ ਧਿਰ ਦੇ ਕੁਝ ਮੈਂਬਰ ਸਾਹਿਬਾਨ ਆਪਣੀਆਂ ਸੀਟਾਂ ਉਤੇ ਖੜ੍ਹੇ ਹੋ ਕੇ ਬਿਨਾ ਆਗਿਆ ਤੋਂ ਬੋਲ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤਾ ਗਿਆ।)

Mr. Speaker : Not to be recorded. ਕੋਈ ਵੀ ਮੇਰੀ ਪਰਮਿਸ਼ਨ ਤੋਂ ਬਿਨਾਂ ਬੋਲਦਾ ਹੈ ਤਾਂ not to be recorded.

(ਇਸ ਸਮੇਂ ਵਿਰੋਧੀ ਧਿਰ ਅਤੇ ਰੂਲਿੰਗ ਪਾਰਟੀ ਕੁਝ ਮੈਂਬਰ ਸਾਹਿਬਾਨ ਆਪਣੀਆਂ ਆਪਣੀਆਂ ਸੀਟਾਂ ਉਤੇ ਖੜ੍ਹੇ ਹੋ ਕੇ ਬਗੈਰ ਇਜਾਜ਼ਤ ਬੋਲ ਰਹੇ ਸਨ, ਜਿਸ ਕਰਕੇ ਹਾਊਸ ਵਿਚ ਬਹੁਤ ਸ਼ੋਰ ਸੀ ਤੇ ਕੁਝ ਵੀ ਸਾਫ ਸੁਣਾਈ ਨਹੀਂ ਸੀ ਦੇ ਰਿਹਾ।)

**Not recorded as ordered by the Chair.

ਮਾਨਯੋਗ ਸਪੀਕਰ : ਹਾਂ ਜੀ, ਮਿੱਤਲ ਸਾਹਿਬ, ਮੇਜ਼ ਤੇ ਰੱਖੇ ਜਾਣ ਵਾਲੇ ਕਾਗਜ਼ ਪੱਤਰ।

ਉਦਯੋਗ ਤੇ ਵਣਜ, ਤਕਨੀਕੀ ਸਿੱਖਿਆ ਤੇ ਉਦਯੋਗਕ ਸਿਖਲਾਈ ਅਤੇਸੰਸਦੀ ਮਾਮਲੇ ਮੰਤਰੀ (ਸ਼੍ਰੀ ਮਦਨ ਮੋਹਨ ਮਿੱਤਲ) : ਸ਼੍ਰੀਮਾਨ ਜੀ, ਮੈਂ ਅੱਜ ਦੀ ਕਾਰਜ ਸੂਚੀ ਵਿੱਚ ਮੱਦ ਨੰ: 2 ਅਧੀਨ ਲੜੀ ਨੰ: 1 ਤੋਂ ...

ਮੁੱਖ ਮੰਤਰੀ : ਸਪੀਕਰ ਸਾਹਿਬ .....(ਵਿਘਨ).....

ਮਾਨਯੋਗ ਸਪੀਕਰ : ਹਾਂ ਜੀ, ਸੀ.ਐਮ. ਸਾਹਿਬ .....(ਵਿਘਨ).....

(ਇਸ ਸਮੇਂ ਵਿਰੋਧੀ ਧਿਰ ਅਤੇ ਰੂਲਿੰਗ ਪਾਰਟੀ ਦੇ ਕੁਝ ਮੈਂਬਰ ਸਾਹਿਬਾਨ ਆਪਣੀਆਂ ਆਪਣੀਆਂ ਸੀਟਾਂ ਉਤੇ ਖੜ੍ਹੇ ਹੋ ਕੇ ਬਗੈਰ ਆਗਿਆ ਤੋਂ ਬੋਲ ਰਹੇ ਸਨ ਜਿਸ ਕਰਕੇ ਹਾਊਸ ਵਿਚ ਬਹੁਤ ਸ਼ੋਰ ਸੀ ਤੇ ਕੁਝ ਵੀ ਸਾਫ ਸੁਣਾਈ ਨਹੀਂ ਸੀ ਦੇ ਰਿਹਾ।)

Mr. Speaker : Please sit down.

ਮੁੱਖ ਮੰਤਰੀ : ਸਪੀਕਰ ਸਾਹਿਬ .... (ਵਿਘਨ ..... ਸ਼ੋਰ) .....

ਮਾਨਯੋਗ ਸਪੀਕਰ : ਇਕ ਮਿੰਟ ਬੁਲਾਰੀਆ ਜੀ, Please silence, please silence. Not to be recorded. ਕੁਝ ਵੀ ਰਿਕਾਰਡ ਨਹੀਂ ਹੋਣਾ। ...(ਵਿਘਨ......ਸ਼ੋਰ).... ਬਾਦਲ ਸਾਹਿਬ ਨੇ ਸਟੇਟਮੈਂਟ ਦੇਣੀ ਹੈ, please sit down. ਮੈਂ ਕਿਹਾ ਜੀ ਬਾਦਲ ਸਾਹਿਬ ਸਟੇਟਮੈਂਟ ਦੇਣ ਲੱਗੇ ਹਨ, ਤੁਸੀਂ ਸਾਰੇ ਬੈਠੋ। ....(ਵਿਘਨ).....(ਸ਼ੋਰ)..... please sit down.

ਮੁੱਖ ਮੰਤਰੀ: ਸਪੀਕਰ ਸਾਹਿਬ... (ਵਿਘਨ)......(ਸ਼ੋਰ).....

(ਇਸ ਸਮੇਂ ਵੀ ਵਿਰੋਧੀ ਧਿਰ ਅਤੇ ਰੂਲਿੰਗ ਪਾਰਟੀ ਦੇ ਕੁਝ ਮੈਂਬਰ ਸਾਹਿਬਾਨ ਆਪਣੀਆਂ ਆਪਣੀਆਂ ਸੀਟਾਂ ਉਤੇ ਖੜ੍ਹੇ ਹੋ ਕੇ ਬਗੈਰ ਆਗਿਆ ਤੋਂ ਬੋਲ ਰਹੇ ਸਨ ਜਿਸ ਕਰਕੇ ਹਾਊਸ ਵਿਚ ਬਹੁਤ ਸ਼ੋਰ ਸੀ ਤੇ ਕੁਝ ਵੀ ਸਾਫ ਸੁਣਾਈ ਨਹੀਂ ਸੀ ਦੇ ਰਿਹਾ।)

ਮਾਨਯੋਗ ਸਪੀਕਰ : ਤੁਸੀਂ ਬੈਠੋ, ਤੁਸੀਂ ਆਪਣੇ ਨਾਲ ਦਿਆਂ ਨੂੰ ਬਿਠਾ ਦਿਉ। ਤੁਸੀਂ ਨਾਲ ਦਿਆਂ ਨੂੰ ਬਿਠਾ ਕੇ ਬੋਲੋ ਦੱਸੋ ਕੀ ਕਹਿਣਾ ਹੈ। .....(ਵਿਘਨ).....(ਸ਼ੋਰ).... Please sit down. Nothing should be recorded. ਜੋ ਵੀ ਮੇਰੀ ਆਗਿਆ ਤੋਂ ਬਗੈਰ ਬੋਲਿਆ ਜਾ ਰਿਹਾ ਹੈ, ਉਹ ਰਿਕਾਰਡ ਨਾ ਹੋਵੇ। (ਵਿਘਨ).....(ਸ਼ੋਰ)... Please sit down. Please sit down.

(ਇਸ ਸਮੇਂ ਆਪੋਜ਼ੀਸ਼ਨ ਪਾਰਟੀ ਦੇ ਕੁਝ ਮੈਂਬਰ ਸਾਹਿਬਾਨ ਆਪਣੀਆਂ ਸੀਟਾਂ ਉਤੇ ਖੜ੍ਹੇ ਹੋ ਕੇ ** ** ਨਾਅਰੇ ਲਗਾ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ।)

**Not recorded as ordered by the Chair.

ਮਾਨਯੋਗ ਸਪੀਕਰ : ਇਹ ਰਿਕਾਰਡ ਨਾ ਕੀਤਾ ਜਾਵੇ। ਜੇ ਬਾਦਲ ਸਾਹਿਬ ਬੋਲ ਰਹੇ ਸੀ ਤਾਂ ਫਿਰ ਇਨ੍ਹਾਂ ਨੂੰ ਬੋਲਣ ਦੀ ਕੀ ਲੋੜ ਹੈ? Please sit down. (ਵਿਘਨ).....(ਸ਼ੋਰ).... ਮੈਂ ਕਿਹਾ ਜੀ ਤੁਹਾਡੇ ਨਾਲ ਦੇ ਨਹੀਂ ਹੱਟਦੇ। ਤੁਹਾਨੂੰ ਟਾਈਮ ਦੇ ਦਿੰਦਾ ਹਾਂ (ਮੁੱਖ ਸੰਸਦੀ ਸਕੱਤਰ, ਪੇਂਡੂ ਜਲ ਸਪਲਾਈ, ਸਰਦਾਰ ਵਿਰਸਾ ਸਿੰਘ ਵਲਟੋਹਾ ਵੱਲ ਇਸ਼ਾਰਾ) ਤੁਸੀਂ ਪਹਿਲਾਂ ਇਨ੍ਹਾਂ ਨੂੰ ਬਿਠਾ ਲਵੋ। ਪਹਿਲਾਂ ਵਲਟੋਹਾ ਸਾਹਿਬ ਬੋਲ ਲੈਣ ਜੀ।

ਮੁੱਖ ਸੰਸਦੀ ਸਕੱਤਰ, ਪੇਂਡੂ ਜਲ ਸਪਲਾਈ ਤੇ ਸੈਨੀਟੇਸ਼ਨ (ਸਰਦਾਰ ਵਿਰਸਾ ਸਿੰਘ ਵਲਟੋਹਾ) : ਸਪੀਕਰ ਸਾਹਿਬ, ਸਾਡੇ ਵਿਰੋਧੀ ਧਿਰ ਦੇ ਜਿਹੜੇ ਲੀਡਰ ਹਨ, ਉਹ ਸਾਡੇ ਬਹੁਤ ਸਤਿਕਾਰਯੋਗ ਹਨ...(ਵਿਘਨ).....(ਸ਼ੋਰ).... ਸਪੀਕਰ ਸਾਹਿਬ, ਜਾਖੜ ਸਾਹਿਬ ਸਾਡੇ ਸਾਰਿਆਂ ਦੇ ਸਤਿਕਾਰਯੋਗ ਹਨ ....(ਵਿਘਨ)....(ਸ਼ੋਰ)......

ਮਾਨਯੋਗ ਸਪੀਕਰ : ਹਾਂ ਜੀ, ਬਾਦਲ ਸਾਹਿਬ ਜੀ।

ਮੁੱਖ ਮੰਤਰੀ : ਸਪੀਕਰ ਸਾਹਿਬ, ਕੁਦਰਤ ਨੇ ਜਿਹੜੀਆਂ ਗੱਲਾਂ ਕੀਤੀਆਂ ਹਨ, ਉਸ ਵਿਚ ਉਨ੍ਹਾਂ ਨੇ ਬੜਾ ਅਹਿਮ ਫੈਸਲਾ ਕੀਤਾ ਹੈ। ਆਪਾਂ ਨੂੰ ਕੰਨ ਦੋ ਦਿੱਤੇ ਹਨ ਤੇ ਮੂੰਹ ਇਕ ਦਿੱਤਾ ਹੈ। ਇਸ ਦਾ ਮਤਲਬ ਕੀ ਹੈ ਕਿ ਸੁਣੋ ਜ਼ਿਆਦਾ, ਬੋਲੋ ਘੱਟ। (ਹਾਸਾ) ਇਸ ਕਰਕੇ ਮੈਂ ਸਾਰਿਆਂ ਨੂੰ ਬੇਨਤੀ ਕਰਦਾ ਹਾਂ ਕਿ ਇਹ ਕੁਦਰਤ ਦੀ ਜੋ ਦੇਣ ਹੈ, ਇਸ ਤੇ ਅਮਲ ਕਰਿਆ ਕਰੋ, ਸੁਣ ਲਿਆ ਕਰੋ। ਇੰਨੇ ਔਖੇ ਹੁੰਦੇ ਹੋ। ਮੇਰੀ ਅਰਜ਼ ਦੋਵੇਂ ਪਾਸੇ ਹੈ। .....(ਵਿਘਨ).... ਮੈਂ ਤਾਂ ਲੀਡਰ ਆਫ ਦਿ ਹਾਊਸ ਹਾਂ। ਤੁਹਾਡਾ ਵੀ ਪੂਰਾ ਸਤਿਕਾਰ ਹੈ। ਲੇਕਿਨ ਮੈਂ ਇੱਕ ਗੱਲ ਕਰਦਾ ਹਾਂ। ਵੇਖੋ, ਸੰਗਤ ਦਰਸ਼ਨ ਪ੍ਰੋਗਰਾਮ ਦੀ ਚਰਚਾ ਹੁਣ ਖਤਮ ਕਰਨੀ ਚਾਹੀਦੀ ਹੈ। ਜਦੋਂ ਵੀ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਬਣੀ ਹੈ ਤੇ ਮੈਨੂੰ ਮੌਕਾ ਮਿਲਿਆ ਹੈ, ਇਹ ਚੀਫ ਮਨਿਸਟਰ ਦੇ ਅਹੁਦੇ ਦੀ ਸੇਵਾ ਪੰਜਾਬੀਆਂ ਨੇ ਮੈਨੂੰ ਬਖਸ਼ੀ ਹੈ ਤਾਂ ਮੈਂ ਸਭ ਤੋਂ ਫਲੈਗ-ਸ਼ਿੱਪ ਪ੍ਰੋਗਰਾਮ ਸੰਗਤ ਦਰਸ਼ਨ ਦਾ ਉਲੀਕਿਆ ਹੈ। ਇਸ ਵਿੱਚ ਆਪੋਜ਼ੀਸ਼ਨ ਵੱਲੋਂ ਰੌਲਾ ਪਿਆ, ਬਹੁਤ ਕੁਝ ਹੋਇਆ। ਮੈਂ ਇੱਕ ਚੁਣਿਆ ਹੋਇਆ ਮੁੱਖ ਮੰਤਰੀ ਹਾਂ, ਕੋਈ ਨਾਮੀਨੇਟ ਤਾਂ ਹੈ ਨਹੀਂ। ਸੰਗਤ ਦਰਸ਼ਨ ਦਾ ਮਤਲਬ ਕੀ ਹੈ ? ਗੁਰੂ ਸਾਹਿਬ ਨੇ ਕਿਹਾ ਹੈ, ਸੰਗਤ ਮੇਰੇ ਤੋਂ ਵੀ ਉਚੀ ਹੈ, ਐਮ. ਐਲ. ਏ. ਤੋਂ ਵੀ ਉਚੀ ਹੈ, ਮਨਿਸਟਰ ਤੋਂ ਵੀ ਉਚੀ ਹੈ, ਚੀਫ ਮਨਿਸਟਰ ਤੋਂ ਵੀ ਉਚੀ ਹੈ। ਇਹ ਤਾਂ ਆਪਾਂ ਮੰਨਦੇ ਹਾਂ ਤੇ ਮੈਂ ਸੰਗਤ ਦਰਸ਼ਨ ਕਰਦਾ ਹਾਂ ਤੇ ਲੋਕਾਂ ਨੂੰ ਜਾ ਕੇ, ਜਿਹੜੀ ਸੰਗਤ ਹੈ, ਉਸ ਨੂੰ ਪੁੱਛਦਾ ਹਾਂ। ਮੈਂ ਧੰਨਵਾਦੀ ਹਾਂ, ਬੀਬੀ ਜੀ ਦਾ, ਬੀਬੀ ਬਾਜਵਾ ਜੀ ਇੱਥੇ ਬੈਠੇ ਹੋਣਗੇ। ਮੈਂ ਉਨ੍ਹਾਂ ਦੇ ਹਲਕੇ ਵਿੱਚ ਸੰਗਤ ਦਰਸ਼ਨ ਕਰਨ ਵਾਸਤੇ ਗਿਆ ਸੀ। ਮੈਨੂੰ ਉਨ੍ਹਾਂ ਨੇ ਧੰਨਵਾਦ ਦੀ ਚਿੱਠੀ ਲਿਖੀ ਹੈ ਤੇ ਉਹ ਚਿੱਠੀ ਮੇਰੇ ਕੋਲ ਪਈ ਹੈ। ਕੀ ਕਰੀਏ ? ਬੀਬੀ ਜੀ ਨੇ ਧੰਨਵਾਦ ਕੀਤਾ ਹੈ। ਮਿਸਿਜ਼ ਬਰਾੜ ਬੈਠੇ ਹਨ, ਮੈਂ ਇਨ੍ਹਾਂ ਦੇ ਹਲਕੇ ਵਿੱਚ ਸੰਗਤ ਦਰਸ਼ਨ ਕੀਤਾ ਹੈ। ਇਹ ਪਿੰਡ ਵਿੱਚ ਮੈਨੂੰ ਮਿਲਦੇ ਸਨ ਤੇ ਆਪਣੀ ਗੱਲ ਕਹਿ ਕੇ ਚਲੇ ਜਾਂਦੇ ਸਨ। ਇਨ੍ਹਾਂ ਨੇ ਬੜੇ ਤਰੀਕੇ ਨਾਲ, ਬੜੇ ਸਲੀਕੇ ਨਾਲ ਮੇਰੇ ਕੋਲ ਆਉਣਾ, ਇੱਕ ਮਿੰਟ ਵਿੱਚ ਮੈਨੂੰ ਆਪਣੀ ਸਾਰੀ ਗੱਲ ਦੱਸ ਦੇਣੀ ਤੇ ਚਲੇ ਜਾਣਾ। ਜੇ ਇਹ ਹੋਵੇ ਕਿ ਸੰਗਤ ਦਰਸ਼ਨ ਵਿੱਚ

ਰੌਲਾ ਪਾਉਣਾ ਹੈ ਤਾਂ ਫਿਰ ਕੋਈ ਫਾਇਦਾ ਨਹੀਂ। ਮੁੱਖ ਮੰਤਰੀ ਸਭ ਦਾ ਸਾਂਝਾ ਹੈ। ਉੱਥੇ ਇਹ ਨਹੀਂ ਹੁੰਦਾ ਕਿ ਇਕੱਲੇ ਅਕਾਲੀ ਦਲ ਦੇ ਹੀ ਮੈਂਬਰ ਹੁੰਦੇ ਹਨ ਜਾਂ ਅਕਾਲੀ ਦਲ ਦੀ ਪੰਚਾਇਤ ਹੁੰਦੀ ਹੈ। ਸਾਰੇ ਮੈਂਬਰ ਪੰਚਾਇਤ, ਯੂਥ, ਸਾਰੇ ਹੀ ਹੁੰਦੇ ਹਨ । ਮੈਂ ਤਜਰਬਾ ਕੀਤਾ ਹੈ ਕਿ ਜਿਹੜੇ ਕੰਮ ਦਸ-ਦਸ ਸਾਲ ਨਹੀਂ ਹੁੰਦੇ, ਉਹ ਇੱਕ ਦਿਨ ਵਿੱਚ ਤਾਂ ਕੀ, ਪੰਜ ਮਿੰਟ ਵਿੱਚ ਹੀ ਹੋ ਜਾਂਦੇ ਹਨ। ਅਸਲੀ ਗੱਲ ਇਹ ਹੈ ਕਿ ਹਿੰਦੁਸਤਾਨ ਕਿਉਂ ਪਿੱਛੇ ਹੈ ਤੇ ਪੰਜਾਬ ਕਿਉਂ ਪਿੱਛੇ ਹੈ ਕਿਉਂਕਿ ਸਾਡਾ ਕਮਿਊਨੀਕੇਸ਼ਨ between ਗੌਰਮਿੰਟ ਐਂਡ ਪਬਲਿਕ ਬਹੁਤ ਘੱਟ ਹੈ। ਇਸ ਕਰਕੇ ਜੇ ਹੈੱਡ ਆਫ ਦਿ ਗੌਰਮਿੰਟ ਸਿੱਧਾ ਲੋਕਾਂ ਤੱਕ ਜਾ ਕੇ ਉਨ੍ਹਾਂ ਨਾਲ ਕਮਿਊਨੀਕੇਟ ਕਰਦਾ ਹੈ, ਉਨ੍ਹਾਂ ਨੂੰ ਪੁੱਛਦਾ ਹੈ ਤਾਂ ਇਹ ਨਹੀਂ ਕਿ ਇਕੱਲੀਆਂ ਗਰਾਂਟਾਂ ਦੇਣੀਆਂ ਹਨ ਬਲਕਿ ਉੱਥੋਂ ਤੁਹਾਨੂੰ ਲੋਕਾਂ ਦੀਆਂ ਤਕਲੀਫਾਂ ਦਾ ਅਸਲੀ ਪਤਾ ਲਗਦਾ ਹੈ, ਜਿਨ੍ਹਾਂ ਬਾਰੇ ਨਾ ਤਾਂ ਵੱਡੇ ਅਫਸਰਾਂ ਨੂੰ ਹੁੰਦਾ ਹੈ ਤੇ ਨਾ ਕਈ ਵਾਰ ਮਹਿਕਮੇ ਨੂੰ ਪਤਾ ਹੁੰਦਾ ਹੈ। ਇਸ ਕਰਕੇ ਸੰਗਤ ਦਰਸ਼ਨ ਇੱਕ ਚੰਗਾ ਪ੍ਰੋਗਰਾਮ ਹੈ। ਤੁਹਾਨੂੰ ਸੰਗਤ ਦਰਸ਼ਨ ਨੂੰ ਐਪਰੀਸ਼ੀਏਟ ਕਰਨਾ ਚਾਹੀਦਾ ਹੈ। ਹੁਣ ਮੈਂ ਕੱਲ੍ਹ ਕਿਹਾ ਸੀ, ਮੈਂ ਵਾਰ ਵਾਰ ਨਹੀਂ ਦੁਹਰਾਉਣਾ ਚਾਹੁੰਦਾ, ਮੈਂ ਕਿਹੜਾ ਵਿਤਕਰਾ ਕਰਦਾ ਹਾਂ। ਮੈਂ ਪ੍ਰਧਾਨ ਦੇ ਹਲਕੇ ਵਿਚ ਗਿਆ। ਮੈਂ ਕਿਹਾ ਕਿ ਕੱਲ੍ਹ ਨੂੰ ਕੋਈ ਅਜਿਹਾ ਉਲਾਂਭਾ ਨਾ ਆ ਜਾਵੇ ਕਿ ਕਿਹੋ ਜਿਹੀ ਸਰਕਾਰ ਹੈ, ਜਿਹੜੀ ਸਾਡੇ ਪ੍ਰਧਾਨ ਦੇ ਹਲਕੇ ਵਿਚ ਨਹੀਂ ਗਈ। ਮੇਰਾ ਖਿਆਲ ਹੈ ਕਿ ਰਿਕਾਰਡ ਵੇਖ ਲਵੋ, ਸਭ ਤੋਂ ਵੱਧ ਸੰਗਤ ਦਰਸ਼ਨ ਉਥੇ ਕੀਤਾ ਹੈ।ਮੈਂ ਬੀਬੀ ਜੀ ਦੇ ਹਲਕੇ ਵਿਚ ਵੀ ਜਾ ਕੇ ਆਇਆ ਹਾਂ। ਮੈਂ ਉਥੇ ਕਦੇ ਵੀ ਵਿਤਕਰਾ ਨਹੀਂ ਕੀਤਾ। ਇਸ ਕਰਕੇ ਗੱਲ ਮੁੱਕ ਗਈ ਹੈ, ਕੋਰਟਾਂ ਵਿਚ ਵੀ ਗੱਲ ਚੱਲੀ ਹੈ। ਜਾਂ ਤਾਂ ਤੁਸੀਂ ਕਹਿ ਦਿਓ ਕਿ ਇਹ ਤਰੀਕਾ ਮਾੜਾ ਹੈ ਜਾਂ ਕਹਿ ਦਿਓ ਕਿ ਇਹ ਗਲਤ ਗੱਲ ਹੈ। ਜਿੰਨੇ ਪੈਸੇ ਸੰਗਤ ਦਰਸ਼ਨ ਦੇ ਹੁੰਦੇ ਹਨ ਜਾਂ ਪ੍ਰਾਜੈਕਟ ਮਨਜ਼ੂਰ ਹੁੰਦੇ ਹਨ, ਉਨ੍ਹਾਂ ਸੰਬਧੀ ਡੀ.ਸੀ. ਕੋਲ ਪੈਸੇ ਭੇਜੇ ਜਾਂਦੇ ਹਨ। ਇਸ ਨੂੰ ਕੋਈ ਸਿੱਧਾ ਨਹੀਂ ਵਰਤਦਾ ਕਿ ਅਸੀਂ ਚੈੱਕ ਦੇ ਦੇਈਏ। ਅੱਗੇ ਅਸੀਂ ਚੈੱਕ ਦਿੰਦੇ ਰਹੇ ਹਾਂ ਪਰ ਫੇਰ ਕਿਹਾ ਕਿ ਕਿਉਂ ਇਤਰਾਜ਼ ਕਰਵਾਉਣਾ ਹੈ। ਡੀ.ਸੀ. ਸਾਹਿਬ ਕੋਲ ਚੈੱਕ ਜਾਂਦੇ ਹਨ, ਉਹ ਅੱਗੇ ਪੰਚਾਇਤ ਨੂੰ ਦਿੰਦੇ ਹਨ ਅਤੇ ਜਿਹੜਾ ਮਹਿਕਮੇ ਦਾ ਕੰਮ ਹੈ, ਜੋ ਪੰਚਾਇਤ ਨਹੀਂ ਕਰ ਸਕਦੀ, ਉਹ ਮਹਿਕਮੇ ਨੂੰ ਦਿੰਦੇ ਹਨ।

ਸਰਦਾਰ ਚਰਨਜੀਤ ਸਿੰਘ ਚੰਨੀ : ਹਲਕਾ ਇੰਚਾਰਜ ਨੂੰ ਦਿੰਦੇ ਹਨ।

ਮੁੱਖ ਮੰਤਰੀ : ਮੇਰੀ ਗੱਲ ਸੁਣ ਲਓ, ਹਲਕਾ ਇੰਚਾਰਜ ਕੌਣ ਹੈ। ਮੈਂ ਸਾਰੇ ਪੰਜਾਬ ਦਾ ਹਲਕਾ ਇੰਚਾਰਜ ਹਾਂ। (ਥੰਪਿੰਗ) ਮੇਰੀ ਇਹ ਡਿਊਟੀ ਹੈ ਕਿ ਪੰਜਾਬ ਦੇ ਹਰ ਹਲਕੇ ਵਿੱਚ, ਭਾਵੇਂ ਉਹ ਕਾਂਗਰਸ ਦਾ ਹੋਵੇ ਜਾਂ ਅਕਾਲੀ ਦਲ ਦਾ ਹੋਵੇ, ਮੈਂ ਉਥੇ ਜਾ ਕੇ ਲੋਕਾਂ ਦੀਆਂ ਤਕਲੀਫ਼ਾਂ ਸੁਣਨੀਆਂ ਹਨ ਅਤੇ ਦੂਰ ਕਰਨੀਆਂ ਹਨ। (ਥੰਪਿੰਗ) ਸੰਗਤ ਦਰਸ਼ਨ ਨੇ ਹੀ ਮੈਨੂੰ ਪੰਜ ਵਾਰੀ ਮੁੱਖ ਮੰਤਰੀ ਬਣਾਇਆ ਹੈ ਜਾਂ ਤੁਸੀਂ ਓਪਨਲੀ ਆਖੋ ਕਿ ਸੰਗਤ ਦਰਸ਼ਨ ਮਾੜਾ ਹੈ। ਲੀਡਰ ਆਫ਼ ਦਿ ਆਪੋਜ਼ੀਸ਼ਨ ਆਖਣ ਕਿ ਸੰਗਤ ਦਰਸ਼ਨ ਨਹੀਂ ਹੋਣਾ ਚਾਹੀਦਾ। ਇਸ ਵਿੱਚ ਕਿਸੇ ਨੂੰ ਕੀ ਤਕਲੀਫ਼ ਹੈ? ....(ਵਿਘਨ)...... ਮੇਰੀ ਗੱਲ ਸੁਣ ਲਵੋ। ਮੈਂ ਤਾਂ ਚੁੱਪ ਕਰਕੇ ਕੰਮ ਕਰਦਾ ਰਿਹਾ ਹਾਂ। ਮੈਂ ਬਹੁਤਾ ਦਖ਼ਲ ਨਹੀਂ

ਦਿੱਤਾ। ਇਹ ਵੀ ਕਰ ਸਕਦਾ ਹਾਂ, ਅੱਗੇ ਵੀ ਤਿੰਨ ਸਾਲ ਕੇਸ ਚਲਦਾ ਰਿਹਾ ਕਿ ਸਾਡੇ ਨਾਲ ਇਹ ਜ਼ਿਆਦਤੀਆਂ ਹੋ ਗਈਆਂ ਅਤੇ ਇੰਨੇ ਕੇਸ ਦਰਜ ਹੋ ਗਏ ਪਰ ਅਖੀਰ ਵਿੱਚ ਜਿਹੜਾ ਨਚੋੜ ਨਿਕਲਿਆ, ਤੁਸੀਂ ਉਸ ਤੋਂ ਅਨਜਾਣ ਨਹੀਂ ਹੋ। ਤੁਸੀਂ ਹੁਣ ਵੀ ਆਖਦੇ ਹੋ। ਤੁਸੀਂ ਫਿਰ ਕੇਸ ਇਕੱਠੇ ਕਰ ਲਵੋ, ਜਿਨ੍ਹਾਂ ਵਿੱਚ ਜ਼ਿਆਦਤੀਆਂ ਹੋਈਆਂ ਹਨ। ਕਿਸੇ ਕੇਸ ਵਿੱਚ ਇੱਕ ਵੀ ਜ਼ਿਆਦਤੀ ਹੋਈ ਹੋਵੇ ਤਾਂ ਦੱਸ ਦਿਉ, ਅਗਰ ਤੁਹਾਡੀ ਤਸੱਲੀ ਨਾ ਕੀਤੀ ਗਈ ਤਾਂ ਮੈਨੂੰ ਜੋ ਮਰਜ਼ੀ ਕਹਿ ਲੈਣਾ। ਤੁਸੀਂ ਲਿਖਤੀ ਰੂਪ ਵਿੱਚ ਮੈਨੂੰ ਇਸ ਬਾਰੇ ਭੇਜ ਦੇਣਾ। ਡਿਪਟੀ ਚੀਫ਼ ਮਨਿਸਟਰ ਅਤੇ ਚੀਫ਼ ਮਨਿਸਟਰ ਵੱਲੋਂ ਅਫ਼ਸਰਾਂ ਨੂੰ ਇਹ ਹਦਾਇਤ ਹੈ ਕਿ ਭਾਵੇਂ ਕੋਈ ਵੀ ਵਿਅਕਤੀ ਹੋਵੇ, ਕਿਸੇ ਪਾਰਟੀ ਦਾ ਨਹੀਂ ਵੇਖਣਾ, ਅਫ਼ਸਰਾਂ ਨੂੰ ਕਿਹਾ ਹੈ ਕਿ ਤੁਸੀਂ ਹਰ ਇੱਕ ਨਾਲ ਇਨਸਾਫ ਕਰਨਾ ਹੈ । ਹਰ ਇੱਕ ਨੂੰ ਇਨਸਾਫ ਦੇਣਾ ਹੈ। ਇਸ ਲਈ ਜੇ ਤੁਹਾਡੇ ਕੋਲ ਸ਼ਿਕਾਇਤ ਹੈ, ਮੈਂ ਇਹ ਵੀ ਰੱਖ ਲੈਂਦਾ ਹਾਂ ਪਰ ਤੁਸੀਂ ਇਹ ਕਰੋ, ਮੈਂ ਇਹ ਕਰ ਦਿੰਦਾ ਹਾਂ ਕਿ ਮਹੀਨੇ ਵਿੱਚ ਇੱਕ ਦਿਨ ਸਿਰਫ ਕਾਂਗਰਸ ਦੇ ਐਮ.ਐਲ.ਏਜ਼ ਵਾਸਤੇ ਰੱਖ ਲੈਂਦਾ ਹਾਂ, ਹੋਰ ਕਿਸੇ ਵਾਸਤੇ ਨਹੀਂ। (ਟਰੈਜ਼ਰੀ ਬੈਂਚਿੰਜ ਵੱਲੋਂ ਥੰਪਿੰਗ) ਇੱਕ ਦਿਨ ਤੁਹਾਡੇ ਲਈ ਹੋਵੇਗਾ ਜੇਕਰ ਤੁਹਾਨੂੰ ਮਨਜ਼ੂਰ ਹੋਵੇ। ਪਰ ਜੇਕਰ ਡਰ ਹੋਵੇ ਕਿ ਬਾਦਲ ਕੋਲ ਕਿਉਂ ਜਾਂਦੇ ਹੋ ਫਿਰ ਤਾਂ ਤੁਹਾਡੀ ਮਰਜ਼ੀ ਹੈ। ਇੱਕ ਦਿਨ ਮੈਂ ਹੋਰ ਕੋਈ ਕੰਮ ਨਹੀਂ ਕਰਨਾ, ਧੁੱਪੇ ਮੰਜੇ ਡਾਹ ਲਿਆ ਕਰਾਂਗੇ, ਕਾਂਗਰਸ ਦੇ ਐਮ.ਐਲ.ਏਜ਼ ਨੂੰ ਅਗਰ ਕੋਈ ਤਕਲੀਫ ਹੈ ਤਾਂ ਸਿਰਫ ਉਨ੍ਹਾਂ ਦੇ ਕੇਸ ਉਸ ਦਿਨ ਲਿਆ ਕਰਾਂਗਾ। .....(ਵਿਘਨ).... ਜੇਕਰ ਚੌਧਰੀ ਸਾਹਿਬ ਮਨਜ਼ੂਰ ਕਰਕੇ ਮੈਨੂੰ ਸੁਨੇਹਾ ਭੇਜ ਦੇਣਗੇ ਤਾਂ ਮੈਂ ਇੱਕ ਦਿਨ ਪੂਰਾ ਲਗਾ ਸਕਦਾ ਹਾਂ, ਕਾਂਗਰਸ ਦਾ ਕੋਈ ਵੀ ਐਮ.ਐਲ.ਏ . ਆਵੇ ਤਾਂ ਉਸ ਦਾ ......

ਇੱਕ ਅਵਾਜ਼ : ਤਾਂ ਉਸ ਦਾ ਕੋਈ ਵੀ ਕੰਮ ਨਹੀਂ ਕਰਨਾ।

ਮੁੱਖ ਮੰਤਰੀ : ਨਹੀਂ ਜੀ, ਕੋਈ ਕੰਮ ਛੱਡਣਾ ਕਾਹਦੇ ਵਾਸਤੇ ਹੈ? ਸਗੋਂ ਸਾਰਿਆਂ ਨੂੰ ਵਧੀਆ ਚਾਹ ਪਿਲਾਵਾਂਗਾ ਅਤੇ ਜੇ ਰੋਟੀ ਦਾ ਸਮਾਂ ਹੋਵੇ ਤਾਂ ਰੋਟੀ ਖਵਾਵਾਂਗਾ ਅਤੇ ਹਰ ਇੱਕ ਦੀ ਗੱਲ ਸੁਣਾਂਗਾ। ਫਿਰ ਤੁਹਾਨੂੰ ਕੀ ਤਕਲੀਫ ਹੈ। (ਵਿਘਨ)....(ਸ਼ੋਰ).... ਬਾਜਵਾ ਸਾਹਿਬ ਤਾਂ ਆਪਣੇ ਸਤਿਕਾਰਯੋਗ ਹਨ। ਸਾਰੇ ਐਮ.ਐਲ.ਏ. ਸਾਹਿਬਾਨ ਇੱਕ ਗੱਲ ਸੁਣ ਲਵੋ, ਸਭ ਨੂੰ ਪਤਾ ਨਹੀਂ ਹੁੰਦਾ। ਬਾਜਵਾ ਸਾਹਿਬ ਵਿੱਚ ਅਕਾਲੀ ਦਲ ਦਾ ਖੂਨ ਹੈ। (ਟਰੈਜ਼ਰੀ ਬੈਂਚਿਜ ਵੱਲੋਂ ਥੰਪਿੰਗ) ......(ਵਿਘਨ)....(ਸ਼ੋਰ).... ਮੇਰੀ ਗੱਲ ਤਾਂ ਸੁਣ ਲਵੋ ਜੀ। ਮੈਂ ਜੇ ਗਲਤ ਕਹਿੰਦਾ ਹੋਵਾਂ ....(ਵਿਘਨ)....(ਸ਼ੋਰ)

(ਇਸ ਸਮੇਂ ਵਿਰੋਧੀ ਧਿਰ ਦੇ ਕੁਝ ਮੈਂਬਰ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨਾਂ ਇਜ਼ਾਜਤ ਤੋਂ ਕੁਝ ਬੋਲ ਰਹੇ ਸਨ ਜੋ ਕਿ ਸਦਨ ਵਿੱਚ ਸ਼ੋਰ ਹੋਣ ਕਾਰਨ ਸਾਫ ਸੁਣਾਈ ਨਹੀਂ ਦਿੱਤਾ।)

ਮੇਰੀ ਗੱਲ ਤਾਂ ਸੁਣ ਲਵੋ, ਉਨ੍ਹਾਂ ਦੇ ਪਿਤਾ ਜੀ ਸਰਦਾਰ ਸਤਨਾਮ ਸਿੰਘ ਬਾਜਵਾ, ਜਿੱਥੇ ਚੌਧਰੀ ਸਾਹਿਬ ਬੈਠੇ ਹਨ, ਉਹ ਅਕਾਲੀ ਦਲ ਦੇ ਲੀਡਰ ਰਹੇ ਹਨ, ਉਹ ਮੇਰੇ ਦੋਸਤ

ਰਹੇ ਹਨ। ਕੀ ਬਾਪ ਦਾ ਖੂਨ ਪੁੱਤਰ ਵਿੱਚ ਨਹੀਂ ਹੁੰਦਾ? ਇਹ ਹੁੰਦਾ ਹੈ। ਉਹ ਤਾਂ ਸਾਡਾ ਸਤਿਕਾਰਯੋਗ ਟੱਬਰ ਹੈ। ਐਵੇਂ ਹੀ ਪਤਾ ਨਹੀਂ ਉਨ੍ਹਾਂ ਨੂੰ ਕੀ ਹੋ ਗਿਆ, ਕਿਉਂ ਅਜਿਹਾ ਕਰਦਾ ਹੈ? ਦੇਖੋ, ਮੇਰੇ ਵਾਸਤੇ ਤੁਸੀਂ ਸਾਰੇ ਬੇਟੇ ਹੋ, ਭਰਾ ਹੋ, ਅਜ਼ੀਜ਼ ਹੋ, ਜਿਵੇਂ ਵੀ ਰੁਤਬਾ ਹੈ। ਐਵੇ ' ਸੰਗਤ ਦਰਸ਼ਨ ਦੀ ਮੁਖਾਲਫ਼ਤ ਨਾ ਕਰੋ।

ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ : ਸਪੀਕਰ ਸਾਹਿਬ, ...

ਮੁੱਖ ਮੰਤਰੀ : ਦੇਖੋ, ਕਾਕਾ ਜੀ, ਤੁਸੀਂ ਐਵੇਂ ਸੰਗਤ ਦਰਸ਼ਨ ਦੀ ਮੁਖਾਲਫ਼ਤ ਨਾ ਕਰੋ, ਹੋਰ ਤਾਂ ਕੋਈ ਕਰਦਾ ਨਹੀਂ। ਤੈਨੂੰ ਪਤਾ ਨਹੀਂ ਕਿਸ ਨੇ ਚੁੱਕ ਦਿੱਤਾ। (ਵਿਘਨ)....(ਸ਼ੋਰ).... ਕਿਸੇ ਨੇ ਮੇਰੀ ਮੁਖਾਲਫ਼ਤ ਨਹੀਂ ਕੀਤੀ।

(ਇਸ ਸਮੇਂ ਵਿਰੋਧੀ ਧਿਰ ਦੇ ਕੁਝ ਮੈਂਬਰ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬੋਲਣ ਲਈ ਸਮੇਂ ਦੀ ਮੰਗ ਕਰ ਰਹੇ ਸੀ ਅਤੇ ਸਦਨ ਵਿੱਚ ਕਾਫ਼ੀ ਸ਼ੋਰ ਸੀ।)

ਮਾਨਯੋਗ ਸਪੀਕਰ : ਨਹੀਂ ਜੀ। ਸੀ.ਐਮ. ਸਾਹਿਬ ਹੁਣ ਬੋਲ ਚੁੱਕੇ ਹਨ। ਬੈਠ ਜਾਉ ਜੀ। .....(ਵਿਘਨ)....(ਸ਼ੋਰ).... ਸੀ.ਐਮ. ਸਾਹਿਬ ਦੇ ਬੋਲਣ ਤੋਂ ਬਾਅਦ ਚੰਗਾ ਨਹੀਂ ਲਗਦਾ।

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, ਇਸ ਵਿੱਚ ਚੰਗੇ ਮਾੜੇ ਵਾਲੀ ਕੋਈ ਗੱਲ ਨਹੀਂ।

ਮਾਨਯੋਗ ਸਪੀਕਰ : ਨਹੀਂ ਜੀ, ਨਹੀਂ।

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, ਮੇਰੇ ਕੋਲ "ਦਿ ਟ੍ਰਿਬਿਊਨ ਅਖਬਾਰ" ਹੈ ਜੋ ਕਿ Chandigarh, Monday 09 April, 2012 ਦਾ ਹੈ।

ਮਾਨਯੋਗ ਸਪੀਕਰ : ਇਹ ਤਾਂ ਬਹੁਤ ਪੁਰਾਣੀ ਗੱਲ ਹੋ ਗਈ।

ਸ਼੍ਰੀ ਸੁਨੀਲ ਜਾਖੜ : ਨਹੀਂ ਜੀ। ਮੈਂ ਇਨ੍ਹਾਂ ਨੂੰ ਯਾਦ ਕਰਵਾਉਣ ਅਤੇ ਚੇਤੇ ਕਰਵਾਉਣ ਵਾਸਤੇ ਲੈ ਕੇ ਆਇਆ ਹਾਂ ਜੀ। ਇਸ ਵਿੱਚ ਲਿਖਿਆ ਹੈ, "Govt. may put a stop to Sangat Darshan.....ਕਿਉਂ? ਪਲੀਜ਼, ਇੱਕ ਮਿੰਟ ਸੁਣ ਲਵੋ। ਇਨ੍ਹਾਂ ਦੇ ਬਨਵਾਲੇ ਪਿੰਡ, ਮੁਕਤਸਰ ਦੇ ਵਿੱਚ ਮੁੱਖ ਮੰਤਰੀ ਸਾਹਿਬ ਸੰਗਤ ਦਰਸ਼ਨ ਕਰਨ ਗਏ ਸੀ। ਇਸ ਖਬਰ ਵਿੱਚ ਲਿਖਿਆ ਹੋਇਆ ਹੈ ਕਿ Addressing a gathering during the thanks giving tour, to home Constituency Lambi, the Chief Minister Parkash Singh Badal today said that he has directed all Govt. departments to submit a detailed report of their requirement so that Master Plan for development could be prepared at the earliest. Then neither me nor the public would need a Sangat Darshan, ਫਿਰ ਅੱਗੇ ਕਿਹਾ ਗਿਆ ਹੈ ਕਿ we are planning to bring in some major administerative reforms. So I cannot say when we will put a stop to this Sangat Darshan but it is certain that there will be no need of this practice in future.

Mr. Speaker: No, no

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, ਮੁਆਫ ਕਰਨਾ। ਇਨ੍ਹਾਂ ਨੇ ਮਾਨਯੋਗ ਸੀ.ਐਮ. ਸਾਹਿਬ.....

ਮਾਲ ਤੇ ਮੁੜ ਵਸੇਬਾ, ਸੂਚਨਾ ਤੇ ਲੋਕ ਸੰਪਰਕ, ਗੈਰ ਰਵਾਇਤੀ ਊਰਜਾ ਤੇ ਐਨ.ਆਰ.ਆਈ. ਮਾਮਲੇ ਮੰਤਰੀ (ਸਰਦਾਰ ਬਿਕਰਮ ਸਿੰਘ ਮਜੀਠੀਆ) : ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ...........

ਸ਼੍ਰੀ ਸੁਨੀਲ ਜਾਖੜ : ਦੇਖੋ, ਮਜੀਠੀਆ ਸਾਹਿਬ, I was not interrupting when Hon'ble C.M. Sahib was on his foot. ਬਿਲਕੁਲ ਮੈਂ ਉਹ ਗੱਲ ਕਹਿ ਰਿਹਾ ਹਾਂ ਜਿਹੜੀ ਆਨਰੇਬਲ ਸੀ.ਐਮ. ਸਾਹਿਬ ਨੇ ਕਹੀ ਹੈ। ਇਨ੍ਹਾਂ ਨੇ ਆਪਣੇ ਭਾਸ਼ਣ ਦੇ ਦੌਰਾਨ ਕਿਹਾ ਹੈ।

Mr. Speaker: It is not a debate.

Shri Sunil Jakhar: It is a debate, Sir.

Mr. Speaker : No, no.

ਸ਼੍ਰੀ ਸੁਨੀਲ ਜਾਖੜ : ਕਮਾਲ ਕਰ ਰਹੇ ਹੋ, ਸਪੀਕਰ ਸਾਹਿਬ। ਇਨ੍ਹਾਂ ਨੇ ਮਾਨਯੋਗ....(ਵਿਘਨ)...(ਸ਼ੋਰ)....

Mr. Speaker : No, no.

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, I was not interrupting CM Sahib, while he was speaking, ਜਿਹੜੀ ਗੱਲ ਉਨ੍ਹਾਂ ਨੇ ਕਹੀ ਸੀ, ਇਨ੍ਹਾਂ ਨੇ ਆਪਣੇ ਭਾਸ਼ਣ ਦੇ ਦੌਰਾਨ ਕਿਹਾ ਹੈ, ਸਾਨੂੰ ਪੁੱਛ ਰਹੇ ਸੀ ਕਿ ਸੰਗਤ ਦਰਸ਼ਨ ...(ਵਿਘਨ)...(ਸ਼ੋਰ) ...

Mr. Speaker : This is not a debate.

Shri Sunil Jakhar : Not a debate? This is a debate, ਸਪੀਕਰ ਸਾਹਿਬ, ਇਨ੍ਹਾਂ ਨੇ ....(ਵਿਘਨ....ਸ਼ੋਰ)......

Mr. Speaker : No, no.

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, ਇਨ੍ਹਾਂ ਨੇ ਮਾਅਨੇ ਪੁੱਛੇ ਸੀ ਕਿ ਸੰਗਤ ਦਰਸ਼ਨ ਦੇ ਮਾਅਨੇ ਕੀ ਹਨ, as far as I understand and the people of Punjab understand, ਸੰਗਤ ਦਰਸ਼ਨ means, it proves the failure of the administrative system, it proves the failure of the delivery system. ਕੋਈ ਪਟਵਾਰੀ ਵਾਲੇ ਕੰਮ ਲਈ ਚੀਫ ਮਨਿਸਟਰ ਕੋਲ ਜਾਵੇ।(ਵਿਰੋਧੀ ਧਿਰ ਵਲੋਂ ਥੰਪਿੰਗ) ਅਗਰ ਸੰਗਤ ਦਰਸ਼ਨ ਐਨੇ ਵਧੀਆ ਹਨ, ਮਾਨਯੋਗ ਸੀ.ਐਮ ਸਾਹਿਬ ਨੇ ਜਿੰਨੇ ਸੰਗਤ ਦਰਸ਼ਨ ਕੀਤੇ ਹਨ ਪਰ

ਉਨ੍ਹਾ ਦਾ ਰਿਜ਼ਲਟ ਕੀ ਹੈ? whether those complaints have been addressed. ਉਹੀ ਬੰਦੇ ਵਾਰੀ ਵਾਰੀ ਉਥੇ ਜਾ ਕੇ ਫੇਰ ਹਾਜ਼ਰ ਹੁੰਦੇ ਹਨ। ਮੈਂ ਆਪਣੀ ਗੱਲ ਦੱਸਦਾ ਹਾਂ ਜੀ। ਮਾਨਯੋਗ ਮੁੱਖ ਮੰਤਰੀ ਸਾਹਿਬ, immideatly after this, ਇਹ ਜਿਹੜਾ 3 ਤਰੀਖ ਨੂੰ ਆਪਣਾ ਸੈਸ਼ਨ ਹੋਇਆ ਹੈ, ਇਹ ਸਾਡੇ ਸੱਪਾਂਵਾਲੀ ਗਏ। ਉਨ੍ਹਾਂ ਨੇ ਉਥੇ ਉਜਾੜਾ ਦੇਖਿਆ ਕਿਉਂਕਿ ਡਰੇਨ ਓਵਰਫਲੋਅ ਹੋ ਗਈ ਸੀ। ਜਿਹੜਾ ਖਰਾਬਾ ਹੋਇਆ ਸੀ, ਉਸ ਨੂੰ ਸਹੀ ਕਰਨ ਵਾਸਤੇ ਇਹ ਉਥੇ ਅਨਾਉਂਸ ਕਰਕੇ ਆਏ। He announced right then and there and we thanked him for that. ਇਸ ਗੱਲ ਨੂੰ ਅੱਜ ਤਿੰਨ ਮਹੀਨੇ ਹੋ ਗਏ ਹਨ ਪਰ ਵਾਅਦਾ ਉਥੇ ਹੀ ਖੜ੍ਹਾ ਹੈ। ਸੋ, what it means, ਬਿਲਕੁਲ ਤੁਸੀਂ ਬਾਦਲ ਸਾਹਿਬ, ਸੰਗਤ ਦਰਸ਼ਨ ਕਰੋ, ਲੋਕਾਂ ਦੀਆਂ ਸਮੱਸਿਆਵਾਂ ਸੁਣੋ ਪਰ ਜਦੋਂ ਤੁਸੀਂ ਕਹਿੰਦੇ ਹੋ ਕਿ ਸਮਝਣ ਦਾ ਮੌਕਾ ਮਿਲਦਾ ਹੈ, 50 ਸਾਲ ਤੁਸੀਂ ਲੋਕਾਂ ਦੀ ਸੇਵਾ ਕੀਤੀ ਹੈ ਤੇ ਪੰਜਾਬ ਦੇ ਹਰੇਕ ਬੰਦੇ ਦੀ ਤੁਹਾਨੂੰ ਜਾਣਕਾਰੀ ਹੈ। ਲੋਕ ਤਾਂ ਨਾੜੀ ਦੇਖ ਕੇ ਬਿਮਾਰੀ ਦੱਸਦੇ ਹਨ, ਤੁਸੀਂ ਸ਼ਕਲ ਦੇਖ ਕੇ ਪਰਾਬਲਮ ਦੱਸ ਸਕਦੇ ਹੋ ਕਿ ਇਸ ਦੀ ਆਹ ਪਰਾਬਲਮ ਹੈ। ਤੁਸੀਂ ਲੋਕਾਂ ਵਿਚ ਜਾਓ, All these funds which are distributed, ਇਹ ਖੈਰਾਤ ਵੰਡਣ ਵਾਲੀ ਗੱਲ ਛੱਡ ਦਿਓ। ਜੋ ਤੁਸੀਂ ਗੱਲ ਕਹੀ ਹੈ about bringing those administrative reforms, ਇਹ ਹੋ ਜਾਣ ਤਾਂ ਕਿ ਸੰਗਤ ਦਰਸ਼ਨ ਦੀ ਲੋੜ ਹੀ ਨਾ ਪਵੇ। ਪਿੰਡਾਂ ਵਿਚ ਜਾਓ, ਸੱਥ ਵਿਚ ਬੈਠ ਕੇ ਲੋਕਾਂ ਦੇ ਦੁੱਖ ਦਰਦ ਸੁਣੋ, go not there to address the complaints which should be addressed at proper level, ਚਾਹੇ ਡੀ.ਸੀ. ਦਾ ਕੰਮ ਹੈ (ਵਿਘਨ)

Mr. Speaker : Thank you.

ਸ਼੍ਰੀ ਸੁਨੀਲ ਜਾਖੜ : ਕੋਈ ਪਟਵਾਰੀ ਦਾ ਕੰਮ ਹੈ, ਚਾਹੇ ਕਿਸੇ ਹੋਰ ਦਾ ਕੰਮ ਹੈ (ਵਿਘਨ)....(ਸ਼ੋਰ)....

ਮਾਨਯੋਗ ਸਪੀਕਰ : ਨਹੀਂ ਜੀ, ਬੱਸ ਕਰੋ ਹੁਣ।

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ,.... ਦੋ ਮਿੰਟ, (ਵਿਘਨ)...(ਸ਼ੋਰ)....

Mr. Speaker : This is not a debate, ਮੈਂ ਕਿਹਾ ਜੀ ਇਕ ਮਿੰਟ ਮੇਰੀ ਗੱਲ ਸੁਣੋ, ਮੇਰੀ ਗੱਲ ਸੁਣੋ, this is not a time for debate

ਸ਼੍ਰੀ ਸੁਨੀਲ ਜਾਖੜ: ਸਪੀਕਰ ਸਾਹਿਬ, ...(ਵਿਘਨ...ਸ਼ੋਰ) ......

ਮਾਨਯੋਗ ਸਪੀਕਰ : ਮੈਂ ਕਿਹਾ ਜੀ, ਜਾਖੜ ਸਾਹਿਬ, this is not a time of debate, ਇਹ ਡਿਬੇਟ ਨਹੀਂ ਹੈ ....(ਵਿਘਨ)....(ਸ਼ੋਰ) ..... this is not a time for debate.

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, ਤੁਸੀਂ ਆਪ ਮੰਨੇ ਹੋ।

ਉਪ ਮੁੱਖ ਮੰਤਰੀ (ਸਰਦਾਰ ਸੁਖਬੀਰ ਸਿੰਘ ਬਾਦਲ) : ਸਪੀਕਰ ਸਾਹਿਬ, ਮੈਂ ਇਕ ਮਿੰਟ ....(ਵਿਘਨ)....(ਸ਼ੋਰ)...

ਮਾਨਯੋਗ ਸਪੀਕਰ : ਨਹੀਂ ਜੀ।

ਰਾਣਾ ਗੁਰਮੀਤ ਸਿੰਘ ਸੋਢੀ : ਸਪੀਕਰ ਸਾਹਿਬ, ...(ਵਿਘਨ)...(ਸ਼ੋਰ).....

ਮਾਨਯੋਗ ਸਪੀਕਰ: ਨਹੀਂ ਜੀ ....(ਵਿਘਨ...ਸ਼ੋਰ).....

ਉਪ ਮੁੱਖ ਮੰਤਰੀ : ਮੈਨੂੰ ਇਕ ਮਿੰਟ ਬੋਲ ਲੈਣ ਦਿਓ ...(ਵਿਘਨ)... (ਸ਼ੋਰ) ...

ਰਾਣਾ ਗੁਰਮੀਤ ਸਿੰਘ ਸੋਢੀ : ਸਪੀਕਰ ਸਾਹਿਬ .....(ਵਿਘਨ)...(ਸ਼ੋਰ).....

Mr. Speaker : Please sit down. No please.

ਉਪ ਮੁੱਖ ਮੰਤਰੀ : ਜਾਖੜ ਸਾਹਿਬ ....(ਵਿਘਨ) ..... (ਸ਼ੋਰ) .....

ਮਾਨਯੋਗ ਸਪੀਕਰ : ਮੇਜ਼ ਤੇ ਰੱਖੇ ਜਾਣ ਵਾਲੇ ਕਾਗਜ ਪੱਤਰ ...(ਵਿਘਨ)...(ਸ਼ੋਰ).....

ਉਪ ਮੁੱਖ ਮੰਤਰੀ : ਇਕ ਮਿੰਟ ਜੀ .....(ਵਿਘਨ)....(ਸ਼ੋਰ)....

ਰਾਣਾ ਗੁਰਮੀਤ ਸਿੰਘ ਸੋਢੀ : ਸਪੀਕਰ ਸਾਹਿਬ, ...(ਵਿਘਨ)...(ਸ਼ੋਰ).....

ਮਾਨਯੋਗ ਸਪੀਕਰ : ਨਹੀਂ ਜੀ, ਸੋਢੀ ਸਾਹਿਬ, ਮੈਂ ਮੌਕੇ ਦੇ ਚੁੱਕਾ ਹਾਂ।

ਉਪ ਮੁੱਖ ਮੰਤਰੀ : ਇਕ ਮਿੰਟ ਜੀ, ਸਪੀਕਰ ਸਾਹਿਬ। ਮੈਂ ਜਾਖੜ ਸਾਹਿਬ ਦਾ ਹੁਣੇ ਭਾਸ਼ਣ ਸੁਣਿਆ ਹੈ। ਜਿਵੇਂ ਉਨ੍ਹਾਂ ਨੇ ਕਿਹਾ ਕਿ ਸੰਗਤ ਦਰਸ਼ਨ ਕਰਨ ਦੀ ਲੋੜ ਨਹੀਂ ਹੈ, ਫਿਰ ਤਾਂ ਆਪਾਂ ਨੂੰ ਐਮ.ਐਲ.ਏ. ਬਣਨ ਦੀ ਵੀ ਲੋੜ ਨਹੀਂ, ਜੇਕਰ ਸਿਸਟਮ ਇੰਨਾ ਵਧੀਆ ਹੈ ....(ਵਿਘਨ)....(ਸ਼ੋਰ).... ਨਹੀਂ ਨਹੀਂ ਫਿਰ ਜਿਹੜਾ ਤੁਸੀਂ ਕਹਿੰਦੇ ਹੋ ਕਿ ਚੀਫ ਮਨਿਸਟਰ ਦਾ ਕੰਮ ....(ਵਿਘਨ)...(ਸ਼ੋਰ).... ਫਿਰ as an MLA why do you go to your constituency, ਤੁਸੀਂ ਘਰ ਘਰ ਵਿਚ ਕਿਉਂ ਜਾਂਦੇ ਹੋ, ਪਿੰਡਾਂ ਵਿਚ ਕਿਉਂ ਜਾਂਦੇ ਹੋ। ਸੋ, ਪਲੀਜ਼ ਹਰ ਰੋਜ਼ ਦੀ ਕੀ ਤਕਲੀਫ ਹੈ, ਤੁਸੀਂ ਇਹ ਨਹੀਂ ਸੁਣਦੇ। ....(ਵਿਘਨ)... (ਸ਼ੋਰ)......

ਸ਼੍ਰੀ ਸੁਨੀਲ ਜਾਖੜ : ਨਹੀਂ, ਤੁਸੀਂ ਸੰਗਤ ਦਰਸ਼ਨ ਕਰੋ ਪਰ ਪੈਸੇ ਨਾ ਵੰਡੋ।

ਉਪ ਮੁੱਖ ਮੰਤਰੀ : ਫਿਰ ਇਹ ਤਾਂ ਡਿਸਕਰੀਸ਼ਨ ਹੈ ...(ਵਿਘਨ)...(ਸ਼ੋਰ).....

ਮਾਲ ਤੇ ਮੁੜ ਵਸੇਬਾ, ਸੂਚਨਾ ਤੇ ਲੋਕ ਸੰਪਰਕ, ਗੈਰ ਰਵਾਇਤੀ ਊਰਜਾ ਤੇ ਐਨ.ਆਰ.ਆਈ.ਮਾਮਲੇ ਮੰਤਰੀ: ਮੇਰੀ ਇਕ ਬੇਨਤੀ ਹੈ ਕਿ .....(ਵਿਘਨ).....(ਸ਼ੋਰ)..... ਇਨ੍ਹਾਂ ਨੂੰ ਫਿਕਰ ਪੈ ਗਿਆ ਕਿ ਅਸੀਂ ਲੋਕਾਂ ਕੋਲ ਜਾਂਦੇ ਹਾਂ ......(ਵਿਘਨ).....(ਸ਼ੋਰ).....

ਉਦਯੋਗ ਤੇ ਵਣਜ, ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ

ਅਤੇ ਸੰਸਦੀ ਮਾਮਲੇ ਮੰਤਰੀ (ਸ਼੍ਰੀ ਮਦਨ ਮੋਹਨ ਮਿੱਤਲ) : ਸਪੀਕਰ ਸਾਹਿਬ, (ਵਿਘਨ)....(ਸ਼ੋਰ)....

ਮਾਨਯੋਗ ਸਪੀਕਰ : ਹਾਂ ਜੀ ਮਿੱਤਲ ਸਾਹਿਬ।

ਉਪ ਮੁੱਖ ਮੰਤਰੀ : ਸਪੀਕਰ ਸਾਹਿਬ, ਇਕ ਮਿੰਟ ਜੀ। ਜਾਖੜ ਸਾਹਿਬ, ਮੈਂ ਕੇਵਲ ਇੰਨਾ ਹੀ ਕਹਿਣਾ ਚਾਹੁੰਦਾ ਹਾਂ ਕਿ ਇਹ ਪਹਿਲੀ ਵਾਰ ਹੋਇਆ ਹੈ ਕਿ ਪੰਜਾਬ ਵਿਚ ਕੰਨਜ਼ੈਕਟਿਵ ਦੂਜੀ ਵਾਰ ਸੀ.ਐਮ. ਸਾਹਿਬ ਵਾਪਸ ਆਏ ਹਨ। ਇਹ ਸੰਗਤ ਦਰਸ਼ਨ ਕਰਕੇ ਹੀ ਆਏ ਹਨ। ਜੇ ਤੁਸੀਂ ਵੀ ਸੰਗਤ ਦਰਸ਼ਨ ਕਰ ਲੈਂਦੇ ਤਾਂ ਸ਼ਾਇਦ ਤੁਹਾਡੀ ਗੱਲ ਬਣ ਜਾਂਦੀ ....(ਵਿਘਨ)....(ਸ਼ੋਰ).....

ਮਾਨਯੋਗ ਸਪੀਕਰ: ਹਾਂ ਜੀ, ਮਿੱਤਲ ਸਾਹਿਬ ......(ਵਿਘਨ)....(ਸ਼ੋਰ)......

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, ਜ਼ੀਰੋ ਆਵਰ।

ਮਾਨਯੋਗ ਸਪੀਕਰ : ਨਹੀਂ ਜੀ, ਦੇਖੋ ਮੈਂ ਅੱਜ ਰੇਤ ਵਾਲਾ ਮਤਾ ਲੈਣਾ ਹੈ ਤੇ ਮਹਿੰਗਾਈ ਵਾਲਾ ਮਤਾ ਵੀ ਲੈਣਾ ਹੈ, ਇਸ ਕਰਕੇ please sit down. ....(ਵਿਘਨ).... (ਸ਼ੋਰ).....

ਉਦਯੋਗ ਤੇ ਵਣਜ, ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ ਅਤੇ ਸੰਸਦੀ ਮਾਮਲੇ ਮੰਤਰੀ : ਸਪੀਕਰ ਸਾਹਿਬ, ਮੈਂ ਤੀਸਰੀ ਵਾਰ ਪੜ੍ਹਨ ਲੱਗਿਆ ਹਾਂ ......(ਵਿਘਨ....ਸ਼ੋਰ).....

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, (ਵਿਘਨ) (ਸ਼ੋਰ)

ਮਾਨਯੋਗ ਸਪੀਕਰ : ਮੈਂ ਕਿਹਾ ਜੀ ਮੈਂ ਮਤੇ ਲੈਣੇ ਹਨ, ਨਹੀਂ ਜੀ।

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, ** ** ** ......(ਵਿਘਨ)....(ਸ਼ੋਰ)

Mr. Speaker : No, no, nothing is to be recorded.

ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ : ਸਪੀਕਰ ਸਾਹਿਬ, ** ** ** (ਵਿਘਨ)....(ਸ਼ੋਰ)......

ਮਾਨਯੋਗ ਸਪੀਕਰ : ਨਹੀਂ ਜੀ, ਕੁਝ ਵੀ ਰਿਕਾਰਡ ਨਹੀਂ ਹੋ ਰਿਹਾ।

ਮੇਜ਼ ਤੇ ਰੱਖੇ ਜਾਣ ਵਾਲੇ ਕਾਗਜ਼ ਪੱਤਰ

**Not recorded as ordered by the Chair.

PAPERS LAID ON THE TABLE OF THE HOUSE

ਉਦਯੋਗ ਤੇ ਵਣਜ, ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ ਅਤੇ ਸੰਸਦੀ ਮਾਮਲੇ ਮੰਤਰੀ (ਸ਼੍ਰੀ ਮਦਨ ਮੋਹਨ ਮਿੱਤਲ) : ਸ਼੍ਰੀਮਾਨ ਜੀ, ਮੈਂ-

1. ਨਿਮਨਲਿਖਤ ਕਾਗਜ਼ ਸਦਨ ਦੀ ਮੇਜ਼ ਤੇ ਰੱਖਦਾ ਹਾਂ:-

   i) ਪੰਜਾਬ ਸਹਿਕਾਰੀ ਸਭਾਵਾਂ (ਸੋਧਨਾ) ਆਰਡੀਨੈਂਸ, 2013 (2013 ਦਾ ਪੰਜਾਬ ਆਰਡੀਨੈਂਸ ਨੰ: 8)

   ii) ਪੰਜਾਬ ਕਾਨੂੰਨ (ਵਿਸ਼ੇਸ਼ ਉਪਬੰਧ) ਸੋਧਨਾ ਆਰਡੀਨੈਂਸ, 2013 (2013 ਦਾ ਪੰਜਾਬ ਆਰਡੀਨੈਂਸ ਨੰ: 9)

   ਜਿਵੇਂ ਕਿ ਭਾਰਤ ਦੇ ਸੰਵਿਧਾਨ ਦੇ ਅਨੁਛੇਦ 213 (2) (ੳ) ਅਧੀਨ ਲੋੜੀਂਦਾ ਹੈ।

2. ਸਥਾਨਕ ਸਰਕਾਰ ਵਿਭਾਗ ਤੋਂ ਪ੍ਰਾਪਤ ਨੋਟੀਫਿਕੇਸ਼ਨ ਨੰਬਰ 2/7/2012-ਆਈ ਜੀ 3/101568/1 ਮਿਤੀ 25 ਸਤੰਬਰ, 2013 ਅਤੇ ਨੰ. 2/7/2012-ਆਈ ਜੀ3/101580/1 ਮਿਤੀ 25 ਸਤੰਬਰ, 2013 ਨਾਲ ਸਬੰਧਿਤ ਕ੍ਰਮਵਾਰ ਪੰਜਾਬ ਮਿਉਂਸਿਪਲ (ਸੋਧਨਾ) ਆਰਡੀਨੈਂਸ, 2013 (2013 ਦਾ ਪੰਜਾਬ ਆਰਡੀਨੈਂਸ ਨੰ: 10) ਅਤੇ ਪੰਜਾਬ ਮਿਉਂਸਿਪਲ ਕਾਰਪੋਰੇਸ਼ਨ (ਦੂਜੀ ਸੋਧਨਾ) ਆਰਡੀਨੈਂਸ, 2013 (2013 ਦਾ ਪੰਜਾਬ ਆਰਡੀਨੈਂਸ ਨੰ. 11), ਸਦਨ ਦੀ ਮੇਜ਼ ਤੇ ਰੱਖਦਾ ਹਾਂ।

3. 31 ਮਾਰਚ, 2011 ਨੂੰ ਖਤਮ ਹੋਏ ਸਾਲ ਲਈ ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ ਦੇ ਲੇਖਿਆਂ ਤੇ ਵੱਖਰੀ ਆਡਿਟ ਰਿਪੋਰਟ ਦੇ ਸਬੰਧ ਵਿੱਚ ਸ਼ੁੱਧੀ ਪੱਤਰ ਸਦਨ ਦੀ ਮੇਜ਼ ਤੇ ਰੱਖਦਾ ਹਾਂ।

4. ਸਾਲ 2009-10 ਲਈ ਪੰਜਾਬ ਜਲ ਸਰੋਤ ਪ੍ਰਬੰਧਨ ਅਤੇ ਵਿਕਾਸ ਕਾਰਪੋਰੇਸ਼ਨ ਲਿਮਟਿਡ ਦੀ 39ਵੀਂ ਸਾਲਾਨਾ ਰਿਪੋਰਟ ਸਦਨ ਦੀ ਮੇਜ਼ ਤੇ ਰੱਖਦਾ ਹਾਂ, ਜਿਵੇ ਕਿ ਕੰਪਨੀਜ਼ ਐਕਟ, 1956 ਦੀ ਧਾਰਾ 619-(ੳ) ਅਧੀਨ ਲੋੜੀਂਦਾ ਹੈ।

5. ਸਾਲ 2008-09 ਅਤੇ 2009-10 ਲਈ ਪੰਜਾਬ ਐਗਰੋ ਫੂਡ ਗ੍ਰੇਨ ਕਾਰਪੋਰੇਸ਼ਨ ਲਿਮਟਿਡ ਦੀਆਂ 7ਵੀਂ ਅਤੇ 8ਵੀਂ ਸਾਲਾਨਾ ਰਿਪੋਰਟਾਂ ਅਤੇ ਲੇਖੇ ਸਦਨ ਦੀ ਮੇਜ਼ ਤੇ ਰੱਖਦਾ ਹਾਂ, ਜਿਵੇਂ ਕਿ ਕੰਪਨੀਜ਼ ਐਕਟ, 1956 ਦੀ ਧਾਰਾ 619-(ੳ) ਅਧੀਨ ਲੋੜੀਂਦਾ ਹੈ।

6. ਸਾਲ 2010-11 ਅਤੇ 2011-12 ਲਈ ਪੰਜਾਬ ਐਗਰੋ ਇੰਡਸਟਰੀਜ਼ ਕਾਰਪੋਰੇਸ਼ਨ ਲਿਮਟਿਡ ਦੀ 45ਵੀਂ ਅਤੇ 46ਵੀਂ ਸਾਲਾਨਾ ਰਿਪੋਰਟ ਅਤੇ ਲੇਖੇ ਸਦਨ ਦੀ ਮੇਜ਼ ਤੇ ਰੱਖਦਾ ਹਾਂ, ਜਿਵੇ ਕਿ ਕੰਪਨੀਜ਼ ਐਕਟ, 1956 ਦੀ ਧਾਰਾ 619-(ੳ) ਅਧੀਨ ਲੋੜੀਂਦਾ ਹੈ।

LEGISLATIVE BUSINESS

1. THE PUNJAB MUNICIPAL (AMENDMENT) BILL, 2013 *(REPLACING ORDINANCE)*

ਸਥਾਨਕ ਸਰਕਾਰ, ਡਾਕਟਰੀ ਸਿੱਖਿਆ ਤੇ ਖੋਜ ਮੰਤਰੀ (ਸ਼੍ਰੀ ਅਨਿਲ ਜੋਸ਼ੀ) : ਸ਼੍ਰੀਮਾਨ ਜੀ, ਮੈਂ ਪੰਜਾਬ ਮਿਊਂਸਿਪਲ (ਸੋਧਨਾ) ਬਿਲ, 2013 ਪੇਸ਼ ਕਰਦਾ ਹਾਂ।

ਸ਼੍ਰੀਮਾਨ ਜੀ, ਮੈਂ ਇਹ ਵੀ ਪ੍ਰਸਤਾਵ ਕਰਦਾ ਹਾਂ -

ਕਿ ਪੰਜਾਬ ਮਿਊਂਸਿਪਲ (ਸੋਧਨਾ) ਬਿਲ, 2013 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਮਾਨਯੋਗ ਸਪੀਕਰ : ਪ੍ਰਸਤਾਵ ਕੀਤਾ -

ਕਿ ਪੰਜਾਬ ਮਿਊਂਸਿਪਲ (ਸੋਧਨਾ) ਬਿਲ, 2013 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਬਹਿਸ, ਹਾਂ ਜੀ ਚੰਨੀ ਸਾਹਿਬ ਜੀ

(ਵਿਘਨ) (ਸ਼ੋਰ) ......

ਮਾਨਯੋਗ ਸਪੀਕਰ : ਨਹੀਂ ਜੀ, ਨਹੀਂ। ਹੁਣ ਮੈਂ ਅਗਲੀ ਆਈਟਮ ਲੈ ਲਈ ਹੈ, ਹਾਂ ਜੀ ਚਰਨਜੀਤ ਸਿੰਘ ਚੰਨੀ, ਤੁਸੀਂ ਬੋਲੋ।

(ਇਸ ਸਮੇਂ ਸਦਨ ਵਿੱਚ ਵਿਰੋਧੀ ਧਿਰ ਦੇ ਕੁਝ ਮੈਂਬਰ ਸਾਹਿਬਾਨ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨਾ ਆਗਿਆ ਤੋਂ ਬੋਲ ਰਹੇ ਸਨ।)

ਮਾਨਯੋਗ ਸਪੀਕਰ : ਤੁਹਾਨੂੰ ਵੀ ਟਾਈਮ ਦੇ ਦਿਆਂਗੇ? ਤੁਸੀਂ ਇਸ ਬਿਲ ਤੇ ਬੋਲਣਾ ਹੈ ਕਿ ਨਹੀਂ?

ਸਰਦਾਰ ਚਰਨਜੀਤ ਸਿੰਘ ਚੰਨੀ : ਸਪੀਕਰ ਸਾਹਿਬ,(ਵਿਘਨ) (ਸ਼ੋਰ)..... ਉਹ ਬੈਠਣਗੇ, ਮੈਂ ਤਾਂ ਹੀ ਬੋਲਾਂਗਾ।

ਮਾਨਯੋਗ ਸਪੀਕਰ : ਨਹੀਂ ਉਹ ਨਹੀਂ, the time has gone. ਸਰਦਾਰ ਲਾਲ ਸਿੰਘ ਜੀ, ਮੈਂ ਅਗਲੀ ਆਈਟਮ ਲੈ ਚੁੱਕਾ ਹਾਂ, you know better than me, ਤੁਸੀਂ ਮੇਰੇ ਨਾਲੋਂ ਚੰਗੀ ਤਰ੍ਹਾਂ ਜਾਣਦੇ ਹੋ ਕਿ ਜਦੋਂ ਜ਼ੀਰੋ ਆਵਰ ਖਤਮ ਹੋ ਜਾਂਦਾ ਹੈ, ਫਿਰ ਨਹੀਂ। .....(ਵਿਘਨ)....(ਸ਼ੋਰ).... ਇਸ ਬਹਿਸ ਦੇ ਉਪਰ ਮੈਂ 40 ਮਿੰਟ ਲਏ ਹਨ। ਤੁਸੀਂ ਬੈਠੋ, ਹੁਣ ਚੰਨੀ ਸਾਹਿਬ ਨੇ ਬੋਲਣਾ ਹੈ। ਹਾਂ ਜੀ, ਚੰਨੀ ਸਾਹਿਬ ......(ਵਿਘਨ) ..... ਮੈਂ ਕਿਹਾ ਜੀ, ਕੋਈ ਫਾਇਦਾ ਨਹੀਂ ਹੈ, ਲਾਲ ਸਿੰਘ ਜੀ। ਤੁਸੀਂ ਆਪਣਾ ਟਾਈਮ ਵੇਸਟ ਕਰ ਰਹੇ ਹੋ। ਮੈਂ ਬਿਲ ਪਾਸ ਕਰਵਾਉਣਾ ਹੈ। ਚੰਨੀ ਜੀ, ਤੁਸੀਂ ਬੋਲਣਾ ਕਿ ਨਹੀਂ ਬੋਲਣਾ ਹੈ?

ਸਰਦਾਰ ਚਰਨਜੀਤ ਸਿੰਘ ਚੰਨੀ : ਮੈਂ ਬੋਲਣਾ ਹੈ ਜੀ, ਬੋਲਣ ਤਾਂ ਦਿਓ ਜੀ। .....(ਵਿਘਨ .... ਸ਼ੋਰ)....

ਮਾਨਯੋਗ ਸਪੀਕਰ : ਚਲੋ ਠੀਕ ਹੈ, ਜੇਕਰ ਨਹੀਂ ਬੋਲਣਾ ਹੈ ਤਾਂ ਬੈਠ ਜਾਓ। ਤੁਹਾਡੇ ਆਪਣੇ ਬੰਦੇ ਹੀ ਤੁਹਾਨੂੰ ਬੋਲਣ ਨਹੀਂ ਦੇ ਰਹੇ। I am going to call next person.

ਮਾਲ ਤੇ ਮੁੜ ਵਸੇਬਾ, ਸੂਚਨਾ ਤੇ ਲੋਕ ਸੰਪਰਕ, ਗੈਰ ਰਵਾਇਤੀ ਊਰਜਾ ਤੇ ਐਨ.ਆਰ.ਆਈ.ਮਾਮਲੇ ਮੰਤਰੀ (ਸਰਦਾਰ ਬਿਕਰਮ ਸਿੰਘ ਮਜੀਠੀਆ) : ਇਨ੍ਹਾਂ ਨੂੰ ਤਾਂ ਪੁੱਛ ਕੇ ਆਉਣਾ ਪੈਣਾ ਹੈ ਕਿ ਬੋਲਣਾ ਕਿਸ ਨੇ ਹੈ। ਇਨ੍ਹਾਂ ਦਾ ਤਾਂ ਰੌਲਾ ਹੀ ਰੌਲਾ ਹੈ। ......(ਵਿਘਨ......ਸ਼ੋਰ) ....

ਸਰਦਾਰ ਚਰਨਜੀਤ ਸਿੰਘ ਚੰਨੀ : ਸਪੀਕਰ ਸਾਹਿਬ, ਮੈਂ ਤਾਂ 2 ਮਿੰਟ ਵਿੱਚ ਹੀ ਗੱਲ ਖਤਮ ਕਰ ਦੇਣੀ ਹੈ। ਮੈਨੂੰ ਕੋਈ ਬੋਲਣ ਤਾਂ ਦੇਵੇ। 2 ਮਿੰਟ ਹੀ ਬੋਲਣਾ ਹੈ।

ਮਾਨਯੋਗ ਸਪੀਕਰ : ਚੀਮਾ ਸਾਹਿਬ, ਤੁਸੀਂ ਸਟਾਰਟ ਕਰੋ। (ਵਿਘਨ)........(ਸ਼ੋਰ) ......

ਸਰਦਾਰ ਚਰਨਜੀਤ ਸਿੰਘ ਚੰਨੀ : ਲਾਲ ਸਿੰਘ ਹੀ ਨਹੀਂ ਹਟਦੇ........

ਡਾਕਟਰ ਦਲਜੀਤ ਸਿੰਘ ਚੀਮਾ : ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ....(ਵਿਘਨ......ਸ਼ੋਰ) ....

ਮਾਨਯੋਗ ਸਪੀਕਰ : ਹਾਂ ਜੀ, ਚੀਮਾ ਸਾਹਿਬ, ਤੁਸੀਂ ਬੋਲੋ।.....(ਵਿਘਨ ......ਸ਼ੋਰ)...... ਮੈਂ ਤਿੰਨ ਵਾਰ ਸਰਦਾਰ ਚਰਨਜੀਤ ਸਿੰਘ ਚੰਨੀ ਦਾ ਨਾਮ ਲਿਆ ਹੈ, ਉਹ ਬੋਲੇ ਨਹੀਂ, ਹੁਣ ਬਾਅਦ ਵਿੱਚ ਦੇਖਾਂਗੇ।

ਮਾਲ ਤੇ ਮੁੜ ਵਸੇਬਾ, ਸੂਚਨਾ ਤੇ ਲੋਕ ਸੰਪਰਕ, ਗੈਰ ਰਵਾਇਤੀ ਊਰਜਾ ਤੇ ਐਨ.ਆਰ.ਆਈ.ਮਾਮਲੇ ਮੰਤਰੀ (ਸਰਦਾਰ ਬਿਕਰਮ ਸਿੰਘ ਮਜੀਠੀਆ) : ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ** ** ਜੀ ਨੂੰ ਬੁਲਾ ਲਿਆ ਜਾਵੇ ਇਨ੍ਹਾਂ ਦਾ ਮਾਮਲਾ ਸੁਲਝਾ ਦੇਣ ਕਿ ਕਿਸ ਨੇ ਬੋਲਣਾ ਹੈ ** **

Mr. Speaker : Not to be recorded. ਸਰਦਾਰ ਲਾਲ ਸਿੰਘ ਜੀ, ਤੁਹਾਨੂੰ ਟਾਈਮ ਦੇ ਦਿਆਂਗੇ। ਬੈਠ ਜਾਓ। ਹੁਣ ਮੈਂ ਅਗਲੀ ਆਈਟਮ ਲੈ ਚੁੱਕਾ ਹਾਂ, ਟਾਈਮ ਦੋ ਦੀ ਬਜਾਏ ਚਾਰ ਮਿੰਟ ਲੈ ਲੈਣਾ। ਹੁਣ ਨਹੀਂ। ਮੈਂ ਅਗਲੀ ਆਈਟਮ ਲੈ ਚੁੱਕਾ ਹਾਂ। (ਵਿਘਨ)......(ਸ਼ੋਰ) ....

**Not recorded as ordered by the Chair.

ਡਾਕਟਰ ਦਲਜੀਤ ਸਿੰਘ ਚੀਮਾ : ਸਪੀਕਰ ਸਾਹਿਬ, ਮੈਂ ਸਭ ਤੋਂ ਪਹਿਲਾਂ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਬੋਲਣ ਦਾ ਮੌਕਾ ਦਿੱਤਾ ਹੈ। ਸਾਡੇ ਸਾਹਮਣੇ ਵਾਲੇ ਵੀਰ ਉਠ ਕੇ ਖੜ੍ਹੇ ਜ਼ਰੂਰ ਹੋਏ ਸੀ ਪਰ ਮੈਂ ਤੁਹਾਨੂੰ ਸਾਰੀ ਕਹਾਣੀ ਦੱਸ ਦਿੰਦਾ ਹਾਂ ਕਿ ਇਸ ਬਿੱਲ ਉਤੇ ਇਨ੍ਹਾਂ ਕੋਲ ਕਹਿਣ ਨੂੰ ਕੁਝ ਨਹੀਂ ਹੈ ਕਿਉਂਕਿ ਇਹ ਜਿਹੜਾ ਬਿੱਲ ਹੈ, ਇਹ ਭਾਵੇਂ ਸਾਡੀ ਸ਼੍ਰੋਮਣੀ ਅਕਾਲੀ ਦਲ-ਭਾਰਤੀ ਜਨਤਾ ਪਾਰਟੀ...

ਮਾਨਯੋਗ ਸਪੀਕਰ : ਇਹ ਪੰਜਾਬ ਮਿਉਂਸਿਪਲ ਸੋਧਨਾ ਬਿੱਲ ਹੈ ਜੀ। ਤੁਹਾਡੇ ਸਾਰਿਆਂ ਕੋਲ ਕਾਪੀਆਂ ਪਹੁੰਚ ਚੁੱਕੀਆਂ ਹਨ। ਮੈਂ ਸ਼ੁਰੂ ਵਿੱਚ ਤੁਹਾਡੇ ਦੋ ਮੋਸ਼ਨ ਲੈ ਲਏ ਹਨ।

ਡਾਕਟਰ ਦਲਜੀਤ ਸਿੰਘ ਚੀਮਾ : ਇਸ ਦਾ ਸਾਰਾ ਸਿਹਰਾ ਇਨ੍ਹਾਂ ਨੂੰ ਜਾਂਦਾ ਹੈ। (ਵਿਘਨ .... ਸ਼ੋਰ).....

Mr. Speaker : Please silence. Zero Hour is finished. ਅੱਧਾ ਘੰਟਾ ਹਮੇਸ਼ਾ ਹੁੰਦਾ ਹੈ। ਮੈਂ ਕਿਹਾ ਜੀ ਮੇਰੇ ਆਉਣ ਤੋਂ ਪਹਿਲਾਂ ਅੱਧਾ ਘੰਟਾ ਹੁੰਦਾ ਰਿਹਾ ਹੈ। .....(ਵਿਘਨ......ਸ਼ੋਰ)..... ਮੈਂ ਤੁਹਾਨੂੰ 40 ਮਿੰਟ ਦੇ ਚੁੱਕਾ ਹਾਂ।

ਸਰਦਾਰ ਸਾਧੂ ਸਿੰਘ : ਸਪੀਕਰ ਸਾਹਿਬ ...... (ਵਿਘਨ ...... ਸ਼ੋਰ) ......

ਮਾਨਯੋਗ ਸਪੀਕਰ : ਮੈਂ ਜ਼ੀਰੋ ਆਵਰ ਅੱਧੇ ਘੰਟੇ ਤੋਂ ਵੱਧ ਦੇਣਾ ਹੀ ਨਹੀਂ। ਅੱਗੇ ਜੋ ਤੁਹਾਡੇ ਰਵਾਇਤ ਚਲਦੀ ਆ ਰਹੀ ਹੈ, ਮੈਂ ਉਹ ਹੀ ਦੇ ਰਿਹਾ ਹਾਂ।

WALK-OUT

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਮੈਂਬਰ ਜ਼ੀਰੋ ਆਵਰ ਦੇ ਸਮੇਂ ਵਿੱਚ ਵਾਧੇ ਦੀ ਮੰਗ ਨੂੰ ਲੈ ਕੇ ** ** ਨਾਅਰੇ ਮਾਰਦੇ ਹੋਏ ਸਦਨ ਵਿੱਚੋਂ ਵਾਕ ਆਊਟ ਕਰ ਗਏ।)

ਮਾਲ ਤੇ ਮੁੜ ਵਸੇਬਾ, ਸੂਚਨਾ ਤੇ ਲੋਕ ਸੰਪਰਕ, ਗੈਰ ਰਵਾਇਤੀ ਊਰਜਾ ਤੇ ਐਨ.ਆਰ.ਆਈ.ਮਾਮਲੇ ਮੰਤਰੀ (ਸਰਦਾਰ ਬਿਕਰਮ ਸਿੰਘ ਮਜੀਠੀਆ) : ਸਪੀਕਰ ਸਾਹਿਬ, ਕੋਈ ਮਾਰਸ਼ਲ ਭੇਜੋ ਕਿਉਂਕਿ ਇਨ੍ਹਾਂ ਨੇ ਲੜਨ ਲੱਗ ਜਾਣਾ ਹੈ ਅਤੇ ਫਿਰ ਨਾਂ ਸਾਡਾ ਲੱਗ ਜਾਣਾ ਹੈ।

**Not recorded as ordered by the Chair.

THE PUNJAB MUNICIPAL (AMENDMENT) BILL, 2013 *(REPLACING ORDINANCE) (Resumption)*

ਮਾਨਯੋਗ ਸਪੀਕਰ : ਹਾਂ ਜੀ, ਚੀਮਾ ਸਾਹਿਬ, ਤੁਸੀਂ ਸਟਾਰਟ ਕਰੋ।

ਡਾਕਟਰ ਦਲਜੀਤ ਸਿੰਘ ਚੀਮਾ : ਮਾਨਯੋਗ ਸਪੀਕਰ ਸਾਹਿਬ, ਇਹ ਬਿੱਲ ਜਿਹੜਾ ਆਇਆ ਹੈ.....

ਉਪ ਮੁੱਖ ਮੰਤਰੀ (ਸਰਦਾਰ ਸੁਖਬੀਰ ਸਿੰਘ ਬਾਦਲ) : ਸਪੀਕਰ ਸਾਹਿਬ, ਆਪੋਜ਼ੀਸ਼ਨ ਪਾਰਟੀ ਦਾ ਤਾਂ ਕੋਈ ਹੈ ਨਹੀਂ, ਆਪਾਂ ਪਾਸ ਹੀ ਕਰ ਦਿੰਦੇ ਹਾਂ ਕਿਉਂਕਿ ਆਪੋਜ਼ੀਸ਼ਨ ਵਾਲੇ ਤਾਂ ਡਿਬੇਟ ਤੇ ਆਏ ਨਹੀਂ।

ਇੱਕ ਅਵਾਜ਼ : ਆ ਰਹੇ ਹਾਂ, ਭੱਜੇ ਨਹੀਂ ..... (ਹਾਸਾ).....

ਮਾਨਯੋਗ ਸਪੀਕਰ : ਹਾਂ ਜੀ, ਚੀਮਾ ਸਾਹਿਬ, ਕਰੋ ਸਟਾਰਟ।

ਡਾਕਟਰ ਦਲਜੀਤ ਸਿੰਘ ਚੀਮਾ (ਰੂਪਨਗਰ) : ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਇਸ ਅਹਿਮ ਬਿੱਲ ਤੇ ਮੈਨੂੰ ਬੋਲਣ ਦਾ ਮੌਕਾ ਦਿੱਤਾ ਹੈ। ਚੰਗਾ ਹੋ ਗਿਆ, ਸਾਡੇ ਸਾਹਮਣੇ ਵਾਲੇ ਵੀਰ ਉਠ ਕੇ ਚਲੇ ਗਏ ..... (ਵਿਘਨ) .....

Mr. Speaker : Please silence.

ਡਾਕਟਰ ਦਲਜੀਤ ਸਿੰਘ ਚੀਮਾ : ਕਿਉਂਕਿ ਇਨ੍ਹਾਂ ਨੂੰ ਇੱਥੇ ਬੈਠ ਕੇ ਨਮੋਸ਼ੀ ਫੇਸ ਕਰਨੀ ਪੈਣੀ ਸੀ ਕਿ ਇਹ ਬਿੱਲ ਪੰਜਾਬ ਸਰਕਾਰ ਨੂੰ ਕਿਉਂ ਲਿਆਉਣਾ ਪਿਆ। ਇਸ ਲਈ ਇਹ ਅੱਜ ਮੂੰਹ ਛੁਪਾਉਣ ਲਈ ਬਾਹਰ ਚਲੇ ਗਏ ਹਨ। ਇਹ ਤੁਹਾਡੇ ਸਾਹਮਣੇ ਹੈ ਕਿ ਇਹ ਨਾਅਰੇ ਲਗਾਉਣ ਵਾਲੇ ਭੱਜ ਗਏ ਹਨ, ਇਹ ਇਸ ਗੱਲ ਦਾ ਸਬੂਤ ਹੈ ਕਿ ਇਹ ਹਕੀਕਤ ਕਿੰਨੀ ਕੌੜੀ ਹੈ ਕਿ ਅੱਜ ਇਸ ਹਾਊਸ ਵਿੱਚ ਬੈਠ ਕੇ ਇਹ ਗੱਲ ਸੁਣ ਵੀ ਨਹੀਂ ਸਕੇ ਕਿ ਜਿਹੜਾ ਪ੍ਰਾਪਰਟੀ ਟੈਕਸ ਦਾ ਰੌਲਾ ਇੰਨੀ ਦੇਰ ਤੋਂ ਲੋਕਾਂ ਵਿੱਚ ਪਿਆ ਸੀ, ਉਸ ਟੈਕਸ ਨੂੰ ਲਗਾਉਣ ਵਾਸਤੇ ਅਸਲੀ ਕਾਰਨ ਕੀ ਸੀ। ...... (ਵਿਘਨ).....

Mr. Speaker : Please silence.

ਡਾਕਟਰ ਦਲਜੀਤ ਸਿੰਘ ਚੀਮਾ : ਸਪੀਕਰ ਸਾਹਿਬ, ਇਹ ਬਿੱਲ ਕਿਉਂ ਸਰਕਾਰ ਨੂੰ ਲਿਆਉਣਾ ਪਿਆ। ਸਾਡੇ ਮਾਨਯੋਗ ਵਿਰੋਧੀ ਧਿਰ ਦੇ ਜਿਹੜੇ ਆਗੂ ਸਾਹਿਬਾਨ ਹਨ, ਉਹ ਉਠ ਕੇ ਚਲੇ ਗਏ ਹਨ ਲੇਕਿਨ ਮੈਂ, ਮਾਨਯੋਗ ਸਪੀਕਰ ਸਾਹਿਬ, ਤੁਹਾਡੇ ਧਿਆਨ ਵਿੱਚ ਲਿਆਉਣਾ ਚਾਹਾਂਗਾ ਕਿ ਪੰਜਾਬ ਦੇ ਲੋਕ, ਦੇਸ਼ ਦੇ ਲੋਕ ਬਹੁਤ ਸਾਰੇ ਟੈਕਸ ਪਹਿਲਾਂ ਹੀ ਦਿੰਦੇ ਹਨ। ਦੇਸ਼ ਦੇ ਲੋਕ ਇਨਕਮ ਟੈਕਸ ਵੀ ਪੇਅ ਕਰਦੇ ਹਨ, ਦੇਸ਼ ਦੇ ਲੋਕ ਸੈਂਟਰਲ ਸੇਲਜ਼ ਟੈਕਸ ਵੀ ਪੇਅ ਕਰਦੇ ਹਨ। ਦੇਸ਼ ਦੇ ਲੋਕ ਅਰਬਨ ਟੈਕਸ ਵੀ ਪੇਅ ਕਰਦੇ ਹਨ। ਇਸ ਤੋਂ ਇਲਾਵਾ ਸਾਡੇ ਲੋਕ ਐਕਸਾਈਜ਼ ਅਤੇ ਕਸਟਮ ਡਿਊਟੀ ਜਿਹੇ ਹੋਰ ਬਹੁਤ ਸਾਰੇ ਟੈਕਸ ਪੇਅ ਕਰਦੇ ਹਨ। ਕੁਝ ਟੈਕਸ ਸਰਕਾਰਾਂ ਵੀ ਲਗਾਉਂਦੀਆਂ

ਹਨ ਲੇਕਿਨ ਜਿਨ੍ਹਾਂ ਟੈਕਸਾਂ ਦਾ ਮੈਂ ਜ਼ਿਕਰ ਕੀਤਾ ਹੈ, ਇਹ ਸਾਰੇ ਹੀ ਟੈਕਸ ਸਾਡੇ ਲੋਕੀ ਇਕੱਠੇ ਕਰਕੇ ਕੇਂਦਰ ਸਰਕਾਰ ਦੇ ਕੋਲ ਭੇਜਦੇ ਹਨ ਔਰ ਬਹੁਤ ਵੱਡਾ ਹਿੱਸਾ ਟੈਕਸਾਂ ਦੇ ਰੂਪ ਵਿੱਚ ਸਾਡੇ ਦੇਸ਼ ਦੇ ਵਿੱਚ ਕੁਲੈਕਟ ਹੁੰਦਾ ਹੈ। ਜਿਹੜਾ ਹਿੱਸਾ ਟੈਕਸਾਂ ਦੇ ਰੂਪ ਵਿੱਚ ਕੁਲੈਕਟ ਹੁੰਦਾ ਹੈ, ਉਹਦੇ ਵਿੱਚੋਂ 68% ਹਿੱਸਾ ਸਾਡੇ ਦੇਸ਼ ਦੀ ਸਰਕਾਰ ਆਪਣੇ ਕੋਲ ਰੱਖ ਕੇ 32% ਟੈਕਸ ਸੂਬਿਆਂ ਨੂੰ ਵਾਪਸ ਕਰਦੀ ਹੈ। ਇਸ ਲਈ ਬੜੀ ਹੈਰਾਨੀ ਹੁੰਦੀ ਹੈ ਕਿ ਜਦੋਂ ਸਾਡੇ ਕੋਲ ਇਹ 32% ਟੈਕਸ ਵਾਪਸ ਆਉਂਦਾ ਹੈ ਤਾਂ ਇਹ ਸਾਡੀ ਅਮਾਨਤ ਹੁੰਦੀ ਹੈ ਔਰ ਇਸ ਅਮਾਨਤ ਦੇ ਨਾਲ ਕਿਸ ਤਰ੍ਹਾਂ ਖਿਆਨਤ ਕੀਤੀ ਜਾਂਦੀ ਹੈ, ਉਸਦਾ ਨਮੂਨਾ ਮੈਂ ਤੁਹਾਡੇ ਸਾਹਮਣੇ ਪੇਸ਼ ਕਰਨਾ ਚਾਹੁੰਦਾ ਹਾਂ। ਇਹ ਜਿਹੜਾ ਪੈਸਾ ਕੇਂਦਰ ਸਰਕਾਰ ਨੂੰ ਟੈਕਸਾਂ ਦੇ ਰੂਪ ਵਿੱਚ ਗਿਆ ਸੀ, ਇਹ ਸਾਡੇ ਲੋਕਾਂ ਦਾ ਖੂਨ-ਪਸੀਨੇ ਦਾ ਪੈਸਾ ਸੀ। ਇਹ ਨਹੀਂ ਕਿ ਫਲਾਣੀ ਜਗ੍ਹਾ ਤੇ 1000 ਟਨ ਸੋਨੇ ਦਾ ਖਜ਼ਾਨਾ ਮਿਲਣ ਬਾਰੇ ਕਿਹਾ ਗਿਆ ਤੇ ਜਿਸ ਨੂੰ ਖੋਦਣ ਵਾਸਤੇ ਸਾਰਾ ਦੇਸ਼ ਪੱਬਾਂ ਭਾਰ ਹੋਇਆ ਪਿਆ ਹੈ ਕਿ ਜੇਕਰ ਇਹ ਖਜ਼ਾਨਾ ਮਿਲ ਗਿਆ ਤਾਂ ਇਹ 1000 ਟਨ ਸੋਨਾ ਵੇਚ ਕੇ ਸਾਨੂੰ ਸੂਬਿਆਂ ਨੂੰ ਪੈਸਾ ਵਾਪਸ ਦਿੱਤਾ ਜਾਵੇਗਾ। ਇਹ ਸਾਡੇ ਦੇਸ਼ ਦੀ ਸਰਕਾਰ ਦੀ ਮੈਂ ਸਮਝਦਾ ਹਾਂ ਕਿ ਬਹੁਤ ਵੱਡੀ ਗਲਤ ਫਹਿਮੀ ਹੈ। ਅਸੀਂ 21ਵੀਂ ਸਦੀ ਵਿੱਚ ਪਹੁੰਚ ਗਏ ਹਾਂ। ਜਦੋਂ ਦੇਸ਼ ਵਿੱਚ ਰੌਲਾ ਪੈ ਸਕਦਾ ਸੀ ਕਿ ਸਵਿਸ ਬੈਂਕਾਂ ਵਿੱਚ ਸਾਡੇ ਦੇਸ਼ ਦਾ ਸਾਰਾ ਪੈਸਾ ਚਲਾ ਗਿਆ ਤੇ ਉਸ ਪੈਸੇ ਨੂੰ ਵਾਪਸ ਲਿਆਓ, ਸਰਕਾਰ ਨੇ ਦੇਸ਼ ਵਿੱਚ ਇਕ ਅਡੰਬਰ ਰਚਿਆ ਕਿ 1000 ਟਨ ਸੋਨਾ ਮਿਲਣ ਵਾਲਾ ਹੈ। ਜਿਸ ਨੂੰ ਪੁੱਟਣ ਵਾਸਤੇ ਉਥੇ ਮਸ਼ੀਨਾਂ ਲਗਾ ਦਿੱਤੀਆਂ ਔਰ ਅਜਿਹਾ ਕਰਕੇ ਲੋਕਾਂ ਦਾ ਧਿਆਨ ਬਾਹਰਲੇ ਵਿਦੇਸ਼ੀ ਬੈਂਕਾਂ ਵਿੱਚ ਜਿਹੜਾ ਪੈਸਾ ਸੀ, ਉਸ ਪਾਸੇ ਤੋਂ ਹਟਾ ਕੇ ਉਸ ਸੋਨੇ ਵਾਲੇ ਪਾਸੇ ਲਗਾ ਦਿੱਤਾ ਕਿ ਤੁਸੀਂ ਥੋੜ੍ਹੀ ਦੇਰ ਬਾਅਦ ਵੇਖਿਓ ਕਿ ਜੇਕਰ ਇਹ ਸੋਨਾ ਨਿਕਲ ਆਇਆ ਤਾਂ ਇਸ ਨਾਲ ਤੁਹਾਡੇ ਨੋਟ ਦੀ ਕੀ ਹਾਲਤ ਬਣਦੀ ਹੈ। ਇਹ ਸੋਨਾ ਨਿਕਲਣ ਨਾਲ ਭਾਰਤ ਦੁਨੀਆ ਦਾ ਸਭ ਤੋਂ ਅਮੀਰ ਦੇਸ਼ ਬਣ ਜਾਵੇਗਾ। ਮੈਂ ਕਹਿਣਾ ਚਾਹੁੰਦਾ ਹਾਂ ਕਿ ਇਹ ਉਸ ਸੋਨੇ ਦਾ ਪੈਸਾ ਨਹੀਂ ਬਲਕਿ ਟੈਕਸ ਦੇ ਰੂਪ ਵਿੱਚ ਦਿੱਤੇ ਹੋਏ ਪੈਸੇ ਵਿਚੋਂ ਸਾਨੂੰ 32% ਵਾਪਸ ਆਉਂਦਾ ਹੈ ਪਰ ਅਫਸੋਸ ਹੈ ਕਿ ਇਹ 32% ਪੈਸਾ ਜਿਹੜਾ ਸਾਡਾ ਵਾਪਸ ਆਉਣਾ ਸੀ, ਇਸ ਨੂੰ ਇਮਾਨਦਾਰੀ ਦੇ ਨਾਲ ਦੇਣ ਵਾਸਤੇ ਇਹ ਹੁਣ ਸਾਡੇ ਉਤੇ ਕੰਡੀਸ਼ਨਜ਼ ਲਗਾ ਰਹੇ ਹਨ, ਜਿਵੇਂ ਅਮਰੀਕਾ ਵੱਲੋਂ ਅਫਗਾਨਿਸਤਾਨ ਉਤੇ ਕੰਡੀਸ਼ਨਜ਼ ਲਗਾਈਆਂ ਜਾਂਦੀਆਂ ਹਨ, ਈਰਾਨ ਉਤੇ ਕੰਡੀਸ਼ਨਜ਼ ਲਗਾਈਆਂ ਜਾਂਦੀਆਂ ਹਨ। ਉਸੇ ਤਰੀਕੇ ਨਾਲ ਅੱਜ ਸਾਨੂੰ ਇਹ ਪੈਸਾ ਵਾਪਸ ਦਿੱਤਾ ਜਾਂਦਾ ਹੈ। ਪਹਿਲਾਂ ਇਹ ਨਾਰਮਲ ਸੈਂਟਰਲ ਅਸਿਸਟੈਂਸ ਦੇ ਤੌਰ ਤੇ ਵਾਪਸ ਦਿੱਤਾ ਜਾਂਦਾ ਸੀ, ਹੁਣ ਇਸ ਨੂੰ ਖੇਹ-ਖਰਾਬ ਕਰਨ ਵਾਸਤੇ ਸੈਂਟਰਲ ਸਪਾਂਸਰਡ ਸਕੀਮਾਂ ਬਣਾ ਕੇ ਵਾਪਸ ਦਿੱਤਾ ਜਾਂਦਾ ਹੈ। ਜਿਵੇਂ ਜਨੂਰਮ (JNNURM) ਸਕੀਮ ਹੈ, ਜਿਸ ਤਹਿਤ ਸਾਡੇ ਸ਼ਹਿਰਾਂ ਦੀ ਡਿਵੈਲਪਮੈਂਟ ਵਾਸਤੇ ਪੈਸਾ ਵਾਪਸ ਆਉਂਦਾ ਹੈ। ਇਕ ਤਾਂ ਇਸ ਤਰ੍ਹਾਂ ਬੇਲੋੜੀਆਂ ਸਕੀਮਾਂ ਵਿੱਚ ਪਹਿਲਾਂ ਪੈਸਾ ਇਸ ਤਰੀਕੇ ਦੇ ਨਾਲ ਖੇਹ-ਖਰਾਬ ਕੀਤਾ ਜਾਂਦਾ ਹੈ, ਜਿਨ੍ਹਾਂ ਨੂੰ ਸਾਡੇ ਦੇਸ਼ ਦਾ ਪਲਾਨਿੰਗ ਕਮਿਸ਼ਨ ਵੀ ਕਹਿ ਚੁੱਕਾ ਹੈ ਕਿ ਇਹ ਸਕੀਮਾਂ ਬੰਦ ਕਰਕੇ ਸਿੱਧੀ ਸਹਾਇਤਾ ਸੂਬਿਆਂ ਨੂੰ ਦੇਣੀ ਚਾਹੀਦੀ ਹੈ। ਇਕ ਤਾਂ ਸਾਡਾ ਅੱਧਾ ਪੈਸਾ ਇਸ ਤਰ੍ਹਾਂ ਦੀਆਂ ਬੇਲੋੜੀਆਂ

[ਡਾਕਟਰ ਦਲਜੀਤ ਸਿੰਘ ਚੀਮਾ]

ਸਕੀਮਾਂ ਵਿੱਚ ਇਹ ਖਰਾਬ ਕਰਦੇ ਹਨ। ਦੂਜਾ ਉਸ ਸਕੀਮ ਨੂੰ ਇੰਪਲੀਮੈਂਟ ਕਰਨ ਵਾਸਤੇ ਸਾਡੇ ਸੂਬਿਆਂ ਉਤੇ ਕੰਡੀਸ਼ਨਜ਼ ਲਗਾਈਆਂ ਜਾਂਦੀਆਂ ਹਨ ਕਿ ਜੇਕਰ ਤੁਸੀਂ ਇਹ ਪੈਸਾ ਲੈਣਾ ਹੈ ਤਾਂ ਤੁਹਾਨੂੰ ਪੰਜਾਬ ਦੇ ਲੋਕਾਂ ਦੇ ਉਤੇ ਇਕ ਹੋਰ ਟੈਕਸ ਲਾਉਣਾ ਪੈਣਾ ਹੈ। ਪਹਿਲਾਂ ਤਾਂ, ਮਾਨਯੋਗ ਸਪੀਕਰ ਸਾਹਿਬ, ਸੋਚਣ ਵਾਲੀ ਗੱਲ ਹੈ ਕਿ ਜਿਹੜੀ ਦੇਸ਼ ਦੀ ਟੈਕਸਾਂ ਦੀ ਪਹਿਲੀ ਕੁਲੈਕਸ਼ਨ ਹੈ, ਜੇ ਆਪਾਂ ਉਸ ਨੂੰ ਈਮਾਨਦਾਰੀ ਦੇ ਨਾਲ ਵਰਤੀਏ, ਆਪਾਂ ਪੂਰੀ ਰਾਸ਼ੀ ਜੋ ਸੂਬਿਆਂ ਦਾ ਬਣਦਾ ਹੱਕ ਹੈ, ਜਿਸ ਦੀ ਸਾਰੇ ਸੂਬਿਆਂ ਦੇ ਵਿੱਤ ਮੰਤਰੀ ਮੰਗ ਰਹੇ ਹਨ ਜੇਕਰ ਈਮਾਨਦਾਰੀ ਦੇ ਨਾਲ ਉਹ ਸੂਬਿਆਂ ਨੂੰ ਵਾਪਸ ਕਰ ਦੇਈਏ ਤਾਂ ਸ਼ਾਇਦ ਸਾਨੂੰ ਲੋਕਾਂ ਤੇ ਸੂਬਿਆਂ ਵਿੱਚ ਹੋਰ ਟੈਕਸ ਨਾ ਲਾਉਣੇ ਪੈਣ ਪਰ ਉਨ੍ਹਾਂ ਟੈਕਸਾਂ ਨੂੰ ਤਾਂ ਅਸੀਂ ਏਨੀ ਬੇਰਹਿਮੀ ਦੇ ਨਾਲ ਫਜ਼ੂਲ ਦੀਆਂ ਸਕੀਮਾਂ ਬਣਾ ਕੇ, ਫੇਰ ਬੰਦ ਕਰਕੇ, ਫੇਰ ਨਵੀਂ ਸਕੀਮ ਬਣਾ ਕੇ, ਫੇਰ ਬੰਦ ਕਰਕੇ ਖਰਾਬ ਕਰ ਰਹੇ ਹਾਂ ਔਰ ਸੂਬਿਆਂ ਨੂੰ ਉਨ੍ਹਾਂ ਦਾ ਹੱਕ ਦੇਣ ਵਾਸਤੇ ਅਸੀਂ ਇਹ ਕਹਿ ਰਹੇ ਹਾਂ ਕਿ ਤੁਹਾਡੇ ਤੇ ਹੁਣ ਇਕ ਨਵੀਂ ਕੰਡੀਸ਼ਨ ਲੱਗ ਗਈ ਕਿ ਜੇ ਤੁਸੀਂ ਆਪਣਾ ਪਹਿਲਾ ਪੈਸਾ ਵਾਪਸ ਲੈਣਾ ਹੈ, ਇਹ ਤੁਹਾਨੂੰ ਤਾਂ ਵਾਪਸ ਮਿਲੇਗਾ, ਜੇਕਰ ਤੁਸੀਂ ਲੋਕਾਂ ਉਤੇ ਇਕ ਹੋਰ ਟੈਕਸ ਲਗਾਉਗੇ। ਇਸ ਕਰਕੇ ਮੈਂ ਹਾਊਸ ਵਿਚ ਇਹ ਗੱਲ ਕਲੀਅਰ ਕਰਨਾ ਚਾਹੁੰਦਾ ਹਾਂ ਕਿ ਜੋ ਜਨੂਰਮ ਦੀਆਂ ਗਾਈਡ ਲਾਈਨਜ਼ ਹਨ, ਉਨ੍ਹਾਂ ਦਾ ਰੈਲੇਵੈਂਟ ਪੋਰਸ਼ਨ ਮੈਂ ਕੋਟ ਕਰਦਾ ਹਾਂ, ਜਿਹੜਾ ਆਦੇਸ਼ ਸੂਬਿਆਂ ਨੂੰ ਸਾਲ 2005 ਵਿਚ ਹੋਇਆ ਸੀ:

"Reform of Property Tax with GIS and arrangement for its effective implementation so as to raise collection efficiency to 85%"

ਇਹ ਕੇਂਦਰ ਸਰਕਾਰ ਦੀ ਸੈਂਟਰਲੀ ਸਪੋਂਸਰਡ ਸਕੀਮ ਹੈ, ਇਹ ਉਸ ਦੀਆਂ ਗਾਈਡਲਾਈਨਜ਼ ਹਨ। ਸਪੀਕਰ ਸਾਹਿਬ, ਦੂਜੀ ਗੱਲ ਜਿਹੜੀ ਮੈਂ ਤੁਹਾਡੇ ਧਿਆਨ ਵਿਚ ਲਿਆਉਣੀ ਚਾਹੁੰਦਾ ਹਾਂ, ਉਹ ਇਹ ਹੈ ਕਿ ਇਹ ਜਿਹੜਾ ਪੰਜਾਬ ਦੇ ਲੋਕਾਂ ਨੂੰ ਗੁੰਮਰਾਹ ਕਰ ਰਹੇ ਹਨ ਕਿ ਬਾਦਲ ਸਾਹਿਬ ਤੁਹਾਡੇ ਉਤੇ ਟੈਕਸ ਲਗਾ ਰਹੇ ਹਨ, ਇਹ ਮੇਰੇ ਕੋਲ 7 ਸਤੰਬਰ, 2006 ਦੀ ਚਿੱਠੀ ਹੈ ਜਿਹੜੀ ਉਸ ਵੇਲੇ ਦੇ ਪੰਜਾਬ ਦੇ ਮੁੱਖ ਸਕੱਤਰ ਜੋ ਹੁਣ ਸੇਵਾ ਮੁਕਤ ਹੋ ਗਏ ਹਨ ਤੇ ਉਹ ਬੜੇ ਵਿਦਵਾਨ ਹਨ, ਉਨ੍ਹਾਂ ਦੇ ਹੁਣ ਅਖਬਾਰਾਂ ਵਿੱਚ, ਖਾਸ ਕਰਕੇ ਹਿੰਦੁਸਤਾਨ ਟਾਈਮਜ਼ ਵਿਚ ਲੇਖ ਛਪਦੇ ਰਹਿੰਦੇ ਹਨ। ਸੇਵਾ ਮੁਕਤੀ ਤੋਂ ਬਾਅਦ ਉਨ੍ਹਾਂ ਨੂੰ ਪੰਜਾਬ ਦੀ ਬੜੀ ਚਿੰਤਾ ਲੱਗੀ ਹੈ, ਮੈਨੂੰ ਖੁਸ਼ੀ ਵੀ ਹੁੰਦੀ ਹੈ ਜਦੋਂ ਮੈਂ ਉਨ੍ਹਾਂ ਦੇ ਲੇਖ ਪੜ੍ਹਦਾ ਹਾਂ। ਇਹ ਉਨ੍ਹਾਂ ਦੀ ਚਿੱਠੀ ਲਿਖੀ ਹੋਈ ਹੈ। ਮੈਂ ਉਸ ਚਿੱਠੀ ਦਾ ਰੈਲੇਵੈਂਟ ਪੋਰਸ਼ਨ ਕੋਟ ਕਰਦਾ ਹਾਂ:

"The Government of Punjab would modify the existing rates of user charges of water supply and sewerage as well as put in place a new system of taxation of Municipal properties latest by

30th June 2007 in all the Municipalities specially those covered under JNNURM."

ਅੱਜ ਮਾਨਯੋਗ ਲੀਡਰ ਆਫ ਦਿ ਆਪੋਜ਼ੀਸ਼ਨ ਵੀ ਇਥੇ ਬੈਠੇ ਹਨ। ਮੈਂ, ਸਪੀਕਰ ਸਾਹਿਬ, ਤੁਹਾਡੇ ਰਾਹੀਂ ਉਨ੍ਹਾਂ ਨੂੰ ਪੁੱਛਣਾ ਚਾਹੁੰਦਾ ਹਾਂ ਕਿ 7 ਸਤੰਬਰ, 2006 ਵਿਚ ਪੰਜਾਬ ਦੇ ਵਿਚ ਕਿਹੜੀ ਸਰਕਾਰ ਸੀ? ਇਸ ਚਿੱਠੀ ਦੀ ਲਾਸਟ ਲਾਈਨ ਹੈ, ਉਹ ਵੀ ਧਿਆਨ ਦੇਣ ਵਾਲੀ ਹੈ। ਇਹ ਨਹੀਂ ਕਿ ਬਿਉਰੋਕਰੇਟ ਲੈਵਲ ਤੇ ਹੀ ਇਹ ਚਿੱਠੀ ਚਲੀ ਗਈ ਹੈ। ਲਾਸਟ ਲਾਈਨ ਵਿੱਚ ਲਿਖਿਆ ਗਿਆ ਹੈ ਕਿ "This issues with the approval of the Chief Minister." ਉਸ ਵਿੱਚ. ਲਿਖਿਆ ਗਿਆ ਹੈ ਕਿ ਇਹ ਪ੍ਰਾਪਰਟੀ ਟੈਕਸ ਅਸੀਂ ਪੰਜਾਬ ਦੇ ਵਿਚ ਲਗਾਵਾਂਗੇ। ਇਹ 7 ਸਤੰਬਰ, 2006 ਦੀ ਚਿੱਠੀ ਹੈ। ਉਸ ਵੇਲੇ ਪੰਜਾਬ ਵਿਚ ਮਾਨਯੋਗ ਕੈਪਟਨ ਅਮਰਿੰਦਰ ਸਿੰਘ ਜੀ ਮੁੱਖ ਮੰਤਰੀ ਸਨ ਜਿਹੜੇ ਕਿ ਇਸ ਸਮੇਂ ਵੀ ਹਾਊਸ ਦੇ ਮਾਨਯੋਗ ਸੀਨੀਅਰ ਮੈਂਬਰ ਹਨ। ਉਨ੍ਹਾਂ ਵੱਲੋਂ ਫਾਈਲ ਤੇ ਚਿੱਠੀ ਅਪਰੂਵ ਕਰਕੇ ਭੇਜੀ ਗਈ ਸੀ। ਇਹ ਸਰਕਾਰ ਦੇ ਰਿਕਾਰਡ ਉਤੇ ਮੌਜੂਦ ਹੈ। ਜੇਕਰ ਜਾਖੜ ਸਾਹਿਬ ਨੂੰ ਇਹ ਚਿੱਠੀ ਚਾਹੀਦੀ ਹੈ ਤਾਂ ਮੈਂ ਉਨ੍ਹਾਂ ਨੂੰ ਕਾਪੀ ਭਿਜਵਾ ਸਕਦਾ ਹਾਂ। ਜਦੋਂ ਅਸੀਂ ਜਾਣ ਤੋਂ ਪਹਿਲਾਂ ਕੁਮਿੱਟ ਕਰਕੇ ਗਏ ਹਾਂ ਅਤੇ ਦੇਸ਼ ਦੀ ਸਰਕਾਰ ਨੂੰ ਚਿੱਠੀ ਲਿਖ ਕੇ ਗਏ ਹਾਂ, ਫਿਰ ਅੱਜ ਸਾਨੂੰ ਕੀ ਹੱਕ ਹੈ ਕਿ ਅਸੀਂ ਇਹ ਕਹੀਏ ਕਿ ਸ਼੍ਰੋਮਣੀ ਅਕਾਲੀ ਅਤੇ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਆਈ ਹੈ ਅਤੇ ਇਨ੍ਹਾਂ ਵੱਲੋਂ ਪੰਜਾਬ ਦੇ ਲੋਕਾਂ ਉਤੇ ਪ੍ਰਾਪਰਟੀ ਟੈਕਸ ਦਾ ਬੋਝ ਪਾਇਆ ਜਾ ਰਿਹਾ ਹੈ। ਇਹ ਤਾਂ ਚੰਗਾ ਹੋਇਆ ਕਿ ਇਨ੍ਹਾਂ ਦੀ ਸਰਕਾਰ ਦੁਬਾਰਾ ਨਹੀਂ ਆਈ, ਨਹੀਂ ਤਾਂ ਇਹ ਬੋਝ ਸਾਲ 2007 ਵਿਚ, ਅੱਜ ਤੋਂ 6 ਸਾਲ ਪਹਿਲਾਂ ਹੀ ਪੰਜਾਬ ਦੇ ਲੋਕਾਂ ਉਤੇ ਪੈ ਜਾਣਾ ਸੀ ਅਤੇ ਕਈ ਗੁਣਾ ਵੱਧ ਪੈ ਜਾਣਾ ਸੀ। ਇਹ ਅੱਜ ਬੜਾ ਸੰਕੋਚ ਕਰਕੇ ਬਾਦਲ ਸਾਹਿਬ ਨੇ ਬਿੱਲ ਬਣਾਇਆ ਹੈ। ਦੂਜਾ, ਮਾਨਯੋਗ ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਦਿੱਲੀ ਵਿਚ ਵੀ ਇਨ੍ਹਾਂ ਦੀ ਸਰਕਾਰ ਹੈ। ਇਸ ਕਰਕੇ ਇਕੱਲਾ ਇਹ ਨਹੀਂ ਕਿ ਇਨ੍ਹਾਂ ਦੀ ਸਰਕਾਰ ਉਤੇ ਰੋਸ ਹੈ, ਇਹ ਮੇਰੇ ਕੋਲ ਪੂਰਾ ਥੱਬਾ ਚਿੱਠੀਆਂ ਦਾ ਪਿਆ ਹੈ। ਇਹ ਸਾਰੀਆਂ ਚਿੱਠੀਆਂ ਇੰਡੀਅਨ ਗੌਰਮਿੰਟ ਦੀ ਅਰਬਨ ਡਿਵੈਲਪਮੈਂਟ ਮਿਨਿਸਟਰੀ ਦੀਆਂ ਹਨ। ਉਹ ਹਰ ਮਹੀਨੇ-ਦੋ ਮਹੀਨੇ ਬਾਅਦ ਪੰਜਾਬ ਸਰਕਾਰ ਨੂੰ ਧਮਕੀ ਦਿੰਦੇ ਰਹਿੰਦੇ ਹਨ ਕਿ ਜਾਂ ਤਾਂ ਪ੍ਰਾਪਰਟੀ ਟੈਕਸ ਲਗਾਉ ਨਹੀਂ ਤਾਂ ਤੁਹਾਡੀ ਗਰਾਂਟ ਦੀ ਅਗਲੀ ਕਿਸ਼ਤ ਅਸੀਂ ਬੰਦ ਕਰ ਦੇਵਾਂਗੇ। ਜੇ ਮੈਂ ਇਹ ਚਿੱਠੀਆਂ ਪੜ੍ਹਾਂ ਤਾਂ ਕਾਫੀ ਸਮਾਂ ਲੱਗ ਜਾਵੇਗਾ । ਇਸ ਕਰਕੇ ਮੈਂ ਨਹੀਂ ਪੜ੍ਹਦਾ ।

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, ਇਨ੍ਹਾਂ ਨੂੰ ਕਿੰਨਾ ਟਾਈਮ ਦਿੱਤਾ ਹੈ। ਸਾਡੇ ਮੈਂਬਰਜ਼ ਨੇ ਵੀ ਬੋਲਣਾ ਹੈ। ਕੱਲ੍ਹ ਤਾਂ ਤੁਸੀਂ ਕਹਿ ਰਹੇ ਸੀ ਕਿ ਡਿਸਕਸ਼ਨ ਨਹੀਂ ਕਰ ਰਹੇ । .....(ਵਿਘਨ) ......

ਡਾਕਟਰ ਦਲਜੀਤ ਸਿੰਘ ਚੀਮਾ : ਤੁਹਾਡੀ ਗੱਲ ਤਾਂ ਮੈਂ ਕਰ ਦਿੱਤੀ ਹੈ। ਤੁਸੀਂ ਹੁਣ ਕੀ ਕਹਿਣਾ ਹੈ ।

ਮਾਨਯੋਗ ਸਪੀਕਰ : ਚੀਮਾ ਜੀ, ਹੁਣ ਤੁਸੀਂ ਵਾਈਂਡ ਅੱਪ ਕਰੋ। ਛੇ ਬਿਲ ਪਾਸ ਕਰਨੇ ਹਨ।

ਡਾਕਟਰ ਦਲਜੀਤ ਸਿੰਘ ਚੀਮਾ : ਇਸ ਵਿੱਚ ਫਾਇਨਾਂਸ ਕਮਿਸ਼ਨ ਦੀਆਂ ਚਿੱਠੀਆਂ ਹਨ। ਫਿਰ ਇਸ ਵਿੱਚ ਜ਼ਿਕਰ ਆਉਂਦਾ ਹੈ ਕਿ ਜੇ ਇਸ ਨੂੰ ਨਾ ਲਗਾਇਆ ਗਿਆ ਤਾਂ ਤੁਹਾਡੀ ਪਰਫਾਰਮੈਂਸ ਗਰਾਂਟ ਜਿਹੜੀ ਸਟੇਟ ਨੂੰ ਮਿਲਦੀ ਹੈ, ਉਹ ਬੰਦ ਕਰ ਦਿੱਤੀ ਜਾਵੇਗੀ ਐਂਰ ਮੈਂ ਤੁਹਾਡੀ ਜਾਣਕਾਰੀ ਲਈ ਦੱਸਣਾ ਚਾਹੁੰਦਾ ਹਾਂ ਕਿ ਇਕੱਲੀ ਧਮਕੀ ਹੀ ਨਹੀਂ ਮਿਲੀ, ਜਿਹੜੀ ਸੈਕਿੰਡ ਇਨਸਟਾਲਮੈਂਟ 134 ਕਰੋੜ ਰੁਪਏ ਦੀ ਸੀ, ਜੋ ਕਿ ਯੂ.ਆਈ.ਡੀ.ਐਸ.ਐਸ.ਐਮ.ਟੀ. (Urban Infrastructure Development Scheme for Small and Medium towns) ਅਧੀਨ ਮਿਲਣੀ ਸੀ, ਇਹ ਸਟਾਪ ਕਰ ਦਿੱਤੀ ਗਈ ਐਂਰ ਜਦੋਂ ਅਸੀਂ ਇਨਫਾਰਮ ਕੀਤਾ ਕਿ ਅਸੀਂ ਇਹ ਟੈਕਸ ਸ਼ੁਰੂ ਕਰਨ ਜਾ ਰਹੇ ਹਾਂ, ਉਦੋਂ ਜਾ ਕੇ 97 ਕਰੋੜ ਰੁਪਏ ਇਸ ਵਿੱਚੋਂ ਰਿਲੀਜ਼ ਹੋਏ। ਨਹੀਂ ਤਾਂ ਸਾਡੀ ਇਹ ਗਰਾਂਟ ਸਟਾਪ ਕਰ ਦਿੱਤੀ ਗਈ ਸੀ ਐਂਰ ਦੇਸ਼ ਦੇ ਫਾਇਨਾਂਸ ਕਮਿਸ਼ਨ ਨੇ 2011-12 ਐਂਰ 2012-13 ਦੀ ਜੋ ਪਰਫਾਰਮੈਂਸ ਗਰਾਂਟ ਸੀ, ਸਪੀਕਰ ਸਾਹਿਬ, ਉਹ ਮੈਂ ਤੁਹਾਡੇ ਰਾਹੀਂ ਲੀਡਰ ਆਫ ਦਿ ਆਪੋਜ਼ੀਸ਼ਨ ਨੂੰ ਦੱਸਣਾ ਚਾਹੁੰਦਾ ਹਾਂ ਕਿ ਉਹ ਵੀ ਬੰਦ ਕਰ ਦਿੱਤੀ ਸੀ। ਹੁਣ ਇਸ ਆਰਡੀਨੈਂਸ ਤੇ ਬਿਲ ਤੋਂ ਬਾਅਦ ਸਾਲ 2013-14 ਦੀ ਗਰਾਂਟ ਅਸੀਂ ਲੈਣ ਵਿੱਚ ਸਫਲ ਹੋਵਾਂਗੇ। ਮੈਂ ਹਾਊਸ ਨੂੰ ਇਹ ਗੱਲ ਸਪੱਸ਼ਟ ਕਰਨੀ ਚਾਹੁੰਦਾ ਹਾਂ ਕਿ ਦੋਹਰੀ ਨੀਤੀ ਨਹੀਂ ਹੋਣੀ ਚਾਹੀਦੀ। ਅਸੀਂ ਦੇਸ਼ ਦੀ ਸਰਕਾਰ ਨੂੰ ਆਪਣੀ ਸਰਕਾਰ ਵੇਲੇ ਕੁਮਿਟਮੈਂਟ ਵੀ ਦਿੱਤੀ। ਯੂ.ਪੀ.ਏ. ਦੀ ਸਰਕਾਰ ਦੇ ਚਿੱਠੀਆਂ ਦੇ ਢੇਰ ਸਾਡੇ ਕੋਲ ਲੱਗੇ ਹਨ। ਸਾਡੀਆਂ ਗਰਾਂਟਾਂ ਵੀ ਰੋਕੀਆਂ ਗਈਆਂ ਤੇ ਫਿਰ ਜੇ ਮਜਬੂਰੀ ਵੱਸ ਸਰਕਾਰ ਨੂੰ ਪ੍ਰਾਪਰਟੀ ਟੈਕਸ ਲਿਆਉਣਾ ਪਿਆ ਤਾਂ ਮੈਂ ਸਮਝਦਾ ਹਾਂ ਕਿ ਇਸ ਵਿੱਚ ਹੋਰ ਕੋਈ ਚਾਰਾ ਨਹੀਂ ਸੀ ।

ਮਾਨਯੋਗ ਸਪੀਕਰ : ਮੈਂ ਇਹ ਬਿਲ 12.30 ਵਜੇ ਖਤਮ ਕਰਨਾ ਹੈ। .....(ਵਿਘਨ)..... ਮੈਂ 12.30 ਵਜੇ ਇਹ ਬਿਲ ਪਾਸ ਕਰਵਾਉਣਾ ਹੈ। ਚੀਮਾ ਜੀ, ਮੈਂ 12.30 ਵਜੇ ਤੱਕ ਇਹ ਬਿਲ ਪਾਸ ਕਰਵਾਉਣਾ ਹੈ। ਆਪੋਜ਼ੀਸ਼ਨ ਦੇ ਮੈਂਬਰਜ਼ ਨੇ ਵੀ ਬੋਲਣਾ ਹੈ ।

ਡਾਕਟਰ ਦਲਜੀਤ ਸਿੰਘ ਚੀਮਾ : ਸਪੀਕਰ ਸਾਹਿਬ, ਮੈਂ ਮੋਟੀ ਮੋਟੀ ਗੱਲ ਹੀ ਬੋਲਣੀ ਹੈ। ਪਹਿਲੀ ਗੱਲ ਤਾਂ ਇਹ ਹੈ ਕਿ ਕਿੰਨੀਆਂ ਹੀ ਚੀਜ਼ਾਂ ਹਨ, ਜਿਨ੍ਹਾਂ ਤੇ ਟੈਕਸ ਨਹੀਂ ਲਗਾਇਆ ਗਿਆ। .....(ਵਿਘਨ)..... ਗਊਸ਼ਾਲਾ ਤੇ ਟੈਕਸ ਨਹੀਂ ਲਗਾਇਆ। ਐਨੀਮਲ ਕੇਅਰ ਸੈਂਟਰ ਤੇ ਟੈਕਸ ਨਹੀਂ ਲਗਾਇਆ ਗਿਆ। ਕੋਈ ਸਰਕਾਰੀ ਦਫਤਰ ਹੈ, ਕੋਈ ਕਾਰਪੋਰੇਸ਼ਨ ਦਾ ਦਫਤਰ ਹੈ, ਉਸ ਤੇ ਟੈਕਸ ਨਹੀਂ ਲਗਾਇਆ ਗਿਆ। ਕੋਈ ਸਰਕਾਰ ਦਾ ਸਕੂਲ ਹੈ ਜਾਂ ਏਡਿਡ ਸਕੂਲ ਹੈ ਜਾਂ ਪਾਰਕਿੰਗ ਪਲੇਸ ਹੈ ਜਾਂ ਐਗਰੀਕਲਚਰ ਜਾਂ ਹਾਰਟੀਕਲਚਰ ਲੈਂਡ ਹੈ, ਕਿੰਨੀਆਂ ਹੀ ਚੀਜ਼ਾਂ ਹਨ, ਮੈਂ ਸਾਹਮਣੇ ਬੈਠੇ ਵੀਰਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੂੰ ਸਰਕਾਰ ਨੇ ਪਹਿਲਾਂ ਹੀ ਟੈਕਸ ਤੋਂ ਬਹੁਤ ਵੱਡੀ ਛੋਟ ਦੇ ਦਿੱਤੀ ਹੈ। ਹੋਰ ਬਹੁਤ ਸਾਰੀਆਂ ਕੈਟਾਗਰੀਆਂ ਹਨ : ਜਿਵੇਂ ਫਰੀਡਮ ਫਾਈਟਰਜ਼ ਅਤੇ ਬੀ. ਪੀ.

ਐਲ. ਪਰਿਵਾਰਾਂ ਦਾ ਟੈਕਸ ਮੁਆਫ ਵੀ ਕੀਤਾ ਹੈ। ਵਿਡੋਜ਼ ਤੇ ਹੈਂਡੀਕੈਪਡ ਨੂੰ ਪੰਜ-ਪੰਜ ਰੁਪਏ ਦੀ ਰਿਲੈਕਸੇਸ਼ਨ ਦਿੱਤੀ ਹੈ। ਇਸ ਤਰ੍ਹਾਂ ਸਾਰੇ ਕੰਮ ਵਿੱਚ ਪੂਰੀ ਟਰਾਂਸਪੇਰੈਂਸੀ ਹੈ।ਮਾਨਯੋਗ ਸਪੀਕਰ ਸਾਹਿਬ, ਲੋਕਾਂ ਨੂੰ ਅਸੈਸਮੈਂਟ ਦਾ ਅਧਿਕਾਰ ਵੀ ਇਸ ਬਿਲ ਵਿੱਚ ਸਰਕਾਰ ਨੇ ਆਪ ਦਿੱਤਾ ਹੈ। ਨਾਲ ਦੀ ਨਾਲ ਜੋ ਆਨੈਸਟ ਪ੍ਰਾਪਰਟੀ ਟੈਕਸ ਪੇਅਰ ਹਨ, ਉਨ੍ਹਾਂ ਨੂੰ 10% ਦੀ ਰਿਬੇਟ ਵੀ ਦਿੱਤੀ ਗਈ ਹੈ ਕਿ ਜਿਹੜੇ 30 ਨਵੰਬਰ ਤੋਂ ਪਹਿਲਾਂ ਟੈਕਸ ਜਮ੍ਹਾਂ ਕਰਵਾਉਣਗੇ, ਉਨ੍ਹਾਂ ਨੂੰ ਰਿਬੇਟ ਵੀ ਦਿੱਤੀ ਜਾਵੇਗੀ। ਇਸ ਵਾਸਤੇ ਮੈਂ ਮਾਨਯੋਗ ਮੁੱਖ ਮੰਤਰੀ ਸਾਹਿਬ ਤੇ ਸਥਾਨਕ ਸਰਕਾਰਾਂ ਬਾਰੇ ਮੰਤਰੀ ਸਾਹਿਬ ਦਾ ਉਚੇਚੇ ਤੌਰ ਤੇ ਧੰਨਵਾਦ ਵੀ ਕਰਦਾ ਹਾਂ। ਇਸ ਤੋਂ ਇਲਾਵਾ ਜਿੱਥੇ ਟੈਕਸ ਲਗਾਇਆ ਵੀ ਹੈ, ਉਸ ਵਿੱਚ ਕਮਰਸ਼ੀਅਲ ਬਿਲਡਿੰਗਜ਼ ਤੇ ਹਾਊਸ ਟੈਕਸ 15% ਦੇ ਹਿਸਾਬ ਨਾਲ ਲਗਦਾ ਸੀ, ਅੱਜ ਉਹ 10% ਕੀਤਾ ਗਿਆ ਹੈ। ਰੈਜ਼ੀਡੈਂਸ਼ੀਅਲ ਏਰੀਏ ਦਾ ਪਹਿਲਾਂ 10% ਹੁੰਦਾ ਸੀ, ਉਹ ਹੁਣ ਘਟਾ ਕੇ ਸਾਢੇ ਸੱਤ ਪਰਸੈਂਟ ਕਰ ਦਿੱਤਾ ਗਿਆ। ਇਸੇ ਤਰ੍ਹਾਂ ਨਾਨ ਰੈਜ਼ੀਡੈਂਸ਼ੀਅਲ ਬਿਲਡਿੰਗ ਦਾ 15% ਐਨੂਅਲ ਵੈਲਿਊ ਦੇ ਹਿਸਾਬ ਨਾਲ ਟੈਕਸ ਲਿਆ ਜਾਂਦਾ ਸੀ, ਇਸ ਨੂੰ ਮਾਨਯੋਗ ਸਪੀਕਰ ਸਾਹਿਬ, 10% ਤੇ ਲਿਆਂਦਾ ਹੈ। ਇੰਡਸਟਰੀਜ਼ ਵਾਸਤੇ ਡੇਢ ਪਰਸੈਂਟ ਐਨੂਅਲ ਵੈਲਿਊਜ਼ ਦੇ ਹਿਸਾਬ ਨਾਲ ਲਿਆ ਜਾਵੇਗਾ ਤੇ ਖਾਲੀ ਪਲਾਟਾਂ ਤੇ 0.20% ਲਿਆ ਜਾਵੇਗਾ। ਭਾਵੇਂ ਇਸ ਦੇ ਖਿਲਾਫ ਬੜਾ ਵੱਡਾ ਰੌਲਾ ਪਾਇਆ ਜਾ ਰਿਹਾ ਹੈ, ਉਹ ਮੈਂ ਸਮਝਦਾ ਹਾਂ ਕਿ ਮਜਬੂਰੀ ਵੀ ਹੈ ਕਿਉਂਕਿ ਪਾਰਲੀਮੈਂਟ ਦੀਆਂ ਇਲੈਕਸ਼ਨਾਂ ਹਨ ਔਰ ਇਸ ਗੱਲੋਂ ਵੀ ਸਾਡੇ ਵਿਰੋਧੀ ਸੁਚੇਤ ਹਨ ਕਿ ਅਸਲੀ ਗੱਲ ਲੋਕਾਂ ਤੱਕ ਨਾ ਪਹੁੰਚੇ ਇਸ ਕਰਕੇ ਉਨ੍ਹਾਂ ਨੇ ਲੋਕਾਂ ਨੂੰ ਗੁੰਮਰਾਹ ਕਰਨ ਲਈ ਐਡਵਾਂਸ ਹੀ ਰੌਲਾ ਪਾਉਣਾ ਸ਼ੁਰੂ ਕਰ ਦਿੱਤਾ। ਲੋਕਾਂ ਨੂੰ ਇਥੋਂ ਤੱਕ ਵੀ ਕਹਿਣਾ ਸ਼ੁਰੂ ਕਰ ਦਿੱਤਾ ਕਿ ਤੁਸੀਂ ਇਸ ਟੈਕਸ ਦਾ ਬਾਈਕਾਟ ਕਰੋ, ਇਹ ਟੈਕਸ ਨਾ ਦਿਓ। ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਪੁੱਛਣਾ ਚਾਹੁੰਦਾ ਹਾਂ ਕਿ ਕਿਸ ਮੂੰਹ ਦੇ ਨਾਲ ਅਸੀਂ ਆਪ ਕੁਮਿਟ ਕਰਕੇ ਅੱਜ ਲੋਕਾਂ ਨੂੰ ਇਹ ਕਹਿ ਰਹੇ ਹਾਂ ਕਿ ਤੁਸੀਂ ਇਸ ਟੈਕਸ ਦਾ ਬਾਈਕਾਟ ਕਰੋ ਕਿਉਂਕਿ ਰਾਜਨੀਤੀ ਵਿੱਚ ਉੱਨੀ ਇੱਕੀ ਚਲਦਾ ਹੈ ਪਰ ਕਿਤੇ ਤਾਂ ਕੰਮ ਵਾਸਤੇ ਇਮਾਨਦਾਰੀ ਹੋਣੀ ਚਾਹੀਦੀ ਹੈ ਕਿ ਆਪ ਤੁਸੀਂ ਸਟੇਟ ਦੀ ਟੈਕਸ ਦੀ ਪਰਪੋਜ਼ਲ ਬਣਾ ਕੇ ਜਾਣ ਤੋਂ ਪਹਿਲਾਂ ਕੁਮਿਟ ਕਰਕੇ ਗਏ। ਦਿੱਲੀ ਦੇ ਵਿੱਚ ਤੁਹਾਡੀ ਬੈਠੀ ਹੋਈ ਸਰਕਾਰ ਸੂਬੇ ਦੀ ਸਰਕਾਰ ਨੂੰ ਕੰਪੈਲ ਕਰ ਰਹੀ ਹੈ, ਗਰਾਂਟਾਂ ਰੋਕ ਰਹੀ ਹੈ ਅਤੇ ਤੁਸੀਂ ਲੋਕਾਂ ਦੇ ਵਿੱਚ ਜਾ ਕੇ ਇਹ ਪ੍ਰਚਾਰ ਕਰ ਰਹੇ ਹੋ ਕਿ ਇਹ ਜਿਹੜਾ ਟੈਕਸ ਹੈ, ਇਸ ਦਾ ਬਾਈਕਾਟ ਹੋਣਾ ਚਾਹੀਦਾ ਹੈ ਅਤੇ ਸਰਕਾਰ ਪੰਜਾਬ ਤੇ ਬਹੁਤ ਵੱਡਾ ਅਨਰਥ ਕਰ ਰਹੀ ਹੈ। ਇਸ ਲਈ ਮੈਂ, ਮਾਨਯੋਗ ਸਪੀਕਰ ਸਾਹਿਬ, ਮੁੱਖ ਮੰਤਰੀ ਸਾਹਿਬ ਦਾ ਫਿਰ ਧੰਨਵਾਦ ਕਰਦਾ ਹਾਂ ਕਿ ਭਾਵੇਂ ਮਜਬੂਰੀ ਦੇ ਵੱਸ ਉਨ੍ਹਾਂ ਨੂੰ ਮਾਮੂਲੀ ਟੈਕਸ ਲਗਾਉਣਾ ਪਿਆ ਲੇਕਿਨ ਲੋਕਾਂ ਦੀ ਨਬਜ਼ ਨੂੰ ਪਛਾਣਦਿਆਂ ਹੋਇਆਂ, ਪੰਜਾਬ ਨੂੰ ਅੱਗੇ ਲਿਜਾਣ ਵਾਸਤੇ, ਜਿਹੜੀਆਂ ਸਾਡੀ ਡਿਵੈਲਪਮੈਂਟ ਨੂੰ ਰੋਕਣ ਵਾਸਤੇ ਸਾਜਿਸ਼ਾਂ ਰਚੀਆਂ ਜਾ ਰਹੀਆਂ ਸਨ, ਉਨ੍ਹਾਂ ਨੂੰ ਰੋਕਣ ਵਾਸਤੇ ਇਹ ਬਿੱਲ ਲਿਆਂਦਾ ਹੈ। ਇਹ ਸ਼ਹਿਰੀਆਂ ਤੇ ਬਹੁਤ ਮਾਮੂਲੀ ਬੋਝ ਪਾਵੇਗਾ। ਮੈਂ ਸਮਝਦਾ ਹਾਂ ਕਿ ਇਸ ਨਾਲ ਸਾਡੇ ਸ਼ਹਿਰਾਂ ਦਾ ਵਿਕਾਸ ਬਹੁਤ ਚੰਗੇ ਤਰੀਕੇ ਦੇ ਨਾਲ ਹੋਏਗਾ। ਮੈਂ ਵਿਰੋਧੀ ਵੀਰਾਂ ਨੂੰ ਵੀ ਬੇਨਤੀ ਕਰਦਾ ਹਾਂ ਕਿ ਇਹ ਤੁਸੀਂ ਆਪ ਹੀ ਕੀਤਾ ਹੋਇਆ

[ਡਾਕਟਰ ਦਲਜੀਤ ਸਿੰਘ ਚੀਮਾ]

ਹੈ, ਐਵੇਂ ਰਸਮੀ ਤੁਸੀਂ ਵਿਰੋਧ ਕਰਨਾ ਹੈ ਤਾਂ ਕਰ ਲਵੋ ਪਰ ਇਹ ਸਰਬਸੰਮਤੀ ਦੇ ਨਾਲ ਪਾਸ ਹੋਣਾ ਚਾਹੀਦਾ ਹੈ। ਇਹ ਕੰਮ ਤੁਹਾਡਾ ਸੀ, ਅੱਜ ਅਸੀਂ ਇਧਰ ਬੈਠੇ ਕਰ ਰਹੇ ਹਾਂ। ਇਸ ਲਈ ਤੁਹਾਡੀ ਕੁਮਿਟਮੈਂਟ ਨੂੰ ਮੁੱਖ ਮੰਤਰੀ ਸਾਹਿਬ ਪੂਰਾ ਕਰ ਰਹੇ ਹਨ। ਮੈਂ ਸਾਰਿਆਂ ਨੂੰ ਬੇਨਤੀ ਕਰਦਾ ਹਾਂ ਕਿ ਸਰਬਸੰਮਤੀ ਦੇ ਨਾਲ ਇਸ ਨੂੰ ਪਾਸ ਕਰਨਾ ਚਾਹੀਦਾ ਹੈ। ਇਸ ਦੇ ਨਾਲ ਹੀ ਮੈਂ ਇਸ ਬਿਲ ਦਾ ਸਮਰਥਨ ਕਰਦਾ ਹਾਂ। (ਥੰਪਿੰਗ)

ਮਾਨਯੋਗ ਸਪੀਕਰ : ਸਰਦਾਰ ਬਲਬੀਰ ਸਿੰਘ ਸਿੱਧੂ ਜੀ। Only for five minutes.

ਸਰਦਾਰ ਬਲਬੀਰ ਸਿੰਘ ਸਿੱਧੂ : ਹਾਂ ਜੀ ?

ਮਾਨਯੋਗ ਸਪੀਕਰ : ਪੰਜ ਮਿੰਟ ਸਿਰਫ।

ਸਰਦਾਰ ਬਲਬੀਰ ਸਿੰਘ ਸਿੱਧੂ : ਮੁਆਫ ਕਰ ਦਿਓ, ਮੈਂ ਬਹਿ ਹੀ ਜਾਂਦਾ ਹਾਂ ...(ਹਾਸਾ)

ਮਾਨਯੋਗ ਸਪੀਕਰ : ਮੈਂ 6 ਬਿੱਲ ਪਾਸ ਕਰਵਾਉਣੇ ਹਨ। ਫਿਰ ਮੈਂ ਰੇਤਾ ਬਜਰੀ ਅਤੇ ਮਹਿੰਗਾਈ ਦੇ ਦੋ ਮਤੇ ਲੈਣੇ ਹਨ।

ਸਰਦਾਰ ਬਲਬੀਰ ਸਿੰਘ ਸਿੱਧੂ (ਐਸ.ਏ.ਐਸ. ਨਗਰ) : ਕੋਈ ਗੱਲ ਨਹੀਂ ਜੀ ਅਸੀਂ ਸ਼ਾਮ ਤੱਕ ਬੈਠਾਂਗੇ। ਸਭ ਤੋਂ ਪਹਿਲਾਂ ਤਾਂ ਮੈਂ ਕਹਿਣਾ ਚਾਹੁੰਦਾ ਹਾਂ ਕਿ ਕੱਲ੍ਹ ਸਾਡੇ ਮਾਨਯੋਗ ਡਿਪਟੀ ਸੀ.ਐਮ. ਸਾਹਿਬ ਨੇ ਇੱਕ ਕੁਮੈਂਟ ਦਿੱਤਾ ਸੀ ਕਿ ਇਹ ਸੈਂਟਰ ਗੌਰਮਿੰਟ ਦਾ ਲਗਾਇਆ ਹੋਇਆ ਟੈਕਸ ਹੈ।

ਮਾਨਯੋਗ ਸਪੀਕਰ : ਤੁਸੀਂ ਬਿੱਲ ਤੇ ਆਓ।

Shri Sunil Jakhar : This is to be impartial, Sir. He went from America and all around the world, ਉਸ ਨੂੰ ਬੋਲਣ ਦਿਓ, ਸਰ।

ਸਰਦਾਰ ਬਲਬੀਰ ਸਿੰਘ ਸਿੱਧੂ : ਮੈਂ ਕਹਿਣਾ ਚਾਹੁੰਦਾ ਹਾਂ ਕਿ ਠੀਕ ਹੈ ਕਿ ਸੈਂਟਰਲ ਗੌਰਮਿੰਟ ਨੇ ਕਿਹਾ ਹੈ ਪਰ ਜਿਹੜਾ ਮੈਰਿਜ ਪੈਲੇਸਾਂ ਤੇ ਟੈਕਸ ਲੱਗਿਆ ਹੈ ਜਾਂ ਐਡਵਾਂਸ ਟੈਕਸ ਹੈ, ਕੀ ਇਹ ਵੀ ਸੈਂਟਰਲ ਗੌਰਮਿੰਟ ਦੇ ਫੈਸਲੇ ਹਨ? ....(ਵਿਘਨ).... (ਸ਼ੋਰ)..... ਸੁਣ ਲਓ, ਸੁਣ ਲਓ। ਮੈਂ ਗੱਲ ਉਹ ਵੀ ਕਰਦਾ ਹਾਂ। ਸਰ, ਜੋ ਪੰਜਾਬ ਸਰਕਾਰ ਵੱਲੋਂ 25 ਸਤੰਬਰ, 2013 ਨੂੰ ਪਰਾਪਰਟੀ ਟੈਕਸ ਸੰਬਧੀ ਆਰਡੀਨੈਂਸ ਜਾਰੀ ਕੀਤਾ ਗਿਆ ਹੈ, ਇਹ ਸਰਕਾਰ ਦਾ ਕਾਹਲੀ ਵਿੱਚ ਅਤੇ ਬਗੈਰ ਸੋਚੇ ਸਮਝੇ ਲਿਆ ਗਿਆ ਫੈਸਲਾ ਹੈ, ਜਿਸ ਨਾਲ ਸਮੁੱਚੇ ਪੰਜਾਬ ਦੇ ਲੋਕ ਤਰਾਹ ਤਰਾਹ ਕਰ ਰਹੇ ਹਨ। ਲੋਕ ਸਰਕਾਰ ਦੇ ਔਰੰਗਜ਼ੇਬੀ ਫੁਰਮਾਨ ਦੇ ਖਿਲਾਫ ਧਰਨੇ-ਮੁਜ਼ਾਹਰੇ ਕਰਨ ਲਈ ਮਜਬੂਰ ਹਨ। ਈਵਨ 80-80 ਸਾਲ ਦੇ ਬਜ਼ੁਰਗ, ਪਰਸੋਂ ਮੁਹਾਲੀ ਦੀ ਤੁਸੀਂ ਅਖਬਾਰਾਂ ਦੀ ਸਾਰੀ

ਕਵਰੇਜ਼ ਮੰਗਵਾ ਲਓ ਕਿ ਉਨ੍ਹਾਂ ਸਾਰਿਆਂ ਨੇ ਪਾਰਟ ਪਲੇਅ ਕੀਤਾ ਹੈ ਅਤੇ 15 ਕਿਲੋਮੀਟਰ ਸ਼ਹਿਰ ਦੇ ਵਿੱਚ ਪੈਦਲ ਚੱਲ ਕੇ ਗਏ ਹਨ।

ਮਾਨਯੋਗ ਸਪੀਕਰ : ਕੀ ਇਸ ਦਾ ਇਸ ਨਾਲ ਸਬੰਧ ਹੈ ?

ਸਰਦਾਰ ਬਲਬੀਰ ਸਿੰਘ ਸਿੱਧੂ : ਸਰਕਾਰ ਨੇ ਪ੍ਰਾਪਰਟੀ ਟੈਕਸ ਰਾਹੀਂ ਜਜ਼ੀਏ ਵਰਗਾ ਟੈਕਸ ਲਗਾ ਕੇ ਬਹੁਤ ਵੱਡਾ ਲੋਕਤੰਤਰ ਦਾ ਘਾਣ ਕੀਤਾ ਹੈ ਅਤੇ ਲੋਕ ਅੱਜ ਲੁੱਟੇ ਲੁੱਟੇ ਮਹਿਸੂਸ ਕਰ ਰਹੇ ਹਨ। ਪਹਿਲੀ ਗੱਲ ਤਾਂ ਸਰਕਾਰ ਨੂੰ ਇੰਨੀ ਜਲਦਬਾਜ਼ੀ ਕੀ ਸੀ ਅਤੇ ਸਰਕਾਰ ਨੇ ਇਸ ਆਰਡੀਨੈਂਸ ਨੂੰ ਜਾਰੀ ਕਰਨ ਤੋਂ ਪਹਿਲਾਂ ਵਿਧਾਨ ਸਭਾ ਦੇ ਵਿੱਚ ਬਹਿਸ ਕਰਵਾਉਣੀ ਵੀ ਜ਼ਰੂਰੀ ਨਾ ਸਮਝੀ। ਚੰਗਾ ਹੁੰਦਾ ਕਿ ਇਸ ਬਿੱਲ ਤੇ ਵਿਧਾਨ ਸਭਾ ਦੇ ਵਿੱਚ ਬਹਿਸ ਹੁੰਦੀ ਅਤੇ ਸਾਰੇ ਮਾਨਯੋਗ ਮੈਂਬਰ ਆਪਣੇ ਚੰਗੇ ਸੁਝਾਅ ਦਿੰਦੇ ਪਰ ਸਰਕਾਰ ਦੀ ਕੀ ਮਜਬੂਰੀ ਸੀ..

ਮਾਨਯੋਗ ਸਪੀਕਰ : ਹੁਣ ਦੇ ਦਿਉ ਸੁਝਾਅ, ਆਪਾਂ ਨੂੰ ਹੁਣ ਦੇਣ ਵਿਚ ਕੀ ਹਰਜ ਹੈ..

ਸਰਦਾਰ ਬਲਬੀਰ ਸਿੰਘ ਸਿੱਧੂ : ਨਹੀਂ ਸਰ, ਮੈਨੂੰ ਤੁਸੀਂ ਗੱਲ ਕਰਨ ਦਿਉ। ਮੈਨੂੰ ਡਿਸਟਰਬ ਕਰ ਰਹੇ ਹੋ ਤੇ ਉਨ੍ਹਾਂ ਵੇਲੇ ਬੋਲਿਆ ਨਹੀਂ ਗਿਆ...

ਮਾਨਯੋਗ ਸਪੀਕਰ : ਮੈਂ ਤਾਂ ਉਨ੍ਹਾਂ ਨੂੰ ਵੀ ਬਿਠਾ ਦਿੱਤਾ ..

ਸਰਦਾਰ ਬਲਬੀਰ ਸਿੰਘ ਸਿੱਧੂ : ਸਰ, ਮੈਂ ਪੰਜ ਮਿੰਟ ਲੈਣੇ ਹਨ ਤੇ ਇੰਨੇ ਵਿਚ ਸਾਰੀ ਗੱਲ ਕਰ ਲਵਾਂਗਾ। ਵਿਧਾਨ ਸਭਾ ਵਿਚ ਬਹਿਸ ਹੁੰਦੀ, ਉਸ ਤੋਂ ਬਾਅਦ ਇਹ ਪਾਸ ਹੁੰਦਾ ਜਾਂ ਰੱਦ ਹੁੰਦਾ ਇਸ ਬਾਰੇ ਤਾਂ ਇਹ ਵਿਧਾਨ ਸਭਾ, ਇਹ ਹਾਊਸ ਫੈਸਲਾ ਕਰਦਾ ਲੇਕਿਨ ਸਰਕਾਰ ਨੇ ਇਥੇ ਤਾਨਾਸ਼ਾਹੀ ਤੇ ਲੋਕ ਵਿਰੋਧੀ ਹੋਣ ਦਾ ਸਬੂਤ ਦਿੱਤਾ ਹੈ। ਇਹ ਇਸ ਨੂੰ ਮੰਨਣ ਜਾਂ ਨਾ ਮੰਨਣ ਕਿਉਂਕਿ ਸਰਕਾਰ ਨੇ ਜੋ ਆਰਡੀਨੈਂਸ 25 ਸਤੰਬਰ ਨੂੰ ਜਾਰੀ ਕੀਤਾ ਸੀ, ਉਸ ਵਿਚ ਲੋਕਾਂ ਤੋਂ 25 ਅਕਤੂਬਰ ਤੱਕ ਸੁਝਾਅ ਮੰਗੇ ਸਨ ਕਿ ਤੁਸੀਂ ਆਪਣੇ ਸਾਰੇ ਸੁਝਾਅ, ਇਤਰਾਜ਼ ਦੇ ਦਿਉ ਕਿ ਇਹ ਟੈਕਸ ਲਗਣਾ ਚਾਹੀਦਾ ਹੈ ਜਾਂ ਨਹੀਂ ਲਗਣਾ ਚਾਹੀਦਾ ਪਰ ਸਰਕਾਰ ਨੇ 25 ਅਕਤੂਬਰ ਦੀ ਵੇਟ ਕਰਨ ਦੀ ਬਜਾਏ ਇਸ ਟੈਕਸ ਦਾ ਸ਼ਡਿਊਲ ਜਾਰੀ ਕਰ ਦਿੱਤਾ ਔਰ ਬਕਾਇਦਾ ਡੇਟਾਂ ਤੈਅ ਕਰ ਦਿੱਤੀਆਂ। ਅੱਜ ਤੱਕ ਕੋਈ ਵੀ ਸਰਕਾਰ ਜੇ ਟੈਕਸ ਲਗਾਉਂਦੀ ਹੈ ਤਾਂ ਉਹ ਫਾਈਨਾਂਸ਼ੀਅਲ ਯੀਅਰ ਕੰਪਲੀਟ ਕਰਨ ਤੋਂ ਬਾਅਦ ਪੇਅ ਕਰਨਯੋਗ ਹੁੰਦਾ ਹੈ। ਇਹ ਨਹੀਂ ਕਿ ਤੁਸੀਂ ਅੱਜ ਲਗਾ ਦਿਉ, ਉਸ ਨੂੰ ਪੈਨੇਲਿਟੀ ਵੀ ਲਗਾ ਦਿਉ, ਵਿਆਜ ਵੀ ਲਗਾ ਦਿਉ, ਸਭ ਕੁਝ ਲਗਾ ਦਿਉ, ਬਕਾਇਦਾ 31 ਮਾਰਚ ਤੋਂ 30 ਅਪ੍ਰੈਲ ਤੱਕ ਦਾ ਉਹ ਸਮਾਂ ਹੁੰਦਾ ਹੈ। ਸਰਕਾਰ ਨੇ ਉਹ ਸਾਰੀਆਂ ਸ਼ਰਤਾਂ ਵੀ ਤੈਅ ਕਰ ਦਿੱਤੀਆਂ । ਦੂਸਰੀ ਗੱਲ...

ਸਥਾਨਕ ਸਰਕਾਰ, ਡਾਕਟਰੀ ਸਿੱਖਿਆ ਤੇ ਖੋਜ ਮੰਤਰੀ (ਸ਼੍ਰੀ ਅਨਿਲ ਜੋਸ਼ੀ) : ਸਪੀਕਰ ਸਾਹਿਬ..,

ਸਰਦਾਰ ਬਲਬੀਰ ਸਿੰਘ ਸਿੱਧੂ : ਇਕ ਮਿੰਟ ਯਾਰ, ਗੱਲ ਸੁਣ। ਕਿਸੇ ਵੀ ਚੀਜ਼ ਉਤੇ ਡਬਲ ਟੈਕਸ ਨਹੀਂ ਲੱਗ ਸਕਦਾ। ਇਸ ਲਈ ਜਿਹੜੀ ਪ੍ਰਾਪਰਟੀ ਰੈਂਟ ਆਊਟ ਕੀਤੀ ਹੈ, ਉਸ ਵਿਚ ਅਸੀਂ ਆਲਰੇਡੀ ਪ੍ਰਾਪਰਟੀ ਵਿਚ ਆਪਣਾ ਕੈਪੀਟਲ ਗੇਨ, ਇਨਕਮ ਟੈਕਸ ਦੇ ਤੌਰ ਤੇ ਬਹੁਤ ਸਾਰੇ ਟੈਕਸ ਸਰਕਾਰ ਨੂੰ ਪੇਅ ਕੀਤੇ ਹੋਏ ਹਨ। ਬਹੁਤ ਸਾਰੀਆਂ ਜੱਜਮੈਂਟਾਂ ਹਾਈ ਕੋਰਟ ਦੀਆਂ, ਸੁਪਰੀਮ ਕੋਰਟ ਦੀਆਂ ਆ ਚੁੱਕੀਆਂ ਹਨ, ਉਨ੍ਹਾਂ ਨੂੰ ਤੁਸੀਂ ਕਿਸੇ ਨੇ ਵਿਚਾਰਿਆ ਨਹੀਂ। ਤੁਸੀਂ ਆਪਣੀ ਜੇਬ ਭਰਨ ਦੀ ਖਾਤਰ ਸਾਰਾ ਕੁਝ ਸ਼ੁਰੂ ਕਰ ਲਿਆ ਹੈ। ਦੂਜੀ ਗੱਲ, ਜੋ ਸਰਕਾਰ ਨੇ ਟੈਕਸ ਇੰਪੋਜ਼ ਕੀਤਾ ਹੈ, ਉਹ ਕੁਲੈਕਟਰ ਰੇਟ ਨੂੰ ਬੇਸ ਬਣਾ ਕੇ ਕੀਤਾ ਹੈ। ਕੁਲੈਕਟਰ ਰੇਟ ਬਾਰੇ ਮੈਨੂੰ ਤਾਂ ਸਮਝ ਨਹੀਂ ਆਉਂਦੀ ਕਿ ਕੁਲੈਕਟਰ ਰੇਟ ਕਿਵੇਂ ਕਰ ਲਿਆ। ਅਸੀਂ ਕੋਈ ਚੀਜ਼ ਵੇਚਦੇ ਹਾਂ ਤਾਂ ਉਦੋਂ ਕੁਲੈਕਟਰ ਰੇਟ ਲਾਗੂ ਹੁੰਦਾ ਹੈ। ਇਕ ਘਰ ਚਾਹੇ ਉਹ 20 ਕਰੋੜ ਰੁਪਏ ਦਾ ਹੋ ਜਾਵੇ ਪਰ ਮੇਰੇ ਲਈ ਉਹ ਘਰ ਹੈ ਕਿਉਂਕਿ ਮੈਨੂੰ ਉਹ ਅਲਾਟ ਹੋਇਆ ਸੀ। ਜ਼ਿਮੀਂਦਾਰ ਦੀ ਜ਼ਮੀਨ ਮੋਹਾਲੀ ਵਿਚ 78/- ਰੁਪਏ ਪ੍ਰਤੀ ਗਜ਼ ਨਾਲ ਐਕੁਆਇਰ ਕੀਤੀ ਗਈ ਸੀ ਪਰ 3200/- ਰੁਪਏ ਪ੍ਰਤੀ ਸੁਕੇਅਰ ਯਾਰਡ ਦੇ ਹਿਸਾਬ ਨਾਲ ਅਲਾਟਮੈਂਟ ਕੀਤੀ ਗਈ। ਸਾਲ 2009 ਦੀ ਇਕ ਆਪਣੀ ਸਰਕਾਰ ਤੋਂ ਆਰ.ਟੀ.ਆਈ. ਤਹਿਤ ਲਈ ਹੋਈ ਇਨਫਰਮੇਸ਼ਨ ਮੇਰੇ ਪਾਸ ਇਸ ਵੇਲੇ ਪਈ ਹੈ, ਉਸ ਵਿਚ ਸਰਕਾਰ ਨੇ ਕਿਹਾ ਹੈ ਕਿ ਅਸੀਂ 1200/- ਰੁਪਿਆ ਲੈਂਡ ਦੀ ਖਾਤਰ ਲਿਆ ਹੈ ਔਰ 2000/- ਰੁਪਏ ਹਰ ਤਰ੍ਹਾਂ ਦੇ ਡਿਵੈਲਪਮੈਂਟ ਦੇ ਚਾਰਜਿਜ਼ ਉਸ ਵਿਚ ਲਏ ਹਨ ਜਿਸ ਵਿਚ ਏਅਰਪੋਰਟ ਦਾ ਹੋ ਗਿਆ, ਰੇਲ ਦਾ ਹੋ ਗਿਆ, ਪਾਰਕਾਂ ਦਾ ਹੋ ਗਿਆ, ਪੁਲ-ਸੜਕਾਂ ਦਾ ਹੋ ਗਿਆ, ਹਰ ਚੀਜ਼ ਦਾ, ਸਕੂਲਾਂ, ਕਾਲਜਾਂ ਆਦਿ ਦਾ ਅਸੀਂ ਆਲਰੇਡੀ ਪੇਅ ਕਰ ਚੁੱਕੇ ਹਾਂ ਤਾਂ ਫਿਰ ਸਰਕਾਰ ਦਾ ਇਹ ਜਜ਼ੀਆ ਕਾਹਦੇ ਵਾਸਤੇ ਹੈ? ਇਸ ਲਈ ਸਰਕਾਰ ਨੇ ਜੋ ਕੁਲੈਕਟਰ ਰੇਟ ਤੈਅ ਕੀਤਾ ਹੈ, ਅੱਜ ਮੁਹਾਲੀ ਵਿਚ 24000/- ਰੁਪਏ ਪ੍ਰਤੀ ਗਜ਼ ਦੇ ਹਿਸਾਬ ਨਾਲ ਕੀਤਾ ਗਿਆ ਹੈ.....

Mr. Speaker : Please wind up.

ਸਰਦਾਰ ਬਲਬੀਰ ਸਿੰਘ ਸਿੱਧੂ : ਮੈਂ ਐਗਜ਼ਾਂਪਲ ਦੇ ਤੌਰ ਤੇ ਗੱਲ ਕਰਨੀ ਚਾਹੁੰਦਾ ਹਾਂ ਕਿ ਜਿਹੜੇ ਅਕਾਲੀ ਵੀਰ ਹਨ, ਉਨ੍ਹਾਂ ਵਿਚੋਂ ਬਹੁਤ ਸਾਰਿਆਂ ਦੀਆਂ ਮੁਹਾਲੀ ਵਿਖੇ ਕੋਠੀਆਂ ਹਨ।...

Mr. Speaker : Your time is over.

ਸਰਦਾਰ ਬਲਬੀਰ ਸਿੰਘ ਸਿੱਧੂ : ਸਰ, ਦੂਸਰੀ ਗੱਲ ਇਹ ਹੈ ਕਿ ਜਦੋਂ ਬੰਦਾ ਮਕਾਨ ਵੇਚਦਾ ਹੈ ਤਾਂ ਸਰਕਾਰ ਨੂੰ ਸਾਰੇ ਟੈਕਸ, ਸਟੈਂਪ ਡਿਊਟੀ ਹਰ ਚੀਜ਼ ਦਿੰਦਾ ਹੈ ਪਰ ਜਿੰਨੀ ਦੇਰ ਤੱਕ ਉਸ ਮਕਾਨ ਦੀ ਉਸ ਨੂੰ ਖੁਦ ਨੂੰ ਅਲਾਟਮੈਂਟ ਹੈ ਤਾਂ ਉਸ ਐਕਚੂਅਲੀ ਅਲਾਟਮੈਂਟ ਪ੍ਰਾਈਸ ਨੂੰ ਜ਼ਰੂਰ ਵਿਚਾਰਿਆ ਜਾਣਾ ਚਾਹੀਦਾ ਸੀ। ਦੂਜੀ ਗੱਲ, ਫਿਰ ਤੁਸੀਂ ਕਹਿੰਦੇ ਹੋ ਕਿ ਅਸੀਂ..

ਮਾਨਯੋਗ ਸਪੀਕਰ : ਚਲੋ ਤਿਆਰੀ ਕਰਕੇ ਆ ਜਾਇਓ।

ਸਰਦਾਰ ਬਲਬੀਰ ਸਿੰਘ ਸਿੱਧੂ : ਜਿਵੇਂ ਅਸੀਂ ਹਰਿਆਣੇ ਦੀ ਗੱਲ ਕਰਦੇ ਹਾਂ ਜਾਂ ਚੰਡੀਗੜ੍ਹ ਦੀ ਗੱਲ ਕਰਦੇ ਹਾਂ। ਅੱਜ ਮੁਹਾਲੀ ਵਿਖੇ ਜਿਹੜਾ ਇਕ ਛੇ ਮਰਲੇ ਦਾ ਮਕਾਨ ਮਾਲਕ ਹੈ, ਚੰਡੀਗੜ੍ਹ ਵਿਚ ਬਾਦਲ ਸਾਹਿਬ ਦੀ ਕੋਠੀ ਛੇ ਕਨਾਲ ਦੀ ਹੈ, ਉਹ ਮੁਹਾਲੀ ਵਾਲਾ ਇਨ੍ਹਾਂ ਨਾਲੋਂ ਵੱਧ ਟੈਕਸ ਪੇਅ ਕਰ ਰਿਹਾ ਹੈ। ਇਸ ਲਈ ਤੁਸੀਂ ਲੋਕਾਂ ਨੂੰ, ਜਿਹੜੇ ਗਰੀਬ ਲੋਕ ਹਨ ਜਾਂ ਮੁਲਾਜ਼ਮ ਲੋਕ ਹਨ, ਜਿਨ੍ਹਾਂ ਨੇ ਬੜੀ ਮਿਹਨਤ ਕਰਕੇ ਔਰ ਤਸ਼ੱਦਦ ਨਾਲ ਇਕ ਮਕਾਨ ਬਣਾਇਆ ਹੈ, ਆਪਣਾ ਆਲ੍ਹਣਾ ਬਣਾਇਆ ਹੈ...

Mr. Speaker : Thank you.

ਸਰਦਾਰ ਬਲਬੀਰ ਸਿੰਘ ਸਿੱਧੂ : ਉਸ ਮਕਾਨ ਨੂੰ ਤੁਸੀਂ ਖੋਹਣ ਲੱਗੇ ਹੋ। ਲੋਕ ਆਪਣੇ ਘਰ ਵਿਚ ਆਪਣੇ ਆਪ ਨੂੰ ਕਿਰਾਏਦਾਰ ਮਹਿਸੂਸ ਕਰਨ ਲੱਗੇ ਹਨ। ਇਸ ਲਈ ਮੈਂ ਇਹ ਕਹਿਣਾ ਚਾਹੁੰਦਾ ਹਾਂ, ਮੈਂ ਐਗਜ਼ਾਂਪਲ ਦੇਣੀ ਚਾਹੁੰਦਾ ਹਾਂ ਕਿ ਅਕਬਰ ਬਾਦਸ਼ਾਹ ਮੁਗਲਾਂ ਦਾ ਬੜਾ ਪਾਪੂਲਰ ਬਾਦਸ਼ਾਹ ਹੋਇਆ ਹੈ ਤੇ ਉਸ ਨੇ ਜ਼ਜ਼ੀਆ ਮੁਆਫ ਕੀਤਾ ਸੀ, ਉਹ ਲੋਕਾਂ ਦੀ ਵਾਹ-ਵਾਹ ਖੱਟਦਾ ਸੀ .....

Mr. Speaker : Thank you ji. ਹਾਂ ਜੀ, ਅਨਿਲ ਜੋਸ਼ੀ ਜੀ।

ਸਰਦਾਰ ਬਲਬੀਰ ਸਿੰਘ ਸਿੱਧੂ : ਔਰੰਗਜ਼ੇਬ ਨੇ ਜ਼ਜ਼ੀਆ ਲਗਾਇਆ ਸੀ ਤਾਂ ਉਸ ਦੇ ਰਾਜ ਦਾ ਪਤਨ ਹੋਇਆ ਸੀ। ਇਸ ਲਈ ਇਹ ਜੋ ਟੈਕਸ ਲਗਾਇਆ ਗਿਆ ਹੈ, ਮੈਂ ਇਸ ਨੂੰ ਰੱਦ ਕਰਦਾ ਹਾਂ ਅਤੇ ਇਹ ਟੋਟਲੀ ਲੋਕਾਂ ਨਾਲ ਧੱਕਾ ਹੈ।

Mr. Speaker : Thank you. ਸ਼੍ਰੀ ਅਨਿਲ ਜੋਸ਼ੀ ਜੀ। ......(ਵਿਘਨ).....

ਸ਼੍ਰੀ ਸੁਨੀਲ ਜਾਖੜ : ਪਹਿਲਾਂ ਸਾਡੇ ਬੰਦਿਆਂ ਨੂੰ ਬੋਲ ਲੈਣ ਦਿਓ।

ਮਾਨਯੋਗ ਸਪੀਕਰ : 2-3 ਬੰਦੇ ਇਨ੍ਹਾਂ ਦੇ ਬੋਲਣਗੇ ਅਤੇ 2-3 ਤੁਹਾਡੇ ਬੋਲਣਗੇ।

ਸਥਾਨਕ ਸਰਕਾਰ, ਡਾਕਟਰੀ ਸਿੱਖਿਆ ਤੇ ਖੋਜ ਮੰਤਰੀ (ਸ਼੍ਰੀ ਅਨਿਲ ਜੋਸ਼ੀ) : ਮਾਨਯੋਗ ਸਪੀਕਰ ਸਾਹਿਬ...

ਮਾਨਯੋਗ ਸਪੀਕਰ : ਜੋਸ਼ੀ ਜੀ, ਤੁਸੀਂ ਬਾਅਦ ਵਿੱਚ ਕਨਕਲੂਡ ਕਰ ਲੈਣਾ। ਸ਼੍ਰੀ ਮਨੋਰੰਜਨ ਕਾਲੀਆ ਜੀ, ਸਿਰਫ਼ 5 ਮਿੰਟ। .....(ਵਿਘਨ).....ਤੁਸੀਂ 12.20 ਵਜੇ ਤੱਕ ਖ਼ਤਮ ਕਰ ਦੇਣਾ।

ਸ਼੍ਰੀ ਮਨੋਰੰਜਨ ਕਾਲੀਆ (ਜਲੰਧਰ ਕੇਂਦਰੀ) : ਸਪੀਕਰ ਸਾਹਿਬ, ਮੈਂ ਤੁਹਾਡਾ ਅਭਾਰੀ ਹਾਂ ਕਿ ਤੁਸੀਂ ਮੈਨੂੰ ਪੰਜਾਬ ਮਿਊਂਸਪਲ ਕਾਰਪੋਰੇਸ਼ਨ ਅਮੈਂਡਮੈਂਟ ਬਿਲ ਤੇ ਬੋਲਣ ਦੀ ਇਜਾਜ਼ਤ ਦਿੱਤੀ ਹੈ। ਮਾਨਯੋਗ ਸਪੀਕਰ ਸਾਹਿਬ, ਇਹ ਜਿਹੜਾ ਬਿੱਲ ਹੈ, ਇਹ ਹਾਊਸ ਟੈਕਸ ਨੂੰ ਪ੍ਰਾਪਰਟੀ ਟੈਕਸ ਨਾਲ ਰੀਪਲੇਸ ਕਰੇਗਾ ਕਿਉਂਕਿ ਸਰਕਾਰਾਂ ਇਕ ਕੰਟੀਨਿਊਸ ਪ੍ਰਾਸੈਸ ਹੈ, ਜੋ ਕਾਂਗਰਸ ਸਰਕਾਰ ਨੇ ਕੋਈ ਕੁਮਿਟਮੈਂਟ ਕੀਤੀ ਹੈ ਅਤੇ

[ਸ਼੍ਰੀ ਮਨੋਰੰਜਨ ਕਾਲੀਆ]
ਅਕਾਲੀ-ਭਾਜਪਾ ਸਰਕਾਰ ਆਈ ਹੈ ਅਤੇ ਕੇਂਦਰ ਨਾਲ ਕੋਈ ਕੁਮਿਟਮੈਂਟ ਹੋਈ ਹੈ ਤਾਂ ਉਸ ਕੁਮਿਟਮੈਂਟ ਨੂੰ ਪੂਰਾ ਕਰਨਾ ਜ਼ਿੰਮੇਵਾਰੀ ਬਣ ਜਾਂਦੀ ਹੈ। ਇਸ ਨਾਤੇ ਜੇ ਵਿਪਕਸ਼ ਇਸ ਗੱਲ ਨੂੰ ਅਪੋਜ਼ ਕਰਦਾ ਹੈ ਤਾਂ ਬਿਹਤਰ ਇਹ ਹੁੰਦਾ ਕਿ ਤੁਸੀਂ ਜੇਕਰ ਚਾਹੁੰਦੇ ਹੋ ਕਿ ਪ੍ਰਾਪਰਟੀ ਟੈਕਸ ਨਹੀਂ ਲਗਣਾ ਚਾਹੀਦਾ ਤਾਂ ਜਿਸ ਤਰ੍ਹਾਂ ਅਸੀਂ ਵਾਟਰ ਲਾਗਿੰਗ ਦੇ ਮੁੱਦੇ ਤੇ ਮੁੱਖ ਮੰਤਰੀ ਜੀ ਨਾਲ ਕੇਂਦਰ ਕੋਲ ਗਏ ਹਾਂ ਉਸੇ ਤਰ੍ਹਾਂ ਤੁਸੀਂ ਕਹੋ ਕਿ ਆਓ ਅਸੀਂ ਉਥੇ ਚਲਦੇ ਹਾਂ ਅਤੇ ਕੇਂਦਰ ਸਰਕਾਰ ਨੂੰ ਕਹਿੰਦੇ ਹਾਂ ਕਿ ਪ੍ਰਾਪਰਟੀ ਟੈਕਸ ਲਗਾਉਣ ਲਈ ਸਾਨੂੰ ਬਾਧਯ ਨਾ ਕੀਤਾ ਜਾਵੇ। (ਥੰਪਿੰਗ)

ਸਰਦਾਰ ਬਲਬੀਰ ਸਿੰਘ ਸਿੱਧੂ : ਸਪੀਕਰ ਸਾਹਿਬ ** **

Mr. Speaker : Not to be recorded.

ਸ਼੍ਰੀ ਮਨੋਰੰਜਨ ਕਾਲੀਆ : ਜਿਥੋਂ ਤੱਕ ਪ੍ਰਾਪਰਟੀ ਟੈਕਸ ਲਗਾਉਣ ਦਾ ਸਵਾਲ ਹੈ, ਇਹ ਕੇਂਦਰ ਸਰਕਾਰ ਨੇ ਲਗਾਇਆ ਹੈ ਅਤੇ ਇਸ ਨੂੰ ਲਗਾਉਣਾ ਸਾਡੀ ਮਜਬੂਰੀ ਹੈ ਲੇਕਿਨ ਅਕਾਲੀ-ਭਾਜਪਾ ਸਰਕਾਰ ਇਸ ਗੱਲ ਵਿੱਚ ਸੰਜੀਦਾ ਹੈ ਕਿ ਘੱਟ ਤੋਂ ਘੱਟ ਬੋਝ ਪਵੇ। ਇਹ ਅਮੈਂਡਮੈਂਟ ਪਿਛਲੇ ਸੈਸ਼ਨ ਵਿੱਚ ਵੀ ਆਈ ਸੀ ਪਰ ਇਸ ਵਿੱਚ ਜ਼ਰਬਾਂ ਅਤੇ ਤਕਸੀਮਾਂ ਇੰਨੀਆਂ ਜ਼ਿਆਦਾ ਸਨ, ਮੈਂ ਮਾਨਯੋਗ ਮੁੱਖ ਮੰਤਰੀ ਜੀ ਦਾ ਆਭਾਰ ਵਿਅਕਤ ਕਰਦਾ ਹਾਂ ਕਿ ਉਨ੍ਹਾਂ ਨੇ ਉਸ ਵਕਤ ਇਸ ਵਾਸਤੇ ਕਮੇਟੀ ਬਣਾ ਕੇ ਇਸ ਨੂੰ ਸੁਖਾਲਾ ਕੀਤਾ। ਇਹ ਜਿਹੜਾ ਟੈਕਸ ਲੱਗ ਰਿਹਾ ਹੈ, ਇਸ ਨੂੰ ਹਰਿਆਣਾ ਜਾਂ ਬਾਕੀ ਹੋਰ ਸਟੇਟਾਂ ਨਾਲ ਕੰਪੇਅਰ ਕਰੀਏ ਤਾਂ ਬਹੁਤ ਘੱਟ ਹੈ ਲੇਕਿਨ ਫਿਰ ਵੀ ਇਸ ਵਿੱਚ...(ਵਿਘਨ)... ਇਕ ਮਿੰਟ ਸੁਣੋ ਜੀ।

ਸਰਦਾਰ ਬਲਬੀਰ ਸਿੰਘ ਸਿੱਧੂ : ਸਪੀਕਰ ਸਾਹਿਬ .....(ਵਿਘਨ).....

Mr. Speaker : Please sit down, Sidhu Sahib.

ਸ਼੍ਰੀ ਮਨੋਰੰਜਨ ਕਾਲੀਆ : ਸਪੀਕਰ ਸਾਹਿਬ, ਇਸ ਵਿੱਚ ਕੁਝ ਗੱਲਾਂ ਅਜਿਹੀਆਂ ਹਨ, ਜਿਨ੍ਹਾਂ ਦੇ ਇੰਪੈਕਟ ਲਾਂਗ ਲਾਸਟਿੰਗ ਹਨ, ਜਿਨ੍ਹਾਂ ਵੱਲ ਮੈਂ ਆਪ ਜੀ ਦਾ ਧਿਆਨ ਦਿਵਾਉਣਾ ਚਾਹੁੰਦਾ ਹਾਂ। ਮਾਨਯੋਗ ਸਪੀਕਰ ਸਾਹਿਬ, ਸੈਕਸ਼ਨ 93 ਵਿੱਚ ਜਿਹੜੀ ਅਮੈਂਡਮੈਂਟ ਕੀਤੀ ਗਈ ਹੈ, ਉਸ ਨਾਲ 5% of the market value of land ਮੁਕੱਰਰ ਹੋਵੇਗੀ। ਮਾਰਕੀਟ ਵੈਲਿਊ ਕੀ ਹੈ, ਉਹ ਕੁਲੈਕਟਰ ਬੇਸ ਤੇ ਹੈ। ਜਿਸ ਵਿਅਕਤੀ ਨੇ 50 ਸਾਲ ਪਹਿਲਾਂ ਮਕਾਨ ਲਿਆ, ਉਸ ਦੀ ਮਾਰਕੀਟ ਵੈਲਿਊ ਅੱਜ ਦੇ ਹਿਸਾਬ ਨਾਲ ਨਿਸ਼ਚਤ ਹੋ ਜਾਵੇਗੀ। ਜਿਸ ਨੇ ਅੱਜ ਲਿਆ ਹੈ ਉਸ ਦੀ ਮਾਰਕੀਟ ਵੈਲਿਊ ਵੀ ਅੱਜ ਮੁਤਾਬਿਕ ਹੀ ਨਿਸ਼ਚਤ ਹੋ ਜਾਵੇਗੀ। ਇਹ ਜਿਹੜਾ ਡਿਫਰੈਂਸ ਹੈ, ਜਿਸ ਨੇ 40 ਸਾਲ ਪਹਿਲਾਂ ਮਕਾਨ ਲਿਆ ਉਸ ਨੂੰ ਘੱਟ ਲੱਗਣਾ ਚਾਹੀਦਾ ਹੈ ਅਤੇ ਜਿਸ ਨੇ ਹੁਣ ਲਿਆ ਹੈ, ਪਰਚੇਜ਼ ਕੀਤਾ ਹੈ ਉਸ ਨੂੰ ਜ਼ਿਆਦਾ ਲੱਗਣਾ ਚਾਹੀਦਾ ਹੈ। ਇਸ ਬਾਰੇ ਕੁਝ ਵੀ ਤੁਫੱਕਾਤ ਨਹੀਂ ਕੀਤਾ ਗਿਆ ਹੈ ਕਿਉਂਕਿ ਪਹਿਲਾਂ ਹਾਊਸ ਟੈਕਸ ਵੇਲੇ ਏ.ਆਰ.ਵੀ. ਨਿਸ਼ਚਤ ਹੁੰਦੀ

*Not recorded as ordered by the Chair.

ਸੀ ਜੋ ਕਿ ਇਸ ਢੰਗ ਨਾਲ ਸੀ ਜਿਵੇਂ ਕਿਤੇ ਰੈਂਟਲ ਵੈਲਿਊ ਹੈ, ਉਹ ਲੱਗ ਜਾਂਦੀ ਹੈ। ਸਮੱਸਿਆ ਉਦੋਂ ਆਉਂਦੀ ਹੈ ਜਦੋਂ ਸੈਲਫ ਆਕੂਪਾਈਡ ਪ੍ਰਾਪਰਟੀ ਹੁੰਦੀ ਹੈ, ਜਿਹੜਾ ਸੈਲਫ਼ ਆਕੂਪਾਈਡ ਓਨਰ ਹੈ, ਉਸ ਤੇ ਡਿਸਕ੍ਰੀਸ਼ਨ ਬਹੁਤ ਜ਼ਿਆਦਾ ਹੈ। ਠੀਕ ਹੈ ਡਿਸਕ੍ਰੀਸ਼ਨ ਖ਼ਤਮ ਕੀਤੀ ਹੈ ਪਰ ਇਸ ਨਾਲ ਦਿੱਕਤ ਉਦੋਂ ਆਏਗੀ ਕਿ ਅੱਜ 2013 ਵਿੱਚ ਮਕਾਨ ਲਿਆ ਹੈ ਅਤੇ ਜਿਸ ਨੇ 40 ਸਾਲ ਪਹਿਲਾਂ ਮਕਾਨ ਲਿਆ ਹੈ, ਹਾਊਸ ਦੀ ਜਿਹੜੀ ਲੈਂਡ ਵੈਲਿਊ ਹੈ, ਉਹ ਸੇਮ ਹੋਵੇਗੀ। ਇਸ ਗੱਲ ਨੂੰ ਸਾਨੂੰ ਧਿਆਨ ਵਿੱਚ ਰੱਖਣਾ ਚਾਹੀਦਾ ਹੈ। ਪਿਛਲੀ ਅਮੈਂਡਮੈਂਟ ਵਿੱਚ ਅਸੀਂ ਕੁਝ ਐਕਸਰਸਾਈਜ਼ ਕੀਤੀ ਸੀ ਕਿ ਜਿਸ ਦਾ 10 ਸਾਲ ਪੁਰਾਣਾ ਮਕਾਨ ਹੈ, ਉਸ ਨੂੰ 10%, ਜਿਸ ਦਾ 20 ਸਾਲ ਪੁਰਾਣਾ ਮਕਾਨ ਹੈ ਉਸ ਨੂੰ 20%, ਜਿਸ ਦਾ 30 ਸਾਲ ਪੁਰਾਣਾ ਮਕਾਨ ਹੈ ਉਸ ਨੂੰ 30% ਅਤੇ ਜਿਸ ਦਾ 70 ਸਾਲ ਪੁਰਾਣਾ ਮਕਾਨ ਹੈ ਉਸ ਨੂੰ 70% ਡਿਸਕਾਊਂਟ ਦਿੱਤਾ ਸੀ। ਇਹ ਹੋ ਚੁੱਕਾ ਹੈ।

ਸਰਦਾਰ ਬਲਬੀਰ ਸਿੰਘ ਸਿੱਧੂ : ਸਪੀਕਰ ਸਾਹਿਬ .....(ਵਿਘਨ ..... ਸ਼ੋਰ).....

ਮਾਨਯੋਗ ਸਪੀਕਰ : ਇਨ੍ਹਾਂ ਨੂੰ 5 ਮਿੰਟ ਦਿੱਤੇ ਹਨ, ਤੁਸੀਂ ਬੈਠ ਜਾਓ। ਤੁਹਾਨੂੰ ਛੇ ਮਿੰਟ ਦਿੱਤੇ ਸਨ।

ਸ਼੍ਰੀ ਮਨੋਰੰਜਨ ਕਾਲੀਆ : ਪੁਰਾਣੇ ਅਤੇ ਨਵੇਂ ਮਕਾਨ ਦਾ ਫਰਕ ਹੋਣਾ ਚਾਹੀਦਾ ਹੈ। ਜਦੋਂ ਵੀ ਹਾਊਸ ਟੈਕਸ ਲਗਾਉਣਾ ਹੁੰਦਾ ਹੈ ਤਾਂ ਉਸ ਦੇ ਪਿੱਛੇ ਰੈਸ਼ਨੇਲੇਟੀ ਹੁੰਦੀ ਹੈ। ਜਦੋਂ ਹਾਊਸ ਟੈਕਸ ਸੀ ਤਾਂ ਉਸ ਦੇ ਵਿੱਚ ਇਹ ਸੀ ਕਿ ਜੇਕਰ ਕੋਈ ਐਡੀਸ਼ਨਲ ਆਲਟਰੇਸ਼ਨ ਨਹੀਂ ਕੀਤੀ ਜਾਂਦੀ ਤਾਂ ਟੈਕਸ ਵਧਦਾ ਨਹੀਂ ਸੀ। ਲੇਕਿਨ ਇਸ ਦੇ ਨਾਲ ਕੀ ਹੈ? ਇਹ ਕੁਲੈਕਟਰ ਰੇਟ ਤੇ ਬੇਸ ਕੀਤਾ ਸੀ। ਕੁਲੈਕਟਰ ਰੇਟ ਹਰ ਸਾਲ ਵਧੇਗਾ, ਚਾਹੇ ਐਡੀਸ਼ਨਲ ਆਲਟਰੇਸ਼ਨ ਕੀਤੀ ਹੈ ਜਾਂ ਨਹੀਂ ਹੈ। ਲੇਕਿਨ ਸਾਨੂੰ ਹਾਊਸ ਟੈਕਸ ਜ਼ਿਆਦਾ ਦੇਣਾ ਪਵੇਗਾ। ਇਸੇ ਤਰ੍ਹਾਂ ਇਨ੍ਹਾਂ ਨੇ 5% cost of the building ਕੈਲਕੁਲੇਟ ਕੀਤੀ ਹੈ।

Mr. Speaker : Conclude now, please.

ਸ਼੍ਰੀ ਮਨੋਰੰਜਨ ਕਾਲੀਆ : ਇਸ ਦੇ ਵਿੱਚ ਇਨ੍ਹਾਂ ਨੇ ਕਿਹਾ ਹੈ, ਇਹ ਸੈਕਸ਼ਨ 93 ਦੀ ਕਲਾਜ਼-2 ਹੈ, ਉਸ ਦੇ ਤਹਿਤ ਬੇਸ ਕੀਤਾ ਹੈ ਕਿ 500 ਰੁਪਏ ਪਰ ਸੁਕੇਅਰ ਫੀਟ in respect of pucca, cemented, brick walled and load bearing roof structure. ਸਟ੍ਰਕਚਰ ਦੀ ਜਿਹੜੀ ਕਾਸਟ ਕੱਢਣੀ ਹੈ, ਉਹ ਕਿਸ ਤਰ੍ਹਾਂ ਕੱਢਣੀ ਹੈ ਕਿ 5% ਜਿਹੜਾ ਹੈ, ਅਸੀਂ ਇਰੈਕਟਿੰਗ ਬਿਲਡਿੰਗ ਦੀ ਕਾਸਟ ਲੈਣੀ ਹੈ ਔਰ ਕਾਸਟ ਕਿਸ ਤਰ੍ਹਾਂ ਲੈਣੀ ਹੈ, ਇਸ ਬਾਰੇ ਪਿੱਛੇ ਦਿੱਤਾ ਹੋਇਆ ਹੈ। ਇਸ ਵਿੱਚ 500 ਰੁਪਏ ਪਰ ਸੁਕੇਅਰ ਫੀਟ ਦੇ ਹਿਸਾਬ ਨਾਲ ਹੈ। ਹੁਣ ਇਸ ਦੇ ਵਿੱਚ ਲਿਆ ਕੀ ਹੋਇਆ ਹੈ ਕਿ ਜਿੰਨੀਆਂ ਦੀਵਾਰਾਂ ਹਨ, ਰੂਫ ਔਰ ਫਲੋਰ ਹੈ .....(ਵਿਘਨ....ਸ਼ੋਰ)....

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ.....

ਮਾਨਯੋਗ ਸਪੀਕਰ : ਜੇਕਰ ਤੁਹਾਡੇ ਬੰਦਿਆਂ ਨਾਲ ਬੇਇਨਸਾਫੀ ਹੋਵੇਗੀ ਫਿਰ ਕਹਿਣਾ।

ਸ਼੍ਰੀ ਮਨੋਰੰਜਨ ਕਾਲੀਆ : ਜਿੰਨੀਆਂ ਦੀਵਾਰਾਂ ਹਨ, ਰੂਫ ਹੈ ...(ਵਿਘਨ)....(ਸ਼ੋਰ)...

ਮਾਨਯੋਗ ਸਪੀਕਰ : ਉਨ੍ਹਾਂ ਨੂੰ ਸਮਾਂ ਦਿੱਤਾ ਗਿਆ ਹੈ, 7-7 ਮਿੰਟ ਦਿੱਤੇ ਹਨ। ਮੈਂ 5-7 ਮਿੰਟ ਤੋਂ ਵੱਧ ਸਮਾਂ ਕਿਸੇ ਨੂੰ ਦਿੱਤਾ ਹੀ ਨਹੀਂ ਹੈ।

ਸ਼੍ਰੀ ਮਨੋਰੰਜਨ ਕਾਲੀਆ : ਮਾਨਯੋਗ ਸਪੀਕਰ ਸਾਹਿਬ, ਜਿਹੜੀ ਕੈਲਕੁਲੇਸ਼ਨ ਹੈ, ਜਿਹੜਾ ਫਾਰਮੂਲਾ ਹੈ, ਜਿੱਥੋਂ ਤੱਕ ਮੈਂ ਸਮਝਦਾ ਹਾਂ ਇਸ ਦੇ ਵਿੱਚ ਫਲੋਰ ਏਰੀਏ ਦੇ ਹਿਸਾਬ ਨਾਲ ਹੋਣਾ ਚਾਹੀਦਾ ਹੈ ਨਾ ਕਿ ਛੱਤਾਂ ਅਤੇ ਦੀਵਾਰਾਂ ਦੇ ਹਿਸਾਬ ਨਾਲ। ਸਾਰੀਆਂ ਦੀਵਾਰਾਂ ਔਰ ਜਿਹੜੀ ਫਲੋਰ ਅਤੇ ਛੱਤ ਹੈ....(ਵਿਘਨ) .....(ਸ਼ੋਰ).....

(ਇਸ ਸਮੇਂ ਵਿਰੋਧੀ ਧਿਰ ਦੇ ਕਈ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਸਮੇਂ ਦੀ ਮੰਗ ਕਰ ਰਹੇ ਸਨ।)

ਮਾਨਯੋਗ ਸਪੀਕਰ : ਕਾਲੀਆ ਜੀ, ਪਲੀਜ਼, ਤੁਸੀਂ ਆਪਣੀ ਸਪੀਚ ਖਤਮ ਕਰੋ।

ਸ਼੍ਰੀ ਮਨੋਰੰਜਨ ਕਾਲੀਆ : ਇਸ ਦੇ ਵਿੱਚ ਇੱਕ ਹੋਰ ਗੱਲ ਹੈ ਕਿ 10% ਡੈਪਰੀਸੀਏਸ਼ਨ ਦਿੱਤੀ ਜਾਵੇਗੀ। ਹੁਣ 10% ਡੈਪਰੀਸੀਏਸ਼ਨ ਸਾਰਿਆਂ ਨੂੰ ਹੈ, ਬਜਾਏ ਇਹ ਕਿ ਪੁਰਾਣਾ ਮਕਾਨ, ਨਵਾਂ ਮਕਾਨ, ਪੰਜ ਸਾਲ ਪੁਰਾਣਾ ਮਕਾਨ, 10 ਸਾਲ ਪੁਰਾਣਾ ਮਕਾਨ। ਉਸ ਦੇ ਉਤੇ ਡਿਫਰੈਸੀਏਸ਼ਨ ਹੋਣਾ ਚਾਹੀਦਾ ਹੈ। ਇਸ ਗੱਲ ਨੂੰ ਧਿਆਨ ਵਿੱਚ ਰੱਖਣਾ ਚਾਹੀਦਾ ਹੈ।

ਮਾਨਯੋਗ ਸਪੀਕਰ : ਪਲੀਜ਼, ਵਾਈਂਡ ਅੱਪ ਕਰੋ।

ਸ਼੍ਰੀ ਮਨੋਰੰਜਨ ਕਾਲੀਆ : ਸਪੀਕਰ ਸਾਹਿਬ, ਤੁਸੀਂ ਵੀ ਵਕਾਲਤ ਕੀਤੀ ਹੈ, ਤੁਸੀਂ ਵਕੀਲ ਰਹੇ ਹੋ। ਹੁਣ ਇਸ ਦੇ ਵਿੱਚ ਕੀ ਹੈ ਕਿ ਜੇਕਰ ਕੋਈ ਅਸੈੱਸਮੈਂਟ ਹੋ ਜਾਂਦੀ ਹੈ, ਜੇ ਕੋਈ ਅਗਰੀਵਡ ਹੈ, ਉਸ ਦਾ ਕੀ ਤਰੀਕਾ ਰੱਖਿਆ ਹੈ ਕਿ ਅਸਿਸਟੈਂਟ ਕਮਿਸ਼ਨਰ ਤੋਂ ਕਮਿਸ਼ਨਰ ਨੂੰ ਅਪੀਲ ਜਾਵੇਗੀ। ਕਮਿਸ਼ਨਰ ਤੋਂ ਪ੍ਰਿੰਸੀਪਲ ਸੈਕਟਰੀ ਨੂੰ ਜਾਵੇਗੀ। ਹਾਲੇ ਇਨ੍ਹਾਂ ਨੂੰ ਐਡਮਨਿਸਟ੍ਰੇਟਿਵ ਗੱਲਾਂ ਤੋਂ ਤਾਂ ਵਿਹਲ ਨਹੀਂ ਮਿਲਦਾ, ਫਿਰ ਜੁਡੀਸ਼ੀਅਲ ਵਾਸਤੇ ਕਿਸ ਤਰ੍ਹਾਂ ਸਮਾਂ ਹੋਵੇਗਾ? ਹਾਊਸ ਟੈਕਸ ਦੇ ਵਿੱਚ ਕੀ ਸੀ ਕਿ ਐਗਜ਼ੈਕਟਿਵ ਅਫ਼ਸਰ, ਕਮਿਸ਼ਨਰ...

ਮਾਨਯੋਗ ਸਪੀਕਰ : ਤੁਸੀਂ ਕਨਕਲੂਡ ਕਰੋ ਜੀ।

ਸ਼੍ਰੀ ਮਨੋਰੰਜਨ ਕਾਲੀਆ : ਸਪੀਕਰ ਸਾਹਿਬ, ਬਹੁਤ ਇੰਪਾਰਟੈਂਟ ਗੱਲ ਹੈ ਕਿ ਜਿਹੜੀ ਅਪੀਲ ਹੈ, ਉਹ ਪਹਿਲਾਂ ਡਵੀਜ਼ਨਲ ਕਮਿਸ਼ਨਰ ਕੋਲ ਜਾਂਦੀ ਸੀ ਔਰ ਫਿਰ

ਹਾਈ ਕੋਰਟ ਵਿੱਚ ਜਾਂਦੀ ਸੀ। ਤੁਸੀਂ ਦੇਖੋ ਕਿ ਇਨਕਮ ਟੈਕਸ ਦੇ ਅੰਡਰ ਵੀ ਇਨਕਮ ਟੈਕਸ ਟ੍ਰਿਬਿਊਨਲ ਬਣਦਾ ਹੈ। ਅਲਟੀਮੇਟਲੀ ਹਾਈ ਕੋਰਟ ਵਿੱਚ ਅਪੀਲ ਹੁੰਦੀ ਹੈ। So, it is a quasi-judicial matter. ਆਪਾਂ ਨੂੰ ਅਪੀਲ ਦਾ ਟਾਈਮ ਦੇਣਾ ਚਾਹੀਦਾ ਹੈ। ਇਸ ਵਿੱਚ ਲਿਖਿਆ ਹੋਇਆ ਹੈ ਕਿ ਸਟੇਅ ਨਹੀਂ ਮਿਲੇਗਾ।

ਮਾਨਯੋਗ ਸਪੀਕਰ : ਪਲੀਜ਼ ਬੈਠੋ ਜੀ। ਮਿਸਟਰ ਆਸ਼ੂ ਜੀ।

ਸ਼੍ਰੀ ਮਨੋਰੰਜਨ ਕਾਲੀਆ : ਮੈਨੂੰ ਦੱਸੋ ਕਿ ਕਿਹੜਾ ਕਾਨੂੰਨ ਹੈ ਜਿਹੜਾ ਇਸ ਤਰ੍ਹਾਂ ਕਰੇਗਾ। It is against the law of natural justice. ਤੁਸੀਂ ਸਟੇਅ ਨਹੀਂ ਦੇਣਾ, ਇਹ ਐਕਟ ਵਿੱਚ ਲਿਖਿਆ ਹੋਇਆ ਹੈ। ਸੋ, ਇਸ ਦੇ ਵਿੱਚ ਤੀਸਰਾ ਪੁਆਇੰਟ ਹੈ ਕਿ ਜੇ 100% ਹਾਊਸ ਟੈਕਸ ਡਿਪਾਜ਼ਿਟ ਕੀਤਾ ਜਾਵੇਗਾ। ਮਾਨਯੋਗ ਸਪੀਕਰ ਸਾਹਿਬ, ਮੈਂ ਰਿਕੁਐਸਟ ਕਰਦਾ ਹਾਂ ਕਿ ਇਸ ਬਾਰੇ ਕਮੇਟੀ ਬਣਾ ਲੈਣ, ਇਸ ਨੂੰ ਦੁਬਾਰਾ ਘੋਖਣ।

ਸ਼੍ਰੀ ਭਾਰਤ ਭੂਸ਼ਣ ਆਸ਼ੂ (ਲੁਧਿਆਣਾ ਪੱਛਮੀ) : ਸਪੀਕਰ ਸਾਹਿਬ, ਬਹੁਤ ਬਹੁਤ ਧੰਨਵਾਦ ਜੀ।

ਮਾਨਯੋਗ ਸਪੀਕਰ : ਸਿਰਫ ਪੰਜ ਮਿੰਟ ਹਨ ਜੀ।

ਸ਼੍ਰੀ ਭਾਰਤ ਭੂਸ਼ਣ ਆਸ਼ੂ : ਸਪੀਕਰ ਸਾਹਿਬ, ਇਹ ਅਮੈਂਡਮੈਂਟ ਬਿਲ ਜਿਹੜਾ ਪਿਛਲੇ ਸੈਸ਼ਨ ਵਿੱਚ ਵੀ ਆਇਆ ਸੀ, ਬਗੈਰ ਕਿਸੇ ਡਿਸਕਸ਼ਨ ਦੇ, ਜਦੋਂ ਆਪੋਜੀਸ਼ਨ ਦੇ ਮੈਂਬਰ ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਸੀ, ਰੌਲੇ-ਰੱਪੇ ਵਿੱਚ ਪਾਸ ਕਰ ਦਿੱਤਾ ਗਿਆ। ਟਰੈਜ਼ਰੀ ਬੈਂਚਿਜ਼ ਦੇ ਸਾਰੇ ਹੀ ਮੈਂਬਰਜ਼ ਨੇ 'ਹਾਂ' ਕਹਿ ਕੇ ਇਸ ਨੂੰ ਪਾਸ ਕੀਤਾ। ਜੇ ਇੰਨਾ ਹੀ ਚੰਗਾ ਸੀ ਤਾਂ ਇਸ ਨੂੰ ਬਦਲਣ ਦੀ ਕੀ ਲੋੜ ਪੈ ਗਈ ਸੀ? ਹੁਣ ਬਦਲ ਕੇ ਜਦੋਂ ਇਸ...

Mr. Speaker: Come on the point.

ਸ਼੍ਰੀ ਭਾਰਤ ਭੂਸ਼ਣ ਆਸ਼ੂ : ਜਦੋਂ ਇਸ ਬਿੱਲ ਦਾ ਵਿਰੋਧ ਕਾਂਗਰਸ ਪਾਰਟੀ ਨੇ ਕੀਤਾ ਤਾਂ ਸਰਕਾਰ ਸੋਚਣ ਲਈ ਮਜਬੂਰ ਹੋਈ ਤੇ ਬਿੱਲ ਘਟਾ ਕੇ ਲੈ ਆਂਦਾ। ਡਿਸਕਸ਼ਨ ਫਿਰ ਵੀ ਕੋਈ ਨਹੀਂ ਕੀਤੀ ।ਅੱਜ ਸਤਿਕਾਰਯੋਗ ਮੈਂਬਰ ਸਾਹਿਬਾਨ ਕਹਿ ਰਹੇ ਹਨ ਤੇ ਕੱਲ੍ਹ ਡਿਪਟੀ ਸੀ.ਐਮ. ਸਾਹਿਬ ਨੇ ਵੀ ਕਿਹਾ ਸੀ ਕਿ ਇਹ ਸੈਂਟਰ ਸਰਕਾਰ ਦੀ ਇਕ ਸ਼ਰਤ ਸੀ। ਬਿਲਕੁਲ ਠੀਕ ਹੈ ਜੀ, ਜੇ.ਐਨ.ਐਨ.ਯੂ.ਆਰ.ਐਮ. ਤਹਿਤ ਇਹ ਸ਼ਰਤ ਸੀ ਜਦੋਂ 2006 ਦੇ ਵਿਚ ਇਹ ਲੱਗਿਆ ਸੀ ਅਤੇ ਉਹ 2012 ਦੇ ਵਿਚ ਤਾਂ ਖਤਮ ਹੋ ਗਿਆ। ਜੇ.ਐਨ.ਐਨ.ਯੂ.ਆਰ.ਐਮ. ਤੇ ਹੁਣ ਕਿਸ ਵਾਸਤੇ ਲਗਾਇਆ ਗਿਆ ਹੈ? (ਵਿਰੋਧੀ ਧਿਰ ਵਲੋਂ ਥੰਪਿੰਗ) 2007 ਤੋਂ ਤੁਸੀਂ ਸਰਕਾਰ ਵਿਚ ਹੋ, ਉਦੋਂ ਤਾਂ ਲਾਇਆ ਨਹੀਂ ਤੇ 2013 ਵਿਚ ਤੁਸੀਂ ਲਗਾ ਦਿੱਤਾ ਜਦੋਂ ਜੇ.ਐਨ.ਯੂ.ਆਰ.ਐਮ. ਖਤਮ ਹੋ ਗਿਆ। ਉਸ ਦੀ ਐਕਸਟੈਂਸ਼ਨ ਹਾਲੇ ਆਉਣੀ ਹੈ। ਮੈਂ ਇਨ੍ਹਾਂ ਦੀ ਗਲਤ ਬਿਆਨੀ ਬਾਰੇ ਦੱਸਦਾ ਹਾਂ ਜੀ, ਤੁਸੀਂ ਸੁਣ ਲਓ।

ਮਾਨਯੋਗ ਸਪੀਕਰ : ਜੇਕਰ ਬਿਲ ਤੇ ਬੋਲਣਾ ਹੈ ਤਾਂ ਬੋਲੋ, ਨਹੀਂ ਬੈਠ ਜਾਓ।

ਸ਼੍ਰੀ ਭਾਰਤ ਭੂਸ਼ਣ ਆਸ਼ੂ : ਸਪੀਕਰ ਸਾਹਿਬ, ਇਹ ਬਿੱਲ ਤੇ ਹੀ ਹੈ ਜੀ। .....(ਵਿਘਨ)....(ਸ਼ੋਰ).... ਮਾਨਯੋਗ ਮੈਂਬਰ ਸਾਹਿਬ ਨੇ ਬੜੀ ਤਾਰੀਫ ਕਰਦੇ ਹੋਏ ਆਖਿਆ ਹੈ ਕਿ ਅਸੀਂ ਬੜੀਆਂ ਰਿਆਇਤਾਂ ਦਿੱਤੀਆਂ ਹਨ ਤੇ ਰਿਆਇਤਾਂ ਤੁਸੀਂ ਸੁਣੋ, ਸ਼ਮਸ਼ਾਨ ਘਾਟ ਤੇ ਟੈਕਸ ਨਹੀਂ ਲਗਾਉਣਾ (ਹਾਸਾ) ਗੁਰਦੁਆਰਿਆਂ ਤੇ ਗਊਸ਼ਾਲਾਵਾਂ ਤੇ ਟੈਕਸ ਨਹੀਂ ਲਗਾਉਣਾ, ਇਹ ਰਿਆਇਤ ਹੈ। .....(ਵਿਘਨ)....(ਸ਼ੋਰ)......

ਉਦਯੋਗ ਤੇ ਵਣਜ, ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ ਅਤੇ ਸੰਸਦੀ ਮਾਮਲੇ ਮੰਤਰੀ (ਸ਼੍ਰੀ ਮਦਨ ਮੋਹਨ ਮਿੱਤਲ) : ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਹੈ ......(ਵਿਘਨ)....(ਸ਼ੋਰ)...... ਸਪੀਕਰ ਸਾਹਿਬ, ਇਹ ਗੁਰਦੁਆਰਿਆਂ ਤੇ ਟੈਕਸ ਲਗਾਉਣਾ ਚਾਹੁੰਦੇ ਹਨ। ......(ਵਿਘਨ)....(ਸ਼ੋਰ) ....

ਸ਼੍ਰੀ ਭਾਰਤ ਭੂਸ਼ਣ ਆਸ਼ੂ : ਨਹੀਂ ਜੀ .... (ਵਿਘਨ)....(ਸ਼ੋਰ) ......

ਮਾਨਯੋਗ ਸਪੀਕਰ : ਨਹੀਂ ਜੀ, ਪਲੀਜ਼, ਮੰਤਰੀ ਸਾਹਿਬ।

ਮਾਲ ਤੇ ਮੁੜ ਵਸੇਬਾ, ਸੂਚਨਾ ਤੇ ਲੋਕ ਸੰਪਰਕ, ਗੈਰ ਰਵਾਇਤੀ ਊਰਜਾ ਤੇ ਐਨ.ਆਰ.ਆਈ.ਮਾਮਲੇ ਮੰਤਰੀ (ਸਰਦਾਰ ਬਿਕਰਮ ਸਿੰਘ ਮਜੀਠੀਆ): ਕੀ ਤੁਸੀਂ ਰੀਲੀਜੀਅਸ ਸੈਂਟੀਮੈਂਟਸ ਦੇ ਖਿਲਾਫ ਹੋ? (ਵਿਘਨ)......(ਸ਼ੋਰ)....

ਇਕ ਅਵਾਜ਼ : ਹੋਰ ਪਾਸੇ ਨੂੰ ਤੋਰ ਲਓ ਗੱਲ ਨੂੰ।

ਉਦਯੋਗ ਤੇ ਵਣਜ, ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ ਅਤੇ ਸੰਸਦੀ ਮਾਮਲੇ ਮੰਤਰੀ : ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਹੈ। .....(ਵਿਘਨ)....(ਸ਼ੋਰ) .....

ਸਰਦਾਰ ਕੁਲਜੀਤ ਸਿੰਘ ਨਾਗਰਾ : ** ** **

Mr. Speaker : Nothing is to be recorded.

ਉਦਯੋਗ ਤੇ ਵਣਜ, ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ ਅਤੇ ਸੰਸਦੀ ਮਾਮਲੇ ਮੰਤਰੀ : ਮੈਨੂੰ ਬੋਲ ਲੈਣ ਦਿਓ। ....(ਵਿਘਨ)....(ਸ਼ੋਰ) .....

ਮਾਨਯੋਗ ਸਪੀਕਰ : ਹਾਂ ਜੀ, ਮਿੱਤਲ ਸਾਹਿਬ।

ਮਾਲ ਤੇ ਮੁੜ ਵਸੇਬਾ, ਸੂਚਨਾ ਤੇ ਲੋਕ ਸੰਪਰਕ, ਗੈਰ ਰਵਾਇਤੀ ਊਰਜਾ ਤੇ ਐਨ.ਆਰ.ਆਈ.ਮਾਮਲੇ ਮੰਤਰੀ : ਮੈਂ ਤੁਹਾਨੂੰ ਪੁੱਛ ਰਿਹਾ ਹਾਂ ਕਿ

**Not recorded as ordered by the Chair.

ਕਾਂਗਰਸ ਪਾਰਟੀ ਇਹ ਸਪੱਸ਼ਟ ਕਰੇ ਕਿ ਗੁਰਦੁਆਰਾ ਸਾਹਿਬ ਤੇ ਟੈਕਸ ਲੱਗਣਾ ਚਾਹੀਦਾ ਹੈ ਕਿ ਨਹੀਂ? ....(ਵਿਘਨ....ਸ਼ੋਰ)..... ਤੁਸੀਂ ਫਤਿਹਗੜ੍ਹ ਸਾਹਿਬ ਦੀ ਗੱਲ ਕਿਉਂ ਕਰ ਰਹੇ ਹੋ। ਤੁਸੀਂ ਆਪਣੀ ਗੱਲ ਕਰੋ। .....(ਵਿਘਨ...ਸ਼ੋਰ) ......

ਮਾਨਯੋਗ ਸਪੀਕਰ : ਹਾਂ ਜੀ, ਮਿੱਤਲ ਸਾਹਿਬ।

ਉਦਯੋਗ ਤੇ ਵਣਜ, ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ ਅਤੇ ਸੰਸਦੀ ਮਾਮਲੇ ਮੰਤਰੀ : ** **

Mr. Speaker : No point of order. ਆਸ਼ੂ ਜੀ, ਤੁਹਾਡੇ ਕੋਲ ਦੋ ਮਿੰਟ ਹਨ।

ਸ਼੍ਰੀ ਭਾਰਤ ਭੂਸ਼ਣ ਆਸ਼ੂ : ਸਪੀਕਰ ਸਾਹਿਬ, ਮੈਂ ਤਾਂ ਕੇਵਲ ਇਕ ਮਿੰਟ ਹੀ ਬੋਲਿਆ ਹਾਂ।

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, ਇਹ ਵਿਤਕਰਾ ਹੈ। .....(ਵਿਘਨ).....(ਸ਼ੋਰ) .....

ਮਾਨਯੋਗ ਸਪੀਕਰ : ਮੇਰੀ ਬੇਨਤੀ ਸੁਣ ਲਓ।

ਸ਼੍ਰੀ ਭਾਰਤ ਭੂਸ਼ਣ ਆਸ਼ੂ : ਜਦੋਂ ਮੈਂ ਪੜ੍ਹਨ ਲੱਗਿਆ ਤਾਂ ਬੜੀ ਤਕਲੀਫ ਹੋਈ ਕਿ ਗੁਰਦੁਆਰਿਆਂ ਨੂੰ ਮੁਆਫ ਕਰ ਦਿੱਤਾ, ਤੁਹਾਨੂੰ ਤਕਲੀਫ ਹੈ, ਤੁਸੀਂ ਹੀ ਸੋਚ ਸਕਦੇ ਹੋ ਰੱਬ ਨੂੰ ਟੈਕਸ ਲਾਉਣ ਬਾਰੇ, ਅਸੀਂ ਨਹੀਂ ਸੋਚ ਸਕਦੇ ਅਸੀਂ ਤਾਂ ਲੋਕਾਂ ਦੀ ਗੱਲ ਕਰਨ ਆਏ ਹਾਂ। (ਵਿਰੋਧੀ ਧਿਰ ਵਲੋਂ ਥੰਪਿੰਗ) ਸਾਨੂੰ ਉਹ ਵੀ ਨਹੀਂ ਕਰਨ ਦਿੰਦੇ। ਅੱਗੋਂ ਮੁਆਫੀ ਦਿੱਤੀ ਸਰਕਾਰੀ ਬਿਲਡਿੰਗਾਂ ਨੂੰ, ਮੁਆਫੀ ਦਿੱਤੀ ਕਾਰਪੋਰੇਸ਼ਨ ਤੇ ਕਮੇਟੀਆਂ ਦੀਆਂ ਬਿਲਡਿੰਗਾਂ ਨੂੰ। ਕਿਹੜੇ ਬੰਦੇ ਨੂੰ ਮੁਆਫੀ ਦਿੱਤੀ, ਅੱਗੇ ਲਿਖਿਆ ਹੈ ਕਿ ਵਿਧਵਾਵਾਂ ਨੂੰ ਪੰਜ ਹਜ਼ਾਰ ਤਾਈਂ ਮੁਆਫੀ। ਉਸ ਵਿਚ ਨਾਲ ਰਾਈਡਰ ਲਗ ਗਿਆ। .....(ਵਿਘਨ.....ਸ਼ੋਰ) .....

ਮਾਲ ਤੇ ਮੁੜ ਵਸੇਬਾ, ਸੂਚਨਾ ਤੇ ਲੋਕ ਸੰਪਰਕ, ਗੈਰ ਰਵਾਇਤੀ ਊਰਜਾ ਤੇ ਐਨ.ਆਰ.ਆਈ.ਮਾਮਲੇ ਮੰਤਰੀ : ਸਪੀਕਰ ਸਾਹਿਬ, ਮੈਂ ਮੈਂਬਰ ਸਾਹਿਬ ਨੂੰ ਇਕ ਗੱਲ ਜ਼ਰੂਰ ਪੁੱਛਣਾ ਚਾਹੁੰਦਾ ਹਾਂ ਕਿ ਕਾਂਗਰਸ ਅੱਜ ਸਪੱਸ਼ਟ ਕਰੇ ਕਿ ਗੁਰਦੁਆਰਿਆਂ ਨੂੰ, ਮੰਦਰਾਂ ਨੂੰ, ਮਸਜਿਦਾਂ ਨੂੰ ਅਤੇ ਚਰਚਾਂ ਨੂੰ ਟੈਕਸ ਲੱਗਣਾ ਚਾਹੀਦਾ ਹੈ ਜਾਂ ਨਹੀਂ? .....(ਵਿਘਨ.....ਸ਼ੋਰ) ......

ਸ਼੍ਰੀ ਭਾਰਤ ਭੂਸ਼ਣ ਆਸ਼ੂ : ਅਸੀਂ ਫਿਰ ਤੋਂ ਕਹਿੰਦੇ ਹਾਂ ਕਿ ਨਹੀਂ ਲੱਗਣਾ ਚਾਹੀਦਾ। .....(ਵਿਘਨ.....ਸ਼ੋਰ)....

**Expunged as ordered by the Chair.

ਮਾਲ ਤੇ ਮੁੜ ਵਸੇਬਾ, ਸੂਚਨਾ ਤੇ ਲੋਕ ਸੰਪਰਕ, ਗੈਰ ਰਵਾਇਤੀ ਊਰਜਾ ਤੇ ਐਨ.ਆਰ.ਆਈ.ਮਾਮਲੇ ਮੰਤਰੀ : ਜੇ ਤੁਸੀਂ ਟੈਕਸ ਲਗਵਾਉਣਾ ਚਾਹੁੰਦੇ ਹੋ ਤਾਂ ਅੱਜ ਇਹ ਗੱਲ ਰਿਕਾਰਡ ਤੇ ਆ ਜਾਵੇ .....(ਵਿਘਨ.....ਸ਼ੋਰ) ......

ਸ਼੍ਰੀ ਭਾਰਤ ਭੂਸ਼ਣ ਆਸ਼ੂ : ਸਪੀਕਰ ਸਾਹਿਬ, ਅਸੀਂ ਤਾਂ ਇਥੇ ਜਿਹੜਾ ਲੋਕਾਂ ਤੇ ਟੈਕਸ ਲਗਾਇਆ ਹੈ, ਉਸ ਤੇ ਡਿਸਕਸ਼ਨ ਕਰਨ ਆਏ ਹਾਂ, ...(ਵਿਘਨ..... ਸ਼ੋਰ) ......

ਮਾਲ ਤੇ ਮੁੜ ਵਸੇਬਾ, ਸੂਚਨਾ ਤੇ ਲੋਕ ਸੰਪਰਕ, ਗੈਰ ਰਵਾਇਤੀ ਊਰਜਾ ਤੇ ਐਨ.ਆਰ.ਆਈ.ਮਾਮਲੇ ਮੰਤਰੀ : ਮੇਰੀ ਇਕ ਬੇਨਤੀ ਹੈ ਕਿ ਕਾਂਗਰਸ ਪਾਰਟੀ ਰਿਲੀਜਸ ਪਲੇਸਿਜ਼ ਤੇ ਟੈਕਸ ਲਗਵਾਉਣਾ ਚਾਹੁੰਦੀ ਹੈ ਕਿ ਨਹੀਂ ਲਗਵਾਉਣਾ ਚਾਹੁੰਦੀ। .....(ਵਿਘਨ.....ਸ਼ੋਰ)......

ਸ਼੍ਰੀ ਭਾਰਤ ਭੂਸ਼ਣ ਆਸ਼ੂ : ਇਹ ਗੱਲ ਤੁਸੀਂ ਹੀ ਸੋਚ ਸਕਦੇ ਹੋ। ਅਸੀਂ ਨਹੀਂ ਲਗਵਾਉਣਾ ਚਾਹੁੰਦੇ।(ਵਿਘਨ...ਸ਼ੋਰ)

ਮਾਲ ਤੇ ਮੁੜ ਵਸੇਬਾ, ਸੂਚਨਾ ਤੇ ਲੋਕ ਸੰਪਰਕ, ਗੈਰ ਰਵਾਇਤੀ ਊਰਜਾ ਤੇ ਐਨ.ਆਰ.ਆਈ.ਮਾਮਲੇ ਮੰਤਰੀ : ਨਹੀਂ ਲਗਵਾਉਣਾ ਚਾਹੁੰਦੀ, ਠੀਕ ਹੈ ਜੀ। ...(ਵਿਘਨ...ਸ਼ੋਰ)....

ਸ਼੍ਰੀ ਭਾਰਤ ਭੂਸ਼ਣ ਆਸ਼ੂ : ਇਥੇ ਲਿਖਿਆ ਹੈ ਕਿ ਸੁਤੰਤਰਤਾ ਸੰਗਰਾਮੀਆਂ ਨੂੰ ਮੁਆਫੀ ਅਤੇ ਨਾਲ ਲਿਖ ਦਿੱਤਾ ਜਿਹੜੇ ਸਿਰਫ ਪੈਨਸ਼ਨ ਲੈਂਦੇ ਹੋਣ। ਇਹ ਇਕ ਜਾਂ ਡੇਢ ਫੀਸਦੀ ਹਨ। ਇਹ ਸਿਰਫ ਮੁਆਫੀਆਂ ਦਾ ਮਖੌਲ ਉਡਾਇਆ ਗਿਆ ਹੈ। ਉਸ ਤੋਂ ਬਾਅਦ ਮੈਂ ਦੱਸਦਾ ਹਾਂ ਟੈਕਸ ਲਗਾਉਣ ਦਾ ਤਰੀਕਾ। ....(ਵਿਘਨ.....ਸ਼ੋਰ)....

ਮਾਨਯੋਗ ਸਪੀਕਰ : ਮੇਰੀ ਗੱਲ ਤਾਂ ਸੁਣ ਲਵੋ। ਮੈਂ 5-5 ਮਿੰਟ ਸਾਰਿਆਂ ਨੂੰ ਦਿੱਤੇ ਹਨ।

ਸ਼੍ਰੀ ਭਾਰਤ ਭੂਸ਼ਣ ਆਸ਼ੂ : ਜਿਹੜਾ ਇਸ ਦੇ ਵਿੱਚ ਟੈਕਸ ਲਗਾਇਆ ਗਿਆ ਹੈ, ਇੱਕ ਗਜ਼ ਵੀ ਕਿਸੇ ਗਰੀਬ ਆਦਮੀ ਨੂੰ ਮੁਆਫ ਨਹੀਂ ਕੀਤਾ ਗਿਆ। ਮਖੌਲ ਉਡਾਇਆ ਗਿਆ ਹੈ ਗਰੀਬਾਂ ਦਾ, ਮਾਨਯੋਗ ਮੰਤਰੀ ਸਾਹਿਬ ਧਿਆਨ ਦੇਣਗੇ, ਕਿ 50 ਗਜ਼ ਤੇ ਸਿਰਫ 50/- ਰੁਪਏ ਅਤੇ ਨਾਲ ਹੀ ਸ਼ਰਤ ਲਗਾ ਦਿੱਤੀ ਕਿ ਕਵਰਡ ਏਰੀਆ ਸਿਰਫ 450 ਸੁਕਵੇਅਰ ਫੁੱਟ ਹੋਵੇ। ਇੱਕ ਕਮਰੇ ਦੇ ਉੱਤੇ ਜਿਸ ਨੇ ਵੀ 50 ਗਜ਼ ਵਿੱਚ ਘਰ ਬਣਾਇਆ ਹੈ, ਉਹ 2 ਮੰਜ਼ਿਲਾਂ ਤਾਂ ਬਣਾ ਕੇ ਬੈਠਾ ਹੋਵੇਗਾ। 450 ਸਕਵੇਅਰ ਫੁੱਟ ਦੇ ਉੱਤੇ ਕੀ ਮੰਜ਼ਿਲ ਨਹੀਂ ਪੈ ਸਕਦੀ? ਉਹ ਦੇ 50/- ਰੁਪਏ ਤਾਂ ਖਤਮ ਹੋ ਗਏ। ਉਹ ਦੁਬਾਰਾ ਕੁਲੈਕਟੋਰੇਟ ਵਿੱਚ ਆ ਗਿਆ। 100 ਗਜ਼ ਵਾਲੇ ਨੂੰ 150/- ਰੁਪਏ, ਨਾਲ ਸ਼ਰਤ ਹੈ ਕਿ ਇਕੱਲਾ 900 ਸਕਵੇਅਰ ਫੁੱਟ ਏਰੀਆ ਕਵਰਡ ਹੋਣਾ ਚਾਹੀਦਾ ਹੈ। ਸਭ ਤੋਂ ਜ਼ਰੂਰੀ ਗੱਲ ਜਿਹੜੀ ਮੈਂ ਕਹਿਣਾ ਚਾਹੁੰਦਾ ਹਾਂ ਤੇ ਲੋਕਾਂ ਦੇ ਵਿੱਚ ਰੋਸ ਵੀ ਹੈ ਕਿ ਅੱਜ ਅਸੀਂ ਜਿਸ

ਪ੍ਰਾਪਰਟੀ ਟੈਕਸ ਬਿੱਲ ਤੇ ਡਿਸਕਸ਼ਨ ਕਰ ਰਹੇ ਹਾਂ, ਇਹ ਪ੍ਰਾਪਰਟੀ ਟੈਕਸ ਇੱਕ ਮਹੀਨਾ ਪਹਿਲਾਂ ਤੋਂ ਲੋਕਾਂ ਵੱਲੋਂ ਭਰਿਆ ਜਾ ਰਿਹਾ ਹੈ। ਬੈਕਡੋਰ ਵਿੱਚ ਆਰਡੀਨੈਂਸ ਜਾਰੀ ਹੋ ਗਿਆ ਹੈ ਅਤੇ ਲੋਕਾਂ ਵੱਲੋਂ ਇੱਕ ਅਕਤੂਬਰ ਤੋਂ 30 ਨਵੰਬਰ ਤੱਕ ਟੈਕਸ ਭਰਿਆ ਜਾ ਰਿਹਾ ਹੈ। ਅਸੀਂ ਇਸ ਦੇ ਵਿੱਚ ਕੀ ਬਹਿਸ ਕਰਾਂਗੇ। ਇਸ ਦੇ ਵਿੱਚ ਜਿਹੜਾ 10 ਗਜ਼ ਦਾ ਦੁਕਾਨਦਾਰ ਹੈ, ਜੇ ਉਸ ਦੀਆਂ 2 ਮੰਜ਼ਿਲਾਂ ਪਈਆਂ ਹੋਈਆਂ ਹਨ ਤਾਂ ਟੈਕਸ ਵਿੱਚ ਪ੍ਰੋਵੀਜ਼ਨ ਇਹ ਹੈ ਕਿ ਉਸ ਨੂੰ 2 ਮੰਜ਼ਿਲਾਂ ਤੇ 2 ਕੁਲੈਕਟੋਰੇਟ ਨਾਲ ਟੈਕਸ ਦੇਣਾ ਪਵੇਗਾ। ਇਹ ਕਿਥੋਂ ਦਾ ਇਨਸਾਫ ਹੈ। ਕੁਲੈਕਟੋਰੇਟ ਇੱਕ ਤੇ ਲੱਗੇਗਾ ਕਿ 10 ਗਜ਼ ਦਾ ਹੈ ਨਾ ਕਿ 10 ਗਜ਼ ਦੀ ਮੰਜ਼ਿਲ ਤੇ ਦੂਸਰਾ........

Mr. Speaker : Please conclude now. ਮੈਂ ਕਿਹਾ ਜੀ ਮੈਂ ਸਮਝਦਾ ਹਾਂ ਆਪਣੀ ਜ਼ਿੰਮੇਵਾਰੀ ਨੂੰ। Please conclude now.

ਸ਼੍ਰੀ ਭਾਰਤ ਭੂਸ਼ਣ ਆਸ਼ੂ : ਜਾ ਕੇ ਸ਼ਹਿਰ ਵਿੱਚ ਦੇਖੋ, ਵਲਟੋਹਾ ਸਾਹਿਬ, ਤੁਸੀਂ ਸ਼ਹਿਰ ਵਿੱਚੋਂ ਨਹੀਂ ਆਉਂਦੇ? ਗਰੁੱਪ ਹਾਊਸਿੰਗ ਦੇ ਵਿੱਚ ਜਿਹੜੀਆਂ ਸਾਡੀਆਂ ਸਾਰੀਆਂ ਸਰਕਾਰੀ ਏਜੰਸੀਆਂ ਘਰ ਅਲਾਟ ਕਰਦੀਆਂ ਹਨ, ਉਨ੍ਹਾਂ ਦਾ ਗਰਾਊਂਡ ਫਲੋਰ ਤੇ ਰੇਟ ਹੋਰ ਹੁੰਦਾ ਹੈ, ਫਸਟ ਫਲੋਰ ਤੇ ਰੇਟ ਹੋਰ ਹੁੰਦਾ ਹੈ ਤੇ ਸੈਕਿੰਡ ਫਲੋਰ ਤੇ ਹੋਰ ਹੁੰਦਾ ਹੈ। ਇਸ ਦੇ ਵਿੱਚ ਟੈਕਸ ਸਾਰੀਆਂ ਮੰਜ਼ਿਲਾਂ ਤੇ 100 % ਕੁਲੈਕਟੋਰੇਟ ਅਨੁਸਾਰ ਲੱਗੇਗਾ। ਸਾਰਿਆਂ ਨਾਲ ਹੀ ਧੱਕਾ ਹੈ। ਆਪਣੀ ਮਨ-ਮਰਜ਼ੀ ਦੇ ਨਾਲ ਕੀਤਾ ਹੋਇਆ ਹੈ। ਪਹਿਲਾਂ ਤਾਂ ਜਿਹੜਾ ਆਰਡੀਨੈਂਸ ਆਇਆ ਸੀ, ਉਸ ਦੇ ਵਿੱਚ ਕਮਰਸ਼ੀਅਲ ਤੇ ਇੰਡਸਟਰੀ ਨੂੰ ਸੇਮ ਰੇਟ ਲਾਇਆ ਹੋਇਆ ਸੀ। ਹੁਣ ਮੈਨੂੰ ਇਹ ਪੜ੍ਹ ਕੇ ਖੁਸ਼ੀ ਹੋਈ ਹੈ ਕਿ ਇੰਡਸਟਰੀਅਲ ਨੂੰ ਥੋੜ੍ਹਾ ਜਿਹਾ ਘਟਾ ਤਾਂ ਦਿੱਤਾ ਹੈ। ਸ਼ੁਕਰ ਹੈ, ਮਾੜੀ ਮੋਟੀ ਇੰਡਸਟਰੀ ਦੀ ਇਨ੍ਹਾਂ ਨੂੰ ਸੁੱਧ ਆਈ ਹੈ। ਪਰ ਗਰੀਬ ਨੂੰ ਫਿਰ ਵੀ ਕੁਝ ਨਹੀਂ ਦਿੱਤਾ ਹੈ। ਜਿਹੜਾ ਇੱਕ ਹਸਪਤਾਲ ਹੈ, ਚਾਹੇ ਉਹ ਇੱਕ ਹਜ਼ਾਰ ਗਜ਼ ਵਿੱਚ ਹੈ, ਚਾਹੇ ਦੋ ਹਜ਼ਾਰ ਗਜ਼ ਵਿੱਚ 4 ਮੰਜ਼ਿਲਾਂ ਦਾ ਹੈ, ਉਸ ਨੂੰ ਇੱਕ ਕੁਲੈਕਟੋਰੇਟ ਲੱਗੇਗਾ। ਗਰੀਬ ਆਦਮੀ ਜਿਹੜਾ 10 ਗਜ਼ ਦੀ ਦੁਕਾਨ ਚਲਾ ਰਿਹਾ ਹੈ, ਉਸ ਦੀਆਂ ਦੋ ਮੰਜ਼ਿਲਾਂ ਹਨ, ਉਸ ਨੂੰ 2 ਟੈਕਸ ਲੱਗਣਗੇ।

ਮਾਲ ਤੇ ਮੁੜ ਵਸੇਬਾ, ਸੂਚਨਾ ਤੇ ਲੋਕ ਸੰਪਰਕ, ਗੈਰ ਰਵਾਇਤੀ ਊਰਜਾ ਤੇ ਐਨ.ਆਰ.ਆਈ.ਮਾਮਲੇ ਮੰਤਰੀ : ਇਨ੍ਹਾਂ ਨੇ (ਕਾਂਗਰਸ ਪਾਰਟੀ ਵੱਲ ਇਸ਼ਾਰਾ) ਗਰੀਬਾਂ ਦੀਆਂ ਚੀਕਾਂ ਕਢਵਾ ਦਿੱਤੀਆਂ ਹਨ ਤੇ ਹੁਣ ਗਰੀਬਾਂ ਦੇ ਠੇਕੇਦਾਰ ਬਣਦੇ ਫਿਰਦੇ ਹਨ।

Mr. Speaker : Please conclude. Not to be recorded anything else now except speech of Shri Ashu.

ਸ਼੍ਰੀ ਭਾਰਤ ਭੂਸ਼ਣ ਆਸ਼ੂ : ਇਨ੍ਹਾਂ ਨੇ ਟੈਕਸ ਲਗਾ ਲਗਾ ਕੇ ਸਾਡੀ ਤਸੱਲੀ ਤਾਂ ਕੀ, ਸਾਰੇ ਪੰਜਾਬ ਦੀ ਤਸੱਲੀ ਕਰਵਾਈ ਪਈ ਹੈ ਅਤੇ ਗਲਤ ਬਿਆਨੀ ਕਰਦੇ ਹਨ ਅਤੇ ਫਿਰ ਸਭ ਦਾ ਮਜ਼ਾਕ ਉਡਾਉਂਦੇ ਹਨ।

Mr. Speaker : Please conclude now. ....(ਵਿਘਨ ......ਸ਼ੋਰ) ......

ਸ਼੍ਰੀ ਭਾਰਤ ਭੂਸ਼ਣ ਆਸ਼ੂ : ਬੜੇ ਜੋਰ ਸ਼ੋਰ ਨਾਲ ਇਹ ਦੱਸਿਆ ਜਾਂਦਾ ਹੈ ਕਿ ਰੈਂਟਲ ਵੈਲਿਊ ਅਸੀਂ 10% ਤੋਂ 15% ਕਰ ਦਿੱਤੀ ਹੈ। ਉਹ ਕਿਸ ਦੀ ਸੀ, ਜਿਹੜੇ ਕਿ ਅਮੀਰ ਟੈਕਸ ਪੇਅਰ ਸੀ, ਜਿਹੜੇ ਕਿਰਾਇਆ ਲੈਂਦੇ ਹਨ, ਜਿਨ੍ਹਾਂ ਦੇ ਐਮ.ਐਨ.ਸੀਜ਼ ਨੂੰ ਅਤੇ ਬੈਂਕਾਂ ਨੂੰ ਕਿਰਾਏ ਤੇ ਚੜ੍ਹੇ ਹੋਏ ਹਨ। ਕਿਹੜੇ ਗਰੀਬ ਆਦਮੀ ਨੂੰ ਇਸ ਦੇ ਵਿੱਚ ਰਿਆਇਤ ਦਿੱਤੀ ਹੈ, ਮੈਨੂੰ ਸਾਰਾ ਐਕਟ ਪੜ੍ਹ ਕੇ ਦਿਖਾ ਦਿਓ। ਇਹ ਤੁਸੀਂ ਆਪ ਬਣਾਇਆ ਅਤੇ ਅਮੀਰ ਆਦਮੀਆਂ ਨੂੰ ਰਿਆਇਤ ਦੇ ਦਿੱਤੀ ਹੈ, ਉਨ੍ਹਾਂ ਦਾ ਟੈਕਸ 15% ਤੋਂ 10% ਕਰ ਦਿੱਤਾ ਹੈ ਪਰ ਬਹੁਤ ਜ਼ਰੂਰੀ ਹੈ, ਜਿਹੜਾ ਗਰੀਬ ਆਦਮੀਆਂ ਦੇ ਉਤੇ ਗਰੀਬ ਲੋਕਾਂ ਦੇ ਉੱਤੇ..........

ਮਾਨਯੋਗ ਸਪੀਕਰ : ਨੈਕਸਟ, ਸ਼੍ਰੀ ਪ੍ਰਕਾਸ਼ ਚੰਦ ਗਰਗ ਜੀ। ਸਿਰਫ 5 ਮਿੰਟ, ਗਰਗ ਜੀ। ...(ਵਿਘਨ)....

ਮੁੱਖ ਸੰਸਦੀ ਸਕੱਤਰ, ਖੁਰਾਕ ਅਤੇ ਸਿਵਲ ਸਪਲਾਈ (ਸ਼੍ਰੀ ਪ੍ਰਕਾਸ਼ ਚੰਦ ਗਰਗ) : ਬੈਠ ਜਾਓ ਜੀ, ਮੇਰਾ ਟਾਈਮ ਆ ਗਿਆ ਹੈ। (ਹਾਸਾ) ਬੈਠ ਜਾਉ, ਬਹੁਤ ਹੋ ਗਿਆ। ਗਰੀਬਾਂ ਦੀ ਹਮਦਰਦੀ ਦੇਖ ਲਈ।

ਮਾਨਯੋਗ ਸਪੀਕਰ : ਗਰਗ ਜੀ, ਪੰਜ ਮਿੰਟ ਸਿਰਫ।

ਮੁੱਖ ਸੰਸਦੀ ਸਕੱਤਰ, ਖੁਰਾਕ ਅਤੇ ਸਿਵਲ ਸਪਲਾਈ : ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡਾ ਬਹੁਤ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਪੰਜਾਬ ਮਿਊਂਸਪਲ ਸੋਧਨਾ ਬਿੱਲ, 2013 ਤੇ ਬੋਲਣ ਦਾ ਮੌਕਾ ਦਿੱਤਾ ਹੈ ਔਰ ਮੈਂ ਸਾਹਮਣੇ ਬੈਠੇ ਸਾਥੀਆਂ ਨੂੰ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਗਰੀਬਾਂ ਦੀ ਹਮਦਰਦੀ ਦਾ ਜੋ ਇਹ ਸਵਾਂਗ ਰਚਿਆ ਜਾ ਰਿਹਾ ਹੈ, ਉਸ ਸਬੰਧੀ ਡਾਕਟਰ ਦਲਜੀਤ ਸਿੰਘ ਚੀਮਾ, ਜੋ ਸਾਡੇ ਸਤਿਕਾਰਯੋਗ ਮੈਂਬਰ ਹਨ, ਉਨ੍ਹਾਂ ਨੇ ਬਹੁਤ ਹੀ ਸੁਚੱਜੇ ਢੰਗ ਨਾਲ ਸਦਨ ਨੂੰ ਜਾਣੂ ਕਰਵਾਇਆ ਹੈ ਕਿ 7 ਜੂਨ 2006 ਨੂੰ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਜੀ ਨੇ ਇਸ ਸਕੀਮ ਨੂੰ ਲਾਗੂ ਕਰਨ ਦੀ ਕਮਿਟਮੈਂਟ ਕੀਤੀ ਸੀ। ਉਨ੍ਹਾਂ ਨੇ ਆਪਣੇ ਪੱਤਰ ਰਾਹੀਂ ਕੀਤੀ ਸੀ। ਮੈਂ ਉਸ ਨੂੰ ਦੁਬਾਰਾ ਰਿਪੀਟ ਨਹੀਂ ਕਰਨਾ ਚਾਹੁੰਦਾ। ਔਰੋਂ ਕੋ ਨਸੀਹਤ, ਖੁਦ ਮੀਆਂ ਫਜ਼ੀਹਤ। ਸਭ ਕੁਝ ਆਪ ਕਰਕੇ....

(ਇਸ ਸਮੇਂ ਸਰਦਾਰ ਕੁਲਜੀਤ ਸਿੰਘ ਨਾਗਰਾ ਬਿਨਾ ਆਗਿਆ ਤੋਂ ਕੁਝ ਬੋਲ ਰਹੇ ਸਨ ਜੋ ਕਿ ਮਾਈਕ ਬੰਦ ਹੋਣ ਕਾਰਨ ਸੁਣਾਈ ਨਹੀਂ ਦਿੱਤਾ।)

ਮੁੱਖ ਸੰਸਦੀ ਸਕੱਤਰ, ਖੁਰਾਕ ਅਤੇ ਸਿਵਲ ਸਪਲਾਈ : ਤੁਹਾਨੂੰ ਕੱਲਿਆਂ ਨੂੰ ਸਮਝਾਵਾਂਗਾ। (ਹਾਸਾ) ਕਿ ਆਪ ਹੀ ਸਾਰੇ ਕੁਝ ਦੀ ਕਮਿਟਮੈਂਟ ਕਰਕੇ ਅੱਜ ਜਿਸ ਢੰਗ ਨਾਲ ਪੰਜਾਬ ਦੇ ਲੋਕਾਂ ਨੂੰ ਗੁੰਮਰਾਹ ਕਰ ਰਹੇ ਹਨ, ਇਸ ਤੋਂ ਸਾਬਤ ਹੋ ਰਿਹਾ ਹੈ ਕਿ ਇਹ ਆਉਣ ਵਾਲੀ 2014 ਦੀ ਪਾਰਲੀਮੈਂਟ ਇਲੈਕਸ਼ਨ ਵਿੱਚ ਜਿੱਤਣ ਦਾ ਸੁਪਨਾ ਲੈ ਰਹੇ ਹਨ, ਉਹ ਸੁਪਨਾ ਇਨ੍ਹਾਂ ਦਾ ਪੂਰਾ ਨਹੀਂ ਹੋ ਸਕਦਾ ਕਿਉਂਕਿ ਇਨ੍ਹਾਂ ਦੇ ਚਿਹਰੇ

ਤੋਂ ਨਕਾਬ ਉਤਰ ਗਿਆ ਹੈ ਔਰ ਇਹ ਇਸ ਗੱਲ ਨੂੰ ਚੰਗੀ ਤਰ੍ਹਾਂ ਸਮਝਦੇ ਹਨ।
.....(ਵਿਘਨ......ਸ਼ੋਰ) .....

ਸਰਦਾਰ ਕੁਲਜੀਤ ਸਿੰਘ ਨਾਗਰਾ : ਸਪੀਕਰ ਸਾਹਿਬ ** ** **

Mr. Speaker : Please sit down. Not to be recorded.

ਮੁੱਖ ਸੰਸਦੀ ਸਕੱਤਰ, ਖੁਰਾਕ ਅਤੇ ਸਿਵਲ ਸਪਲਾਈ : ਇਕ ਮਿੰਟ, ਨਾਗਰਾ ਸਾਹਿਬ, ਬੈਠ ਜਾਉ। ਜਿਹੜੀ ਜਨੂਰਮ ਦੀ ਸਕੀਮ ਅਧੀਨ ਪ੍ਰਾਪਰਟੀ ਟੈਕਸ ਦੀ ਤਜਵੀਜ਼ ਰੱਖੀ ਗਈ ਹੈ, ਇਹ ਤਜਵੀਜ਼ ਅੱਜ ਤੋਂ 6 ਸਾਲ ਪਹਿਲਾਂ ਪੰਜਾਬ ਵਿੱਚ ਲਾਗੂ ਹੋਣੀ ਸੀ, ਜੇ ਤੁਹਾਡਾ ਸੁਪਨਾ ਪੂਰਾ ਹੋ ਜਾਂਦਾ। ਪਰ ਪੰਜਾਬ ਦੇ ਲੋਕ ਸਿਆਣੇ ਰਹੇ, ਜਿਨ੍ਹਾਂ ਨੇ ਤੁਹਾਡੇ ਤੇ ਭਰੋਸਾ ਨਹੀਂ ਕੀਤਾ ਤੇ 6 ਸਾਲ ਪਹਿਲਾਂ ਤੁਸੀਂ ਪੰਜਾਬ ਦੇ ਲੋਕਾਂ ਦਾ ਬਹੁਤ ਵੱਡਾ ਨੁਕਸਾਨ ਕਰਨਾ ਸੀ। ਲੇਕਿਨ ਮੈਂ ਧੰਨਵਾਦ ਕਰਦਾ ਹਾਂ ਡਿਪਟੀ ਮੁੱਖ ਮੰਤਰੀ, ਸਰਦਾਰ ਸੁਖਬੀਰ ਸਿੰਘ ਬਾਦਲ ਜੀ ਦਾ, ਜਿਨ੍ਹਾਂ ਦੀ ਚੇਅਰਮੈਨਸ਼ਿਪ ਦੇ ਵਿੱਚ ਚਾਰ ਮੈਂਬਰੀ ਕਮੇਟੀ ਬਣਾ ਕੇ.....

(ਇਸ ਸਮੇਂ ਮਾਈਕ ਬੰਦ ਹੋ ਗਿਆ ਜਿਸ ਕਾਰਨ ਆਵਾਜ਼ ਸੁਣਾਈ ਨਹੀਂ ਸੀ ਦੇ ਰਹੀ।) ....(ਵਿਘਨ....ਸ਼ੋਰ)...

(ਇਸ ਸਮੇਂ ਸਰਦਾਰ ਕੁਲਜੀਤ ਸਿੰਘ ਨਾਗਰਾ ਬਿਨਾ ਆਗਿਆ ਤੋਂ ਬੋਲ ਰਹੇ ਸਨ, ਜੋ ਕਿ ਸੁਣਾਈ ਨਹੀਂ ਦੇ ਰਿਹਾ ਸੀ)

ਮਾਨਯੋਗ ਸਪੀਕਰ : ਨਾਲ ਦੇ ਮਾਈਕ ਤੇ ਹੋ ਜਾਉ ਗਰਗ ਜੀ।

(ਇਸ ਸਮੇਂ ਮੁੱਖ ਸੰਸਦੀ ਸਕੱਤਰ, ਖੁਰਾਕ ਅਤੇ ਸਿਵਲ ਸਪਲਾਈ, ਸ਼੍ਰੀ ਪ੍ਰਕਾਸ਼ ਚੰਦ ਗਰਗ ਦੂਸਰੇ ਮਾਈਕ ਤੇ ਬੋਲਣ ਲਈ ਦੂਸਰੀ ਸੀਟ ਤੇ ਗਏ ਪ੍ਰੰਤੂ ਉਹ ਮਾਈਕ ਵੀ ਨਹੀਂ ਚੱਲ ਰਿਹਾ ਸੀ ਅਤੇ ਉਨ੍ਹਾਂ ਲਈ ਹੱਥ ਵਾਲੇ ਮਾਈਕ ਦਾ ਪ੍ਰਬੰਧ ਕੀਤਾ ਗਿਆ ਅਤੇ ਉਹ ਹੱਥ ਵਾਲਾ ਮਾਈਕ ਲੈ ਕੇ ਆਪਣੀ ਸੀਟ ਤੇ ਚਲੇ ਗਏ।)

ਮੁੱਖ ਸੰਸਦੀ ਸਕੱਤਰ, ਖੁਰਾਕ ਅਤੇ ਸਿਵਲ ਸਪਲਾਈ : ਜਿਹੜੇ ਸੁਪਨੇ ਤੁਸੀਂ ਲੈ ਰਹੇ ਹੋ, ਉਨ੍ਹਾਂ ਬਾਰੇ ਸਾਨੂੰ ਸਾਰਾ ਗਿਆਨ ਹੈ। ਮੈਂ ਪੰਜਾਬ ਦੇ ਡਿਪਟੀ ਮੁੱਖ ਮੰਤਰੀ, ਸਰਦਾਰ ਸੁਖਬੀਰ ਸਿੰਘ ਬਾਦਲ ਹੋਰਾਂ ਦਾ ਔਰ ਸਾਰੀ ਸਬ ਕਮੇਟੀ ਦਾ ਧੰਨਵਾਦ ਕਰਦਾ ਹਾਂ, ਜਿਨ੍ਹਾਂ ਨੇ ਪ੍ਰਾਪਰਟੀ ਟੈਕਸ ਸਬੰਧੀ ਇੱਕ ਬਹੁਤ ਹੀ ਸੂਝਵਾਨ ਫੈਸਲਾ ਲਿਆ ਹੈ ਔਰ ਬਹੁਤ ਹੀ ਘੱਟ ਰੇਟ ਦੇ ਪੰਜਾਬ ਦੇ ਲੋਕਾਂ ਤੇ ਟੈਕਸ ਲਾਏ ਹਨ ਅਤੇ ਹਾਊਸ ਟੈਕਸ ਦੇ ਬਦਲ ਦੇ ਰੂਪ ਵਿੱਚ ਪ੍ਰਾਪਰਟੀ ਟੈਕਸ ਲੱਗ ਰਿਹਾ ਹੈ। ....(ਵਿਘਨ)....

Mr. Speaker : Silence Please.

ਮੁੱਖ ਸੰਸਦੀ ਸਕੱਤਰ, ਖੁਰਾਕ ਅਤੇ ਸਿਵਲ ਸਪਲਾਈ : ਮੈਂ ਸਾਰੀਆਂ ਗੱਲਾਂ ਦੁਬਾਰਾ ਰਿਪੀਟ ਨਹੀਂ ਕਰਨਾ ਚਾਹੁੰਦਾ....

**Not recorded as ordered by the Chair.

Mr. Speaker : Thank you.

ਮੁੱਖ ਸੰਸਦੀ ਸਕੱਤਰ, ਖੁਰਾਕ ਅਤੇ ਸਿਵਲ ਸਪਲਾਈ : ਕਿਉਂਕਿ ਜੋ ਸਾਬਕਾ ਮੁੱਖ ਮੰਤਰੀ ਜੀ ਦਾ ਲੈਟਰ ਹੈ, ਸੈਂਟਰ ਸਰਕਾਰ ਦੀਆਂ ਚਿੱਠੀਆਂ ਹਨ, ਉਹ ਪਹਿਲਾਂ ਡਾਕਟਰ ਚੀਮਾ ਜੀ ਨੇ ਕੋਟ ਕੀਤੀਆਂ ਹਨ ਲੇਕਿਨ ਇਸ ਬਾਰੇ ਮੈਂ ਜਰੂਰ ਦੱਸਣਾ ਚਾਹੁੰਦਾ ਹਾਂ ਕਿ ਪੰਜਾਬ ਸਰਕਾਰ ਨੂੰ 13ਵੇਂ ਫਾਇਨਾਂਸ਼ੀਅਲ ਕਮਿਸ਼ਨ ਦੀ ਜੋ ਗਰਾਂਟ ਆਉਣੀ ਸੀ, ਉਸ ਵਿੱਚ 2011-12 ਔਰ 2012-13 ਵਿੱਚ ਜੋ 78 ਕਰੋੜ ਰੁਪਿਆ ਸਰਕਾਰ ਨੂੰ ਮਿਲਣਾ ਸੀ, ਉਸ ਵਿੱਚੋਂ ਕੇਂਦਰ ਸਰਕਾਰ ਨੇ ਕੇਵਲ 13 ਕਰੋੜ ਰੁਪਿਆ ਦਿੱਤਾ ਹੈ। (ਸ਼ੇਮ-ਸ਼ੇਮ ਦੀਆਂ ਆਵਾਜ਼ਾਂ) ਸਿਰਫ ਇਸ ਕਰਕੇ ਪਿਛਲੇ ਬੈਕਲਾਗ ਦੇ 65 ਕਰੋੜ ਰੁਪਏ ਤੋਂ ਜਵਾਬ ਦੇ ਗਏ ਔਰ ਜਿਹੜਾ 139 ਕਰੋੜ ਰੁਪਿਆ ਸੀ, ਉਸ ਦੇ ਵਿੱਚੋਂ 97 ਕਰੋੜ ਰੁਪਏ ਦੀ ਪੇਮੈਂਟ ਆਈ ਹੈ। ਇਸ ਕਰਕੇ ਜਿਹੜਾ ਇਸ ਹਾਊਸ ਦੇ ਵਿੱਚ ਤੁਹਾਡਾ ਇਹ ਡਰਾਮਾ ਅਸੀਂ ਵੇਖ ਰਹੇ ਹਾਂ, ਇਹ ਤੁਹਾਨੂੰ ਉਥੇ ਦਿੱਲੀ ਜਾ ਕੇ ਕਰਨਾ ਚਾਹੀਦਾ ਹੈ। ਉਥੇ ਜਾ ਕੇ ਤੁਹਾਨੂੰ, ਜੇ ਪੰਜਾਬ ਦੇ ਲੋਕਾਂ ਦੀ ਕੋਈ ਤਕਲੀਫ ਹੈ, ਉਨ੍ਹਾਂ ਨੂੰ ਇਹ ਦੱਸਣੀ ਚਾਹੀਦੀ ਹੈ। ਪ੍ਰਾਪਰਟੀ ਟੈਕਸ ਸਬੰਧੀ ਜੋ ਤਜਵੀਜ਼ ਪੇਸ਼ ਕੀਤੀ ਗਈ ਹੈ, ਜੋ ਬੜੀ ਜੈਨੂਅਨ ਹੈ, ਮੈਂ ਉਸ ਨੂੰ ਪੂਰੀ ਡਿਟੇਲ ਵਿੱਚ ਨਹੀਂ ਪੜ੍ਹਨਾ ਚਾਹੁੰਦਾ ਕਿਉਂਕਿ ਸਪੀਕਰ ਸਾਹਿਬ ਨੇ ਮੈਨੂੰ ਬੋਲਣ ਲਈ ਕੇਵਲ ਪੰਜ ਮਿੰਟ ਦਾ ਸਮਾਂ ਦਿੱਤਾ ਹੈ, ਇਸ ਲਈ ਮੈਂ ਸਦਨ ਨੂੰ ਇਸ ਨੂੰ ਸਰਬਸੰਮਤੀ ਦੇ ਨਾਲ ਪਾਸ ਕਰਨ ਦੀ ਮੈਂ ਬੇਨਤੀ ਕਰਦਾ ਹਾਂ।

Mr. Speaker : Thank you. ਹੁਣ ਸ਼੍ਰੀ ਅਸ਼ਵਨੀ ਸੇਖੜੀ ਜੀ ਕੇਵਲ ਪੰਜ ਮਿੰਟਾਂ ਲਈ ਬੋਲਣਗੇ। ਪੰਜ ਮਿੰਟ ਤੋਂ ਵੱਧ ਨਹੀਂ ਬੋਲਣਾ ਪਲੀਜ਼।

ਸ਼੍ਰੀ ਅਸ਼ਵਨੀ ਸੇਖੜੀ (ਬਟਾਲਾ) : ਸਪੀਕਰ ਸਾਹਿਬ, ਤੁਹਾਡਾ ਧੰਨਵਾਦ ਹੈ ਕਿ ਤੁਸੀਂ ਮੈਨੂੰ ਇਕ ਅਹਿਮ ਮੁੱਦੇ ਤੇ ਆਪਣੇ ਵਿਚਾਰ ਰੱਖਣ ਦਾ ਮੌਕਾ ਦਿੱਤਾ ਹੈ। ਬਿਲ ਦੀ ਜਿਹੜੀ ਪ੍ਰੀਐਂਬਲ ਹੈ, ਜਿਹੜੀ ਇਨ੍ਹਾਂ ਨੇ ਬੈਕਗਰਾਊਂਡ ਦੱਸੀ ਹੈ....

ਮਾਨਯੋਗ ਸਪੀਕਰ : ਤੁਸੀਂ ਬੈਕਗਰਾਊਂਡ ਵਿੱਚ ਨਾ ਜਾਓ।

ਸ਼੍ਰੀ ਅਸ਼ਵਨੀ ਸੇਖੜੀ : ਸਰ, ਉਸ ਤੇ ਗੱਲ ਆ ਰਹੀ ਹੈ ਨਾ। ਕਿਉਂਕਿ ਕੇਂਦਰ ਸਰਕਾਰ ਦੀ ਜਵਾਹਰ ਲਾਲ ਨਹਿਰੂ ਅਰਬਨ ਰੂਰਲ ਮਿਸ਼ਨ ਦੇ ਵਿੱਚ ਜਿਹੜੀ ਗਰਾਂਟ ਆਉਣੀ ਹੈ, ਉਸ ਦੇ ਵਿੱਚ ਕੰਡੀਸ਼ਨ ਸੀ ਕਿ ਤੁਸੀਂ ਪ੍ਰਾਪਰਟੀ ਟੈਕਸ ਲਗਾਓ, ਅਸੀਂ ਤਾਂ ਗਰਾਂਟ ਦਿਆਂਗੇ। ਇਸ ਦੇ ਨਾਲ ਹੀ ਇਹ ਵੀ ਦੱਸਿਆ ਗਿਆ ਕਿ 7 ਜੂਨ, 2006 ਨੂੰ ਪੰਜਾਬ ਸਰਕਾਰ ਨੇ ਚਿੱਠੀ ਦਿੱਤੀ ਕਿ ਸਾਨੂੰ ਨੋ-ਆਬਜੈਕਸ਼ਨ ਹੈ ਤੇ ਅਸੀਂ ਇਸ ਸਕੀਮ ਵਿੱਚ ਆਉਣਾ ਚਾਹੁੰਦੇ ਹਾਂ। ਸਪੀਕਰ ਸਾਹਿਬ, ਮੈਂ ਹੁਣੇ ਹੀ, ਲਗਭੱਗ 15 ਮਿੰਟ ਪਹਿਲਾਂ ਕੇਂਦਰ ਸਰਕਾਰ ਦੇ ਇਸ ਮਹਿਕਮੇ ਵਿੱਚ ਉਥੇ ਦੇ ਇਕ ਬਹੁਤ ਹੀ ਸੀਨੀਅਰ ਅਫਸਰ ਦੇ ਨਾਲ ਗੱਲ ਕੀਤੀ ਹੈ ਔਰ ਮੈਨੂੰ ਪਤਾ ਹੈ ਕਿ ਇਹ ਜਿਹੜੀ ਸਕੀਮ ਹੈ, ਜਵਾਹਰ ਲਾਲ ਨਹਿਰੂ ਅਰਬਨ ਰੂਰਲ ਮਿਸ਼ਨ, ਇਹ 31.3.2012 ਨੂੰ ਲੈਪਸ ਹੋ ਚੁੱਕੀ ਸੀ, ਖਤਮ ਹੋ ਚੁੱਕੀ ਸੀ ਕਿਉਂਕਿ ਇਸ ਦੇ ਬਾਰੇ ਮੈਨੂੰ ਵੀ ਪਤਾ ਹੈ। ਇਸ ਦਾ ਪਰੂਫ ਹੈ ਕਿ ਮੈਂ ਖੁਦ

ਬਟਾਲੇ ਅਤੇ ਜਲਾਲਾਬਾਦ ਲਈ ਇਸ ਮਿਸ਼ਨ ਵਿੱਚ ਗਰਾਂਟ ਲੈ ਕੇ ਆਇਆ ਸੀ ਕਿਉਂਕਿ ਉਸ ਵੇਲੇ ਪੰਜਾਬ ਦਾ 350 ਕਰੋੜ ਰੁਪਿਆ ਲੈਪਸ ਕਰ ਗਿਆ ਸੀ। 31 ਮਾਰਚ, 2012 ਨੂੰ ਜਵਾਹਰ ਲਾਲ ਨਹਿਰੂ ਅਰਬਨ ਰੂਰਲ ਮਿਸ਼ਨ ਲੈਪਸ ਕਰ ਗਿਆ। ਸਾਰੀਆਂ ਸਟੇਟਾਂ ਨੇ ਆਪਣੇ ਹਿੱਸੇ ਦੇ ਬਣਦੇ ਪੂਰੇ ਪੈਸੇ ਲੈ ਲਏ। ਅੱਜ ਦੇ ਦਿਨ ਇਸੇ ਪ੍ਰੋਟੈਸਟ ਦੇ ਵਿੱਚ ਟੈਕਸ ਲਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਔਰ ਇਸ ਦਾ ਬਲੇਮ ਕੇਂਦਰ ਸਰਕਾਰ ਨੂੰ ਔਰ ਕਾਂਗਰਸ ਪਾਰਟੀ ਨੂੰ ਕੀਤਾ ਜਾ ਰਿਹਾ ਹੈ। ਮੈਂ ਸਰਕਾਰ ਦੀ ਅਤੇ ਹਾਊਸ ਦੀ ਜਾਣਕਾਰੀ ਲਈ ਦੱਸਣਾ ਚਾਹੁੰਦਾ ਹਾਂ ਕਿ ਜਵਾਹਰ ਲਾਲ ਨਹਿਰੂ ਅਰਬਨ ਰੂਰਲ ਮਿਸ਼ਨ ਫੇਜ਼-2 ਹਾਲੇ ਸ਼ੁਰੂ ਨਹੀਂ ਹੋਇਆ, ਉਸਦੇ ਸ਼ੁਰੂ ਹੋਣ ਦੇ ਹਾਲੇ ਚਾਂਸਿਜ਼ ਵੀ ਨਹੀਂ ਹਨ ਪਰ ਜਿਹੜਾ ਨਵਾਂ ਮਿਸ਼ਨ ਹੈ, ਰਾਜੀਵ ਆਵਾਸ ਯੋਜਨਾ, ਉਸਦਾ ਨੋਟੀਫਿਕੇਸ਼ਨ 4 ਸਤੰਬਰ, 2013 ਨੂੰ ਹੋ ਗਿਆ ਹੈ। ਉਸਦੇ ਵਿੱਚ ਕੋਈ ਅਜਿਹੀ ਕੰਡੀਸ਼ਨ ਨਹੀਂ ਹੈ ਕਿ ਗਰੀਬਾਂ ਦੇ ਘਰਾਂ ਨੂੰ ਬਣਾਉਣ ਲਈ ਟੈਕਸ ਲਗਾਇਆ ਜਾਵੇ। ਅੱਜ ਕੇਂਦਰ ਸਰਕਾਰ ਤੋਂ ਜਵਾਹਰ ਲਾਲ ਨਹਿਰੂ ਅਰਬਨ ਰੂਰਲ ਮਿਸ਼ਨ ਵਿੱਚ ਜਿੰਨੀਆਂ ਪੁਰਾਣੀਆਂ ਸਕੀਮਾਂ ਚਲਦੀਆਂ ਹਨ, ਪਾਸ ਹੋਈਆਂ ਹਨ, ਉਨ੍ਹਾਂ ਦੇ ਪੈਸੇ ਆਉਣੇ ਹਨ। ਉਹ ਪੈਸੇ ਰੁਕ ਨਹੀਂ ਸਕਦੇ। ਉਹ ਪੈਸੇ ਆਉਣੇ ਹੀ ਆਉਣੇ ਹਨ। ਸਰਕਾਰ ਕੁਮਿਟਿਡ ਹੈ। ਜਿਹੜੀਆਂ ਸਕੀਮਾਂ 31 ਮਾਰਚ, 2012 ਤੋਂ ਪਹਿਲਾਂ ਪਾਸ ਹੋ ਗਈਆਂ ਹਨ, ਉਨ੍ਹਾਂ ਨਾਲ ਸਬੰਧਤ ਪੈਸੇ ਸਟੇਟਾਂ ਨੂੰ ਆਉਣੇ ਹੀ ਆਉਣੇ ਹਨ। ਸੋ, ਇਹ ਜਿਹੜਾ ਟੈਕਸ ਲਾਇਆ ਜਾ ਰਿਹਾ ਹੈ, ਇਹ ਸਿਰਫ ਤੇ ਸਿਰਫ ਸਰਕਾਰ ਜਿਹੜੀ ਅੱਜ ਵਿੱਤੀ ਤੌਰ ਤੇ ਦਿਵਾਲੀਆ ਹੋ ਚੁੱਕੀ ਹੈ, ਉਸ ਨੂੰ ਮੀਟ ਕਰਨ ਵਾਸਤੇ ਸ਼ਹਿਰਾਂ ਦੇ ਗਰੀਬ ਲੋਕਾਂ ਤੇ ਇਹ ਪ੍ਰਾਪਰਟੀ ਟੈਕਸ ਲਾਇਆ ਜਾ ਰਿਹਾ ਹੈ ਅਤੇ ਇਹ ਸਕੀਮ ਸਰਕਾਰ ਨੇ ਬਣਾਈ ਹੈ, ਬਲੇਮ ਕਾਂਗਰਸ ਪਾਰਟੀ ਤੇ ਕੀਤਾ ਜਾ ਰਿਹਾ ਹੈ। ਸਪੀਕਰ ਸਾਹਿਬ, ਕਿਉਂਕਿ ਮੈਨੂੰ ਜ਼ਿਆਦਾ ਸਮਾਂ ਨਹੀਂ ਮਿਲਿਆ ਕਿਉਂਕਿ ਇਹ ਬਿੱਲ ਮੈਨੂੰ ਕੱਲ੍ਹ ਹੀ ਮਿਲਿਆ ਹੈ। ਮੈਂ ਇਸ ਨੂੰ ਪੜ੍ਹਿਆ ਹੈ, ਮੈਨੂੰ ਇਹਦੇ ਵਿੱਚ ....

ਮਾਨਯੋਗ ਸਪੀਕਰ : ਕਿਸੇ ਨੂੰ ਇਤਰਾਜ਼ ਤਾਂ ਨਹੀਂ ਕਿ ਮਿਲਿਆ ਨਹੀਂ।

ਸ਼੍ਰੀ ਅਸ਼ਵਨੀ ਸੇਖੜੀ : ਕੱਲ੍ਹ ਹੀ ਮਿਲਿਆ ਹੈ ਜੀ।

ਮਾਨਯੋਗ ਸਪੀਕਰ : ਕੱਲ੍ਹ ਹੀ ਮਿਲਣਾ ਸੀ ਨਾ। ਹੁਣ ਕਿਸੇ ਨੂੰ ਇਤਰਾਜ਼ ਤਾਂ ਨਹੀਂ ਨਾ ਕਿ ਜੀ ਮੈਨੂੰ ਮਿਲਿਆ ਨਹੀਂ।

ਸ਼੍ਰੀ ਅਸ਼ਵਨੀ ਸੇਖੜੀ : ਉਸ ਤੋਂ ਪਹਿਲਾਂ ਨਹੀਂ ਸੀ ਮਿਲਿਆ।

ਮਾਨਯੋਗ ਸਪੀਕਰ : ਮੇਰਾ ਤੁਹਾਡੇ ਨਾਲ ਵਾਅਦਾ ਹੀ ਕੱਲ੍ਹ ਦਾ ਸੀ।

ਸ਼੍ਰੀ ਅਸ਼ਵਨੀ ਸੇਖੜੀ : ਇਹ ਜਿਹੜਾ ਟੈਕਸ ਕਾਨੂੰਨ ਹੈ, ਇਸ ਦੇ ਉਤੇ ਸਖਤ ਆਬਜੈਕਸ਼ਨ ਹੈ। ਜਿਹੜਾ ਸ਼ਹਿਰ ਦੇ ਵਿੱਚ ਰਹਿਣ ਵਾਲਾ ਇਨਸਾਨ ਹੈ ਜੇਕਰ ਉਸ ਇਨਸਾਨ ਨੇ 31 ਮਾਰਚ ਤੱਕ ਆਪਣੀ ਟੈਕਸ ਰਿਟਰਨ ਨਾ ਦਿੱਤੀ, ਜਿਵੇਂ ਮੇਰੇ ਤੋਂ ਪਹਿਲਾਂ ਬੋਲਦੇ ਹੋਏ ਮੇਰੇ ਵੀਰ ਆਸ਼ੂ ਜੀ ਨੇ ਵੀ ਕਿਹਾ ਹੈ ਕਿ ਜੇਕਰ ਕਿਤੇ ਕਿਸੇ ਨੇ 31 ਮਾਰਚ ਤੱਕ ਆਪਣੀ ਰਿਟਰਨ ਨਾ ਦਿੱਤੀ ਕਿਉਂਕਿ ਕਈ ਲੋਕ ਮਜ਼ਦੂਰ ਹਨ, ਉਨ੍ਹਾਂ ਨੂੰ ਸਮਾਂ ਨਹੀਂ

[ਸ਼੍ਰੀ ਅਸ਼ਵਨੀ ਸੇਖੜੀ]

ਮਿਲਦਾ, ਹਾਊਸ ਟੈਕਸ ਦੀ ਰਿਟਰਨ ਭਰਨੀ ਨਹੀਂ ਆਉਂਦੀ ਔਰ ਜੇਕਰ ਉਹ 31 ਮਾਰਚ ਤੱਕ ਆਪਣੀ ਰਿਟਰਨ ਨਹੀਂ ਦੇ ਸਕਿਆ ਤਾਂ 100% ਪੈਨਿਲਟੀ ਲੱਗੇਗੀ। ਇਹ ਬਹੁਤ ਆਬਜੈਕਸ਼ਨੇਬਲ ਹੈ, ਇਹ ਕੰਡੀਸ਼ਨ ਖਤਮ ਹੋਣੀ ਚਾਹੀਦੀ ਹੈ। ਫਿਰ ਉਸ ਤੋਂ ਬਾਅਦ ਇਨ੍ਹਾਂ ਨੇ ਕਿਹਾ ਹੈ ਕਿ ਪਹਿਲਾਂ ਜਿਹੜੀ ਸਾਡੇ ਸਕੀਮ ਹੁੰਦੀ ਸੀ, ਉਹਦੇ ਵਿੱਚ ਸੀ ਕਿ ਮਿਊਂਸੀਪਲ ਕਮੇਟੀਆਂ ਵਿੱਚ ਹਾਊਸ ਟੈਕਸ ਕਮੇਟੀ ਹੁੰਦੀ ਸੀ। ਉਸ ਦੇ ਵਿੱਚ ਮਿਉਂਸੀਪਲ ਕਮਿਸ਼ਨਰ ਮੈਂਬਰ ਹੁੰਦਾ ਸੀ ਅਤੇ ਅਫਸਰ ਵੀ ਮੈਂਬਰ ਹੁੰਦੇ ਸਨ। ਉਹ ਘਰ ਦੀ ਵੈਲਿਊ ਨੂੰ ਅਸੈਸ ਕਰਦੇ ਸੀ ਤਾਂ ਉਸ ਤੇ ਟੈਕਸ ਲਗਦਾ ਸੀ। ਲੇਕਿਨ ਹੁਣ ਇਨ੍ਹਾਂ ਨੇ ਸਕੀਮ ਬਣਾ ਦਿੱਤੀ ਹੈ ਕਿ ਸੈਲਫ ਟੈਕਸ ਅਸੈਸਮੈਂਟ ਕਰੋ। ਸੈਲਫ ਅਸੈਸਮੈਂਟ ਕਰਨ ਤੋਂ ਬਾਅਦ ਜਦੋਂ ਰਿਟਰਨ ਫਾਈਲ ਹੋਏਗੀ ਅਤੇ ਜੇਕਰ ਰਿਟਰਨ ਫਾਈਲ ਕਰਨ ਵਿੱਚ ਥੋੜ੍ਹੀ ਬਹੁਤ ਵੀ ਗੜਬੜ ਹੋ ਗਈ ਤਾਂ ਫਿਰ ਲਿਟੀਗੇਸ਼ਨ ਵਧੇਗੀ ਕਿਉਂਕਿ ਲੋਕ ਬਹੁਤੇ ਪੜ੍ਹੇ ਲਿਖੇ ਨਹੀਂ ਹਨ। ਲੋਕਾਂ ਨੂੰ ਸੈਲਫ ਅਸੈਸਮੈਂਟ ਕਰਨੀ ਨਹੀਂ ਆਉਂਦੀ। ਜੇਕਰ ਕਿਸੇ ਨੇ 10 ਰੁਪਏ ਵੀ ਟੈਕਸ ਦੇ ਘੱਟ ਦੇ ਦਿੱਤੇ ਤਾਂ ਮਿਉਂਸੀਪਲ ਕਮੇਟੀ ਵਾਲਿਆਂ ਨੇ ਪੈਨਲਿਟੀ ਪਾ ਦੇਣੀ ਹੈ, ਜਿਸ ਕਾਰਨ ਸ਼ਹਿਰਾਂ ਦੇ ਵਿੱਚ ਝਗੜੇ ਪੈਣਗੇ ਅਤੇ ਸ਼ਹਿਰਾਂ ਦੇ ਵਿੱਚ ਲਿਟੀਗੇਸ਼ਨ ਚਲਦੀ ਰਹੇਗੀ। ਇਹ ਵੀ ਪ੍ਰੋਵੀਜ਼ਨ ਕੀਤੀ ਗਈ ਹੈ ਕਿ ਅਗਰ ਅਪੀਲ ਕਰਨੀ ਹੈ ਤਾਂ ਜਿਹੜਾ ਟੈਕਸ ਲਗਾਇਆ ਗਿਆ ਹੈ, ਜਦ ਤੱਕ ਉਸ ਦਾ ਬਿਲ ਨਹੀਂ ਭਰਿਆ ਜਾਂਦਾ, ਉਦੋਂ ਤੱਕ ਉਸ ਦੀ ਅਪੀਲ ਅਕਸੈਪਟ ਨਹੀਂ ਹੋਵੇਗੀ। ਤੁਸੀਂ ਪਹਿਲਾਂ ਟੈਕਸ ਭਰ ਕੇ ਆਉ ਫਿਰ ਹੀ ਅਪੀਲ ਦੇ ਸਕਦੇ ਹੋ। ਇਸ ਤੋਂ ਬਾਅਦ ਇਸ ਉਤੇ ਕੋਈ ਸਟੇਅ ਨਹੀਂ ਦਿੱਤੀ ਜਾਵੇਗੀ। ਇਹੋ ਜਿਹਾ ਇਹ ਕਾਨੂੰਨ ਬਣਾਇਆ ਜਾ ਰਿਹਾ ਹੈ। ਇਸ ਤਰ੍ਹਾਂ ਤਾਂ ਕਦੇ ਵੀ ਨਹੀਂ ਹੁੰਦਾ। ਅਰਥਾਤ ਕਿਸੇ ਦੀ ਕੋਈ ਫਰਿਆਦ ਨਹੀਂ ਸੁਣੀ ਜਾਵੇਗੀ, ਕੋਈ ਅਪੀਲ ਨਹੀਂ ਸੁਣੀ ਜਾਵੇਗੀ, ਕੋਈ ਗੱਲ ਨਹੀਂ ਸੁਣੀ ਜਾਵੇਗੀ। ਜੋ ਇਥੋਂ ਫੁਰਮਾਨ ਬਣ ਕੇ ਚਲਾ ਜਾਵੇਗਾ, ਉਹ ਮੰਨਣਾ ਹੀ ਪੈਣਾ ਹੈ। ਕੀ ਸ਼ਹਿਰਾਂ ਵਿਚ ਰਹਿਣਾ ਕੋਈ ਗੁਨਾਹ ਹੋ ਗਿਆ ਹੈ? ਜਦ ਉਨ੍ਹਾਂ ਨੇ ਸੋਚਣਾ ਹੈ ਕਿ ਸਾਡੀ ਗੱਲ ਸੁਣੀ ਹੀ ਨਹੀਂ ਜਾਣੀ, ਇਸ ਕਰਕੇ ਟੈਕਸ ਦੇ ਹੀ ਦਿਉ। ਜੇਕਰ ਨਾ ਦਿੱਤਾ ਤਾਂ 100% ਪੈਨਲਟੀ ਪੈ ਜਾਣੀ ਹੈ। ਇਥੇ ਕਾਲੀਆ ਸਾਹਿਬ (ਸ਼੍ਰੀ ਮਨੋਰੰਜਨ ਕਾਲੀਆ) ਕੁਝ ਦਬੀ ਦਬੀ ਅਵਾਜ਼ ਵਿਚ ਰੈਫਰੈਂਸ ਕਰ ਰਹੇ ਸਨ, ਮੈਂ ਓਪਨਲੀ ਦੱਸ ਦਿੰਦਾ ਹਾਂ ਕਿ ਜੇਕਰ ਉਹ ਪ੍ਰਾਪਰਟੀ ਟੈਕਸ ਨਹੀਂ ਭਰੇਗਾ ਤਾਂ ਇਮ-ਮੂਵਏਬਲ ਪ੍ਰਾਪਰਟੀ ਦੀ ਅਟੈਚਮੈਂਟ ਕੀਤੀ ਜਾਵੇਗੀ। ਸਪੀਕਰ ਸਾਹਿਬ, ਇਸ ਦੇ ਬਹੁਤ ਭੈੜੇ ਨਤੀਜੇ ਨਿਕਲਣਗੇ। ਬੰਦਿਆਂ ਨੂੰ ਦੁੱਖ-ਸੁੱਖ ਵੀ ਆਉਂਦੇ ਹਨ। ਕਿਸੇ ਵੇਲੇ ਘਰ ਵਿਚ ਤੰਗੀ ਵੀ ਆ ਸਕਦੀ ਹੈ। ਇਹ ਨਹੀਂ ਕਿ ਤੁਸੀਂ ਉਸ ਦੀ ਸਾਰੀ ਪ੍ਰਾਪਰਟੀ ਹੀ ਅਟੈਚ ਕਰ ਦਿਉ। ਇਸ ਤੋਂ ਰਿਲੀਫ ਦਾ ਪ੍ਰੋਵੀਜ਼ਨ ਤਾਂ ਕਿਤੇ ਵੀ ਨਜ਼ਰ ਨਹੀਂ ਆ ਰਿਹਾ। ਸਪੀਕਰ ਸਾਹਿਬ, ਇਹ ਤਾਂ ਕਾਲਾ ਕਾਨੂੰਨ ਹੈ। (ਆਪੋਜ਼ੀਸ਼ਨ ਵੱਲੋਂ ਸ਼ੇਮ-ਸ਼ੇਮ ਦੀਆਂ ਅਵਾਜ਼ਾਂ) ਸਪੀਕਰ ਸਾਹਿਬ, ਇਹ ਕਾਨੂੰਨ ਸ਼ਹਿਰ ਦੇ ਲੋਕਾਂ ਉਤੇ ਅੱਤਿਆਚਾਰ ਹੈ। ਅਸੀਂ ਸਾਰੇ ਇਸ ਕਾਨੂੰਨ ਦਾ ਵਿਰੋਧ ਕਰਦੇ ਹਾਂ।......

Mr. Speaker : Thank you.

ਸ਼੍ਰੀ ਅਸ਼ਵਨੀ ਸੇਖੜੀ : ਇਹ ਕਾਨੂੰਨ ਬਹੁਤ ਗਲਤ ਬਣ ਰਿਹਾ ਹੈ। .....(ਵਿਘਨ) ..... ਕੁਝ ਲੋਕ ਆਪਣੀਆਂ ਜੇਬਾਂ ਭਰਨ ਨੂੰ.....(ਵਿਘਨ).....

ਮਾਨਯੋਗ ਸਪੀਕਰ : ਬੈਠ ਜਾਉ। ਸ਼੍ਰੀ ਅਨਿਲ ਜੋਸ਼ੀ ਜੀ।

ਸ਼੍ਰੀ ਅਸ਼ਵਨੀ ਸੇਖੜੀ : ਲੋਕਾਂ ਨੂੰ ਗੁੰਮਰਾਹ ਕਰਕੇ ਇਹ ਕਾਨੂੰਨ ਬਣਾਇਆ ਜਾ ਰਿਹਾ ਹੈ। ਕਿਰਪਾ ਕਰਕੇ ਮੇਰੇ ਸਮੇਂ ਨੂੰ ਐਕਸਟੈਂਡ ਕੀਤਾ ਜਾਵੇ। ਪੰਜ ਮਿੰਟ ਅਜੇ ਪੂਰੇ ਨਹੀਂ ਹੋਏ। ਦੋ ਮਿੰਟ ਪਏ ਹਨ।....(ਵਿਘਨ)....

ਮਾਨਯੋਗ ਸਪੀਕਰ : ਨਹੀਂ ਜੀ।

(ਇਸ ਸਮੇਂ ਲੀਡਰ ਆਫ ਦਿ ਆਪੋਜ਼ੀਸ਼ਨ, ਸ਼੍ਰੀ ਸੁਨੀਲ ਜਾਖੜ ਆਪਣੀ ਸੀਟ ਤੇ ਖੜ੍ਹੇ ਹੋ ਕੇ ਗੱਲ ਕਰ ਰਹੇ ਸਨ ਅਤੇ ਉਨ੍ਹਾਂ ਦਾ ਮਾਈਕ ਬੰਦ ਹੋਣ ਕਰਕੇ ਕੁਝ ਸੁਣਾਈ ਨਹੀਂ ਦਿੱਤਾ।)

ਮਾਨਯੋਗ ਸਪੀਕਰ : ਤੁਸੀਂ ਜਿਹੜੇ ਨਾਂ ਦਿੱਤੇ ਸਨ, ਉਸ ਅਨੁਸਾਰ ਮੈਂ ਤਿੰਨ-ਤਿੰਨ ਬੁਲਾਰਿਆਂ ਨੂੰ ਦੋਨਾਂ ਸਾਈਡਾਂ ਤੋਂ ਬੁਲਾ ਦਿੱਤਾ ਹੈ। ਹਾਂ ਜੀ, ਸ਼੍ਰੀ ਜੋਸ਼ੀ ਜੀ।

ਸਥਾਨਕ ਸਰਕਾਰ, ਡਾਕਟਰੀ ਸਿੱਖਿਆ ਤੇ ਖੋਜ ਮੰਤਰੀ (ਸ਼੍ਰੀ ਅਨਿਲ ਜੋਸ਼ੀ) : ਸਪੀਕਰ ਸਾਹਿਬ, ਇਹ ਲੋਕ ਬੜੇ ਕਲਾਕਾਰ ਹਨ। ਇਹ ਕਾਂਗਰਸ ਜਮਾਤ ਹੀ ਕਲਾਕਾਰ ਹੈ.....(ਵਿਘਨ).... ਮੈਂ ਇਨ੍ਹਾਂ ਨੂੰ ਕਲੀਅਰ ਕਰ ਦੇਣਾ ਚਾਹੁੰਦਾ ਹਾਂ।

(ਇਸ ਸਮੇਂ ਲੀਡਰ ਆਫ ਦਿ ਆਪੋਜ਼ੀਸ਼ਨ, ਸ਼੍ਰੀ ਸੁਨੀਲ ਜਾਖੜ ਆਪਣੀ ਪਾਰਟੀ ਦੇ ਸ਼੍ਰੀ ਬ੍ਰਹਮ ਮਹਿੰਦਰਾ ਜੀ ਨੂੰ ਟਾਈਮ ਦੇਣ ਲਈ ਬੇਨਤੀ ਕਰ ਰਹੇ ਸਨ ਪਰ ਉਨ੍ਹਾਂ ਦਾ ਮਾਈਕ ਬੰਦ ਸੀ।)

ਮਾਨਯੋਗ ਸਪੀਕਰ : ਇਕ ਮਿੰਟ ਜੋਸ਼ੀ ਜੀ। ਇਕ ਮਿੰਟ, ਸ਼੍ਰੀ ਬ੍ਰਹਮ ਮਹਿੰਦਰਾ ਜੀ ਨੂੰ ਪਹਿਲਾਂ ਬੋਲ ਲੈਣ ਦਿਉ।

(ਇਸ ਸਮੇਂ ਸ਼੍ਰੀ ਅਸ਼ਵਨੀ ਸ਼ੇਖੜੀ ਜੀ ਆਪਣੀ ਸੀਟ ਤੇ ਖੜ੍ਹੇ ਹੋ ਕੇ ਬਿਨਾ ਇਜਾਜ਼ਤ ਬੋਲ ਰਹੇ ਸਨ ਅਤੇ ਟਾਈਮ ਦੀ ਮੰਗ ਕਰ ਰਹੇ ਸਨ।)

ਮਾਨਯੋਗ ਸਪੀਕਰ : ਨਹੀਂ ਜੀ, ਸੇਖੜੀ ਸਾਹਿਬ, nothing will go on record. ਹਾਂ ਜੀ, ਬ੍ਰਹਮ ਮਹਿੰਦਰਾ ਜੀ। ਤੁਸੀਂ ਇਕ ਮਿੰਟ ਬੋਲ ਲਵੋ।

ਸ਼੍ਰੀ ਬ੍ਰਹਮ ਮਹਿੰਦਰਾ (ਪਟਿਆਲਾ ਦਿਹਾਤੀ) : ਸਪੀਕਰ ਸਾਹਿਬ, ਬੜਾ ਸੈਂਸਟਿਵ ਇਸ਼ੂ ਹੈ। ਤੁਸੀਂ ਮੈਨੂੰ ਕਿੰਨੇ ਮਿੰਟ ਅਲਾਓ ਕੀਤੇ ਹਨ?

ਮਾਨਯੋਗ ਸਪੀਕਰ : ਤੁਸੀਂ ਬੋਲੋ ਜੀ। ਤੁਹਾਨੂੰ ਟਾਈਮ ਦਿੱਤਾ ਹੈ।

ਸ਼੍ਰੀ ਬ੍ਰਹਮ ਮਹਿੰਦਰਾ : ਸਪੀਕਰ ਸਾਹਿਬ, ਮੈਨੂੰ ਟੋਕਿਓ ਨਾ, ਇਹ ਪੰਜਾਬ ਦੀ ਸਾਰੀ ਅਰਬਨ ਪਾਪੂਲੇਸ਼ਨ ਦਾ ਮਸਲਾ ਹੈ।

Mr. Speaker : I can't give you more than five minutes.

ਸ਼੍ਰੀ ਬ੍ਰਹਮ ਮਹਿੰਦਰਾ : ਸਪੀਕਰ ਸਾਹਿਬ, ਤੁਹਾਡਾ ਧੰਨਵਾਦ ਕਿ ਤੁਸੀਂ ਮੈਨੂੰ ਬੋਲਣ ਲਈ ਪੰਜ ਮਿੰਟ ਅਲਾਓ ਕੀਤੇ ਹਨ। ਸਪੀਕਰ ਸਾਹਿਬ, ਮੈਂ ਕਿਸੇ ਭੂਮਿਕਾ ਵਿਚ ਨਾ ਜਾਂਦਾ ਹੋਇਆ ਇਹ ਕਹਿਣਾ ਚਾਹੁੰਦਾ ਹਾਂ ਕਿ ਇਹ ਜਿਹੜਾ ਕੁਲੈਕਟਰ ਰੇਟ ਨਾਲ ਟੈਕਸ ਲਗਾਉਣਾ ਹੈ, ਇਸ ਨਾਲ ਪੰਜਾਬ ਦੇ ਲੋਕਾਂ ਦਾ ਬਹੁਤ ਨੁਕਸਾਨ ਹੋਣਾ ਹੈ। ਪਹਿਲਾ ਨੁਕਸਾਨ ਇਹ ਹੋਵੇਗਾ ਕਿ ਜਿਹੜੀ ਕੁਲੈਕਟਰ ਰੇਟ ਤੇ ਸੈਲਫ ਅਸੈਸਮੈਂਟ ਕਰਨੀ ਹੈ ਤਾਂ ਉਨ੍ਹਾਂ ਨੂੰ ਵੈਲਥ ਟੈਕਸ ਵਾਲਿਆਂ ਦਾ ਨੋਟਿਸ ਜਾਵੇਗਾ। ਜਿਸ ਪ੍ਰਾਪਰਟੀ ਦੀ 30 ਲੱਖ ਰੁਪਏ ਤੋਂ ਵੱਧ ਕੀਮਤ ਹੁੰਦੀ ਹੈ, ਉਸ ਉਤੇ ਵੈਲਥ ਟੈਕਸ ਲੱਗਦਾ ਹੈ। ਉਸ ਨੂੰ ਵੈਲਥ ਟੈਕਸ ਦਾ ਸਭ ਤੋਂ ਵੱਡਾ ਨੁਕਸਾਨ ਹੋਵੇਗਾ। ਇਸ ਤੋਂ ਬਾਅਦ ਇਕ ਛੋਟੀ ਜਿਹੀ ਗੱਲ ਭਾਰਤੀ ਜਨਤਾ ਪਾਰਟੀ ਦੇ ਭਰਾਵਾਂ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਦੇ ਡਬਲ ਸਟੈਂਡਰਡ ਕਿਉਂ ਹਨ? 19 ਤਰੀਕ ਨੂੰ Bharatiya Janata Party Chandigarh's Spokesperson, Mr. Devinder has come down strongly against the recommendation of the Residential Property Tax Review Committee. He said that the general public opinion regarding this is that people are feeling duped by these recommendations. He said three months earlier, the Review Committee has suggested the rate of Rs. 1 per square yard for the purpose of tax. Now within a period of these three months, one per cent tax of the collector rate is illegitimate. The word is, "collector rate is illegitimate". ਜੇ ਚੰਡੀਗੜ੍ਹ ਵਿੱਚ ਇਲਲੈਜਟੀਮੇਟ ਹੈ ਤਾਂ ਬੀ. ਜੇ. ਪੀ. ਦੇ ਭਰਾਵੋ, ਮੈਨੂੰ ਇੱਕ ਗੱਲ ਦੱਸ ਦਿਓ ਕਿ ਇੱਥੇ ਲੈਜਟੀਮੇਟ ਕਿਵੇਂ ਹੋ ਗਿਆ ।

ਮਾਲ ਤੇ ਮੁੜ ਵਸੇਬਾ, ਸੂਚਨਾ ਤੇ ਲੋਕ ਸੰਪਰਕ, ਗੈਰ ਰਵਾਇਤੀ ਊਰਜਾ ਤੇ ਐਨ. ਆਰ. ਆਈ ਮਾਮਲੇ ਮੰਤਰੀ : ਚੰਡੀਗੜ੍ਹ ਵਿੱਚ ਪ੍ਰਾਪਰਟੀ ਟੈਕਸ ਕਿਸ ਨੇ ਲਗਾਇਆ ਹੈ ?

ਸ਼੍ਰੀ ਬ੍ਰਹਮ ਮਹਿੰਦਰਾ : ਬਿਕਰਮ ਜੀ, ਇਸ ਗੱਲ ਤੇ ਨਾ ਜਾਓ। .....(ਵਿਘਨ).....

ਮਾਲ ਤੇ ਮੁੜ ਵਸੇਬਾ, ਸੂਚਨਾ ਤੇ ਲੋਕ ਸੰਪਰਕ, ਗੈਰ ਰਵਾਇਤੀ ਊਰਜਾ ਤੇ ਐਨ. ਆਰ. ਆਈ ਮਾਮਲੇ ਮੰਤਰੀ : With due respect, ਮੈਂ ਤੁਹਾਨੂੰ ਟੋਕਣਾ ਨਹੀਂ ਚਾਹੁੰਦਾ ਸੀ। ਚੰਡੀਗੜ੍ਹ ਵਿੱਚ ਮੇਅਰ ਕਿਸ ਦਾ ਹੈ? ਪਾਰਟੀ ਕਿਸ ਦੀ ਹੈ? ਲਗਾਇਆ ਕਿਸ ਨੇ ਹੈ? ਉਸ ਗੱਲ ਤੇ ਨਹੀਂ ਜਾਣਾ। .....(ਵਿਘਨ....ਸ਼ੋਰ).....

ਸ਼੍ਰੀ ਬ੍ਰਹਮ ਮਹਿੰਦਰਾ : ਬੀ. ਜੇ. ਪੀ. ਵਾਲਿਆਂ ਦੀ ਗੱਲ ਕੀ ਹੈ। .....(ਵਿਘਨ....ਸ਼ੋਰ).....

ਮਾਨਯੋਗ ਸਪੀਕਰ : ਬ੍ਰਹਮ ਮਹਿੰਦਰਾ ਜੀ, ਤੁਸੀਂ ਆਪਣੀ ਗੱਲ ਕਰੋ। .....(ਵਿਘਨ....ਸ਼ੋਰ).....

ਸ਼੍ਰੀ ਸੁਨੀਲ ਜਾਖੜ : ਪੰਚਕੂਲਾ ਵਿੱਚ 300 ਵਰਗ ਗਜ਼ ਤੇ 75 ਰੁਪਏ ਪ੍ਰਤੀ ਗਜ਼, 300 ਤੋਂ ਲੈ ਕੇ 500 ਤੱਕ 3 ਰੁਪਏ ਪ੍ਰਤੀ ਗਜ਼, 500 ਤੋਂ ਲੈ ਕੇ 1000 ਤੱਕ ਸਾਢੇ ਚਾਰ ਪ੍ਰਤੀ ਗਜ਼, 1000 ਤੋਂ ਲੈ ਕੇ 2 ਏਕੜ ਤੱਕ ਪੰਜ ਰੁਪਏ ਪ੍ਰਤੀ ਗਜ਼ .....(ਵਿਘਨ....ਸ਼ੋਰ).....

Mr. Speaker : Please silence.

ਸ਼੍ਰੀ ਬ੍ਰਹਮ ਮਹਿੰਦਰਾ : ਸਪੀਕਰ ਸਾਹਿਬ, ਮੈਂ ਬੜੇ ਅਦਬ ਨਾਲ ਗੱਲ ਕਹਿਣੀ ਚਾਹੁੰਦਾ ਹਾਂ। .....(ਵਿਘਨ....ਸ਼ੋਰ).....ਸਪੀਕਰ ਸਾਹਿਬ, ਮੇਰਾ ਟਾਈਮ ਵੇਸਟ ਹੋ ਰਿਹਾ ਹੈ। ਮੇਰੇ ਟਾਈਮ ਵਿੱਚੋਂ ਇਹ ਟਾਈਮ ਕੱਟਿਆ ਜਾਵੇ।

ਮਾਲ ਤੇ ਮੁੜ ਵਸੇਬਾ, ਸੂਚਨਾ ਤੇ ਲੋਕ ਸੰਪਰਕ, ਗੈਰ ਰਵਾਇਤੀ ਊਰਜਾ ਤੇ ਐਨ. ਆਰ. ਆਈ. ਮਾਮਲੇ ਮੰਤਰੀ : ** ** ** **

Mr. Speaker : Not to be recorded. .....(ਵਿਘਨ....ਸ਼ੋਰ)..... ਮੈਂ ਕਿਹਾ ਜੀ ਮੈਂ ਇਹ ਸ਼ਬਦ ਐਕਸਪੰਜ ਕਰ ਦਿੱਤੇ ਹਨ ।

ਸ਼੍ਰੀ ਬ੍ਰਹਮ ਮਹਿੰਦਰਾ : ਸਪੀਕਰ ਸਾਹਿਬ, ਪੰਜਾਬ ਦੇ ਲੋਕ ਬੀ.ਜੇ.ਪੀ. ਦਾ ਡਬਲ ਸਟੈਂਡਰਡ ਦੇਖਣਗੇ। ਸਭ ਲੋਕ ਇਸ ਗੱਲ ਨੂੰ ਸਮਝਦੇ ਹਨ ਕਿ ਬੀ. ਜੇ. ਪੀ. ਦਾ ਮਨਿਸਟਰ ਹੈ, ਸਰਕਾਰ ਵਿੱਚ ਬੀ.ਜੇ.ਪੀ. ਹੈ। ਸਪੀਕਰ ਸਾਹਿਬ, ਸ਼ਹਿਰਾਂ ਵਿੱਚ ਬੀ. ਜੇ. ਪੀ. ਦਾ ਕੀ ਹਾਲ ਹੋ ਰਿਹਾ ਹੈ, ਇਸ ਦੀ ਮੈਂ ਇੱਕ ਛੋਟੀ ਜਿਹੀ ਐਗਜ਼ਾਂਪਲ ਦਿੰਦਾ ਹਾਂ। ਮੈਂ ਪਟਿਆਲਾ ਅਤੇ ਪੰਚਕੂਲਾ ਦੇ ਰੇਟ ਥੋੜ੍ਹੇ ਜਿਹੇ ਦੱਸਣਾ ਚਾਹੁੰਦਾ ਹਾਂ। ਆਪਾਂ ਇੱਕ ਬੜਾ ਅਹਿਮ ਫੈਸਲਾ ਕਰਨ ਲੱਗੇ ਹਾਂ। ਜਦ ਅਸੀਂ ਇੱਕ ਅਹਿਮ ਫੈਸਲਾ ਕਰਨ ਲੱਗੇ ਹਾਂ ਤਾਂ ਉਸ ਦੀ ਗਹਿਰਾਈ ਵਿੱਚ ਜਾਣ ਵਿੱਚ ਸਾਨੂੰ ਦਸ-ਪੰਦਰਾਂ ਮਿੰਟ ਲੱਗ ਵੀ ਜਾਣ ਤਾਂ ਸਾਨੂੰ ਲਗਾ ਲੈਣੇ ਚਾਹੀਦੇ ਹਨ। ਮੈਂ ਸਮਝਦਾ ਹਾਂ ਕਿ ਇਹ ਸਟੇਟ ਦੇ ਹਿਤ ਦੀ ਗੱਲ ਹੈ। ਇਹ ਪੰਜਾਬ ਦੇ ਲੋਕਾਂ ਦੇ ਹਿਤ ਦੀ ਗੱਲ ਹੈ। ਅਸੀਂ ਕੋਈ ਟਾਈਮ ਬਾਉਂਡ ਨਹੀਂ ਹਾਂ। ਹਾਊਸ ਦਾ ਟਾਈਮ ਐਕਸਟੈਂਡ ਕਰ ਲਓ। ਪੰਚਕੂਲੇ ਵਿੱਚ 250 ਗਜ਼ ਦੇ ਪਲਾਟ ਤੇ 394/- ਰੁਪਏ ਲਗਦੇ ਹਨ ਔਰ ਪਟਿਆਲੇ ਵਿੱਚ 1233/- ਰੁਪਏ ਲਗਦੇ ਹਨ। ਮੇਰੇ ਕੋਲ ਰੈਜ਼ੀਡੈਂਸ਼ੀਅਲ, ਕਮਰਸ਼ੀਅਲ ਪ੍ਰਾਪਰਟੀ, ਰੈਂਟਿਡ ਪ੍ਰਾਪਰਟੀ, ਰੈਂਟਿਡ ਕਮਰਸ਼ੀਅਲ ਪ੍ਰਾਪਰਟੀ ਦੇ ਰੇਟ ਹਨ। ਪੰਜਾਬ ਤੇ ਹਰਿਆਣਾ ਦੀ ਆਪਸ ਵਿੱਚ 60 : 40 ਦੀ ਰੇਸ਼ੋ ਹੈ। ਜਿਹੜੀ ਸਟੇਟ ਦੀ ਰੇਸ਼ੋ 40 ਹੈ, ਉਸ ਦੇ ਰੇਟ ਤਾਂ ਬਹੁਤ ਘੱਟ ਹਨ ਤੇ ਸਾਨੂੰ ਰੇਟ ਕਿਉਂ ਜ਼ਿਆਦਾ ਲੱਗ ਰਹੇ ਹਨ। ਇਸ ਵਿੱਚ ਕੀ ਗੱਲ ਹੈ? ਮੁੱਖ ਮੰਤਰੀ ਸਾਹਿਬ ਔਰ ਭਗਤ ਚੂਨੀ ਲਾਲ ਜੀ ਅਤੇ ਜੋਸ਼ੀ ਜੀ ਕੋਲ ਪੰਜਾਬ ਦੇ ਲੋਕਾਂ ਦੇ ਡੈਪੂਟੇਸ਼ਨ ਆਏ ਸਨ ਤੇ ਡੈਪੂਟੇਸ਼ਨ ਵਿੱਚ ਕੁਮਿਟ ਕੀਤਾ ਗਿਆ ਸੀ ਕਿ ਅਸੀਂ ਹਰਿਆਣਾ ਪੈਟਰਨ ਤੇ ਪ੍ਰਾਪਰਟੀ ਟੈਕਸ ਲਗਾਵਾਂਗੇ। ਉਸ ਤੋਂ ਬਾਅਦ ਕੀ ਹੋਇਆ? ਸੋਮਨਾਥ ਕਮੇਟੀ ਨੇ ਕਿਹਾ ਕਿ This is levied on the pattern

**Not recorded as ordered by the Chair

on Haryana. ਜਿਸ ਵੇਲੇ ਉਨ੍ਹਾਂ ਨੇ ਉਹ ਗੱਲ ਕਹੀ ਸੀ, ਕਮੇਟੀ ਦੀ ਫਾਈਂਡਿੰਗ ਸੀ, ਉਸ ਵੇਲੇ ਹਰਿਆਣੇ ਵਿੱਚ ਕੁਲੈਕਟਰ ਰੇਟ ਚਲਦਾ ਸੀ। Later on, Collector Rate was revised. ਉੱਥੋਂ ਉਹ ਕਲਾਜ਼ ਹਟਾ ਦਿੱਤੀ ਗਈ। ਜਦ ਉੱਥੋਂ ਹਟਾ ਦਿੱਤੀ ਗਈ ਤਾਂ ਐਸੀ ਕੀ ਸਥਿਤੀ ਹੈ ਕਿ ਸਾਨੂੰ ਲਗਾਉਣੀ ਪੈ ਰਹੀ ਹੈ। ਕੀ ਬੀ.ਜੇ.ਪੀ. ਵਾਲਿਆਂ ਨੂੰ ਕੁਲੈਕਟਰ ਰੇਟ ਨਾਲ ਜ਼ਿਆਦਾ ਪਿਆਰ ਹੈ? ਪੰਜਾਬ ਦੇ ਲੋਕਾਂ ਨਾਲ ਕੋਈ ਜ਼ਿਆਦਾ ਪਿਆਰ ਹੈ। .....(ਵਿਘਨ....ਸ਼ੋਰ).....

Mr. Speaker : Brahm Mohindra ji, thank you. ....(ਵਿਘਨ)... ਹਾਂ ਜੀ, ਜੋਸ਼ੀ ਜੀ। ਬ੍ਰਹਮ ਮਹਿੰਦਰਾ ਜੀ, thank you ....(ਵਿਘਨ).... I am sorry. No. No. .....(ਵਿਘਨ).... ਮੈਂ ਇਸ ਗੱਲ ਤੇ ਹੁਣ ਐਗਰੀ ਨਹੀਂ ਹੋ ਸਕਦਾ। ਜੋਸ਼ੀ ਜੀ। ....(ਵਿਘਨ).... ਮੈਂ ਉਨ੍ਹਾਂ ਨੂੰ ਅੱਠ ਮਿੰਟ ਦਿੱਤੇ ਹਨ।

ਉਪ ਮੁੱਖ ਮੰਤਰੀ (ਸਰਦਾਰ ਸੁਖਬੀਰ ਸਿੰਘ ਬਾਦਲ) : ਸਪੀਕਰ ਸਾਹਿਬ, ਜਾਖੜ ਸਾਹਿਬ ਐਸ਼ਿਓਰ ਕਰਨ ਕਿ ਮੰਤਰੀ ਜੀ ਦਾ ਜਵਾਬ ਸੁਣ ਕੇ ਜਾਣਗੇ ਕਿਉਂਕਿ ਇਨ੍ਹਾਂ ਦਾ ਪਲਾਨ ਇੱਕੋ ਇੱਕ ਹੈ ਕਿ ਜਦ ਮੰਤਰੀ ਜੀ ਬੋਲਣ ਤਾਂ ਇਹ ਭੱਜ ਕੇ ਵਾਕ-ਆਊਟ ਕਰ ਜਾਣ। ਇਨ੍ਹਾਂ ਨੂੰ ਬੋਲਣ ਦਿਓ। ਅਸੀਂ ਸੁਣਦੇ ਹਾਂ ਪਰ ਤੁਸੀਂ ਸਾਡੀ ਵੀ ਗੱਲ ਸੁਣ ਕੇ ਜਾਇਓ।

ਮਾਨਯੋਗ ਸਪੀਕਰ : ਬ੍ਰਹਮ ਮਹਿੰਦਰਾ ਜੀ, 1-2 ਮਿੰਟ ਵਿੱਚ ਕਨਕਲੂਡ ਕਰੋ।

ਸ਼੍ਰੀ ਬ੍ਰਹਮ ਮਹਿੰਦਰਾ : ਜੇ.ਐਨ.ਐਨ.ਯੂ.ਆਰ.ਐਮ. ਸਕੀਮ ਵਿੱਚ ......

ਮਾਨਯੋਗ ਸਪੀਕਰ : ਮੇਰੀ ਬੇਨਤੀ ਸੁਣ ਲਵੋ, 1-2 ਮਿੰਟਾਂ ਵਿੱਚ ਕਨਕਲੂਡ ਕਰੋ।

ਸ਼੍ਰੀ ਬ੍ਰਹਮ ਮਹਿੰਦਰਾ : ਮੈਂ ਕਨਕਲੂਡ ਕਰ ਦੇਵਾਂਗਾ ਜੀ। ਮੈਂ ਕੋਈ ਸੁਝਾਅ ਹੀ ਦੇ ਰਿਹਾ ਹਾਂ। ਇਹ ਬੜਾ ਡਰਾਕੋਨੀਅਨ ਲਾਅ ਹੈ, ਐਂਟੀ ਪੀਪਲ ਹੈ।

Mr. Speaker : I am sorry ਕਿ ਤੁਹਾਡੇ ਵਰਗਾ ਸੀਨੀਅਰ ਆਗੂ ਵੀ ਇਸ ਤਰ੍ਹਾਂ ਬਿਹੇਵ ਕਰ ਰਿਹਾ ਹੈ। ਤੁਸੀਂ ਦੋ ਮਿੰਟ ਮੰਗੇ ਮੈਂ ਤੁਹਾਨੂੰ ਪੰਜ ਮਿੰਟ ਦਿੱਤੇ। ਹੁਣ ਤੁਹਾਨੂੰ ਅੱਠ ਮਿੰਟ ਹੋ ਗਏ ਹਨ।

ਸ਼੍ਰੀ ਬ੍ਰਹਮ ਮਹਿੰਦਰਾ : ਸਪੀਕਰ ਸਾਹਿਬ, ਪਹਿਲਾਂ ਆਪਾਂ ਇਸ ਗੱਲ ਦਾ ਫੈਸਲਾ ਕਰ ਲਈਏ ਕਿ where I have misbehaved. ਤੁਸੀਂ ਕਹਿੰਦੇ ਹੋ ਕਿ ਮੈਂ ਬਿਹੇਵ ਠੀਕ ਨਹੀਂ ਕੀਤਾ, where I have misbehaved.

ਮਾਨਯੋਗ ਸਪੀਕਰ : ਤੁਸੀਂ ਦੋ ਮਿੰਟ ਮੰਗੇ, ਮੈਂ ਤੁਹਾਨੂੰ ਪੰਜ ਮਿੰਟ ਦਿੱਤੇ। ਤੁਸੀਂ ਫਿਰ ਕਿਹਾ, ਮੈਂ ਫਿਰ ਤਿੰਨ ਮਿੰਟ ਹੋਰ ਤੁਹਾਨੂੰ ਦਿੱਤੇ।

ਸ਼੍ਰੀ ਬ੍ਰਹਮ ਮਹਿੰਦਰਾ : ਹੁਣ ਆਪਾਂ ਅੱਗੇ ਚੱਲੀਏ। ਜਿਸ ਤਰ੍ਹਾਂ ਚੀਮਾ ਸਾਹਿਬ ਕਹਿੰਦੇ ਸੀ ਜੀ.ਆਈ.ਐਸ. ਮੈਪਿੰਗ ਹੋਵੇਗੀ। ਜੀਓਗਰਾਫੀਕਲ ਇਨਫਰਮੇਸ਼ਨ ਸਿਸਟਮ ਨਾਲ ਸਾਰੀ ਮੈਪਿੰਗ ਹੋਵੇਗੀ ਕਿ ਕਮਰਸ਼ੀਅਲ ਪਰਾਪਰਟੀ ਕਿੰਨੀ ਹੈ, ਰੈਜ਼ੀਡੈਂਸ਼ੀਅਲ ਕਿੰਨੀ ਹੈ ਅਤੇ ਖਾਲੀ ਪਲਾਟ ਕਿੰਨੇ ਪਏ ਹਨ। ਅਜੇ ਤੱਕ ਕੋਈ ਸਿਸਟਮ ਨਹੀਂ ਹੈ, ਜਿਸ ਨਾਲ ਸਰਕਾਰ ਅਸੈਸਮੈਂਟ ਕਰ ਸਕੇ ਕਿ ਕਿੰਨੇ ਲੋਕਾਂ ਤੇ ਟੈਕਸ ਲਗਾਉਣਾ ਹੈ, ਕਿਸ ਤਰ੍ਹਾਂ ਲਗਾਉਣਾ ਹੈ। ਬਿਲਕੁਲ ਸਿਸਟਮ ਅਜੇ ਤੱਕ ਪਲੇਸ ਵਿੱਚ ਨਹੀਂ ਹੈ। ਸਪੀਕਰ ਸਾਹਿਬ, ਸਭ ਤੋਂ ਵੱਡੀ ਗੱਲ ਆ ਰਹੀ ਹੈ ਕਿ ਜਿਹੜਾ ਸੈਲਫ ਅਸੈਸਮੈਂਟ ਫਾਰਮ ਹੈ, ਇਹ ਕਾਰਪੋਰੇਸ਼ਨਾਂ ਦੇ ਦਫਤਰਾਂ ਵਿੱਚ ਨਹੀਂ ਮਿਲ ਰਿਹਾ। ਉਹ ਕਹਿੰਦੇ ਹਨ ਕਿ ਬਾਹਰ ਏਜੰਟ ਤੋਂ ਲੈ ਲਵੋ। ਜੇਕਰ ਕਾਰਪੋਰੇਸ਼ਨਾਂ ਦੀ ਆਪਣੀ ਵੈਬ ਸਾਈਟ ਹੋਵੇ ਤਾਂ ਲੋਕ ਉਸ ਸਾਈਟ ਤੋਂ ਡਾਊਨ ਲੋਡ ਕਰ ਲੈਣ। ਉਹ ਕਹਿੰਦੇ ਹਨ ਕਿ ਬਾਹਰ ਏਜੰਟ ਬੈਠੇ ਹਨ, ਉਨ੍ਹਾਂ ਤੋਂ ਲੈ ਲਵੋ। ਉਹ ਏਜੰਟ ਇੱਕ ਤਾਂ 100 ਰੁਪਿਆ ਫਾਰਮ ਦਾ ਲੈਂਦਾ ਹੈ, ਉਪਰੋਂ ਜਿਹੜਾ ਗਰੀਬ ਆਦਮੀ ਹੈ, ਅਨਪੜ੍ਹ ਹੈ, ਪੜ੍ਹਿਆ ਲਿਖਿਆ ਨਹੀਂ ਹੈ, ਉਸ ਨੂੰ ਫਾਰਮ ਭਰਨਾ ਨਹੀਂ ਆਉਂਦਾ ਤਾਂ ਉਹ ਏਜੰਟ ਫਾਰਮ ਭਰਨ ਦਾ 500 ਰੁਪਿਆ ਲੈ ਲੈਂਦੇ ਹਨ, ਟੈਕਸ ਭਾਵੇਂ ਉਸ ਦਾ 200 ਰੁਪਿਆ ਹੋਵੇ। ਇਸ ਕਰਕੇ ਸਿਸਟਮ ਨੂੰ ਠੀਕ ਕਰਨਾ ਚਾਹੀਦਾ ਹੈ। ਮੈਂ ਬੜਾ ਹੈਰਾਨ ਹਾਂ ਕਿ ਇਸ ਦੇ ਵਿੱਚ ਰਾਜਨੀਤੀ ਦੀ ਕੀ ਗੱਲ ਹੈ। ਅੰਮ੍ਰਿਤਸਰ ਵਿੱਚ ਪੀਲੇ ਫਾਰਮ ਹਨ, ਜਲੰਧਰ ਵਿੱਚ ਗਰੀਨ ਹਨ ਅਤੇ ਪਟਿਆਲੇ ਵਿੱਚ ਵ੍ਹਾਈਟ ਹਨ। ਸਮਝ ਨਹੀਂ ਆ ਰਹੀ ਅਗਰ ਪਰਾਪਰਟੀ ਟੈਕਸ ਲਗਾਉਣਾ ਸਰਕਾਰ ਦੀ ਕੋਈ ਮਜ਼ਬੂਰੀ ਹੈ ਤਾਂ ਇਸ ਨੂੰ ਸਟਰੀਮ ਲਾਈਨ ਤਾਂ ਕਰ ਲਵੋ। ਇਸ ਨੂੰ ਪਰਾਪਰ ਤਰੀਕੇ ਨਾਲ ਠੀਕ ਤਾਂ ਕਰ ਲਿਆ ਜਾਵੇ। ਮੈਂ ਸਮਝਦਾ ਹਾਂ ਕਿ ਇਹ ਐਂਟੀ ਪੀਪਲ ਹੈ। ਪ੍ਰੈਜ਼ੈਂਟ ਸਥਿਤੀ ਦੇ ਮੁਤਾਬਿਕ ਇਹ ਐਂਟੀ ਪੀਪਲ ਹੈ, ਐਂਟੀ ਪੰਜਾਬ ਹੈ, ਇਸ ਕਰਕੇ ਇਸ ਨੂੰ ਵਿਦਡਰਾਅ ਕਰ ਲਿਆ ਜਾਵੇ।

ਮਾਨਯੋਗ ਸਪੀਕਰ : ਜੋਸ਼ੀ ਜੀ।

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, ਮੈਂ ਵੀ ਦੋ ਗੱਲਾਂ ਕਹਿਣੀਆਂ ਹਨ।

ਮਾਨਯੋਗ ਸਪੀਕਰ : ਜਾਖੜ ਜੀ, ਕਮਾਲ ਹੈ ਤੁਹਾਡੀ। ਤੁਸੀਂ ਜਿੰਨੇ ਬੰਦੇ ਲਿਖ ਕੇ ਭੇਜੇ ਹਨ, ਮੈਂ ਉਨ੍ਹਾਂ ਨੂੰ ਟਾਈਮ ਦੇ ਦਿੱਤਾ ਹੈ।

ਸ਼੍ਰੀ ਸੁਨੀਲ ਜਾਖੜ : ਤੁਸੀਂ ਇੱਕ ਗੱਲ ਦੱਸੋ ਕਿ ਆਪਾਂ 365 ਦਿਨਾਂ ਵਿੱਚ ਕਿੰਨੇ ਦਿਨ ਮਿਲਦੇ ਹਾਂ ?

ਮਾਨਯੋਗ ਸਪੀਕਰ : ਤੁਸੀਂ ਹੁਕਮ ਕਰੋ ਜੋ ਕਰਨਾ ਹੈ।

ਸ਼੍ਰੀ ਸੁਨੀਲ ਜਾਖੜ (ਅਬੋਹਰ) : ਮੈਂ ਜਿਹੜੀ ਗੱਲ ਕਹਿਣੀ ਚਾਹੁੰਦਾ ਹਾਂ, ਸਪੀਕਰ ਸਾਹਿਬ, ਕਿ ਜਿਹੜੇ ਆਪਾਂ ਟੈਕਸ ਲਗਾ ਰਹੇ ਹਾਂ, ਇਥੇ ਇੱਕ ਬੜਾ ਪ੍ਰਿੰਸੀਪਲ ਦਾ ਮਾਮਲਾ ਹੈ ਕਿ ਆਪਾਂ ਟੈਕਸ ਕਿਸ ਵਾਸਤੇ ਲਗਾਉਂਦੇ ਹਾਂ, for the services being provided. ਉਸ ਕਰਕੇ ਸਰਕਾਰ ਟੈਕਸ ਲਗਾਉਂਦੀ ਹੈ। ਡਿਪਟੀ ਸੀ.ਐਮ. ਸਾਹਿਬ,

[ਸ੍ਰੀ ਸੁਨੀਲ ਜਾਖੜ]

ਤੁਸੀਂ ਕੋਈ ਵੀ ਇੱਕ ਸ਼ਹਿਰ ਸਿਲੈਕਟ ਕਰ ਲਵੋ, ਜਿਥੇ ਜਾ ਕੇ ਆਪਾਂ ਦੇਖੀਏ ਕਿ what kind of services are being provided? ਅੱਜ ਇਹੋ ਜਿਹੇ ਹਾਲਾਤ ਹਨ। ਮੈਂ ਆਪਣੇ ਸ਼ਹਿਰ ਦੀ ਗੱਲ ਕਰਦਾ ਹਾਂ, I feel ashamed today, Abohar is the filthiest town in the State of Punjab. ਬਟਾਲੇ ਕੰਟੈਮੀਨੇਟਿਡ ਵਾਟਰ ਦੇ ਕਾਰਨ 43 ਮੌਤਾਂ ਹੋਈਆਂ ਹਨ ਜੀ। Nothing has been done. ਤਿੰਨ ਹੁਣ ਹੋ ਗਈਆਂ ਹਨ। ਉਸ ਗੱਲ ਤੇ ਹੁਣ ਤੁਸੀਂ ਟੈਕਸ ਲਗਾ ਰਹੇ ਹੋ। ਤੁਸੀਂ ਕਹਿ ਰਹੇ ਸੀ ਕਿ ਕਬਰਿਸਤਾਨ ਤੇ ਲਗਾ ਦੇਈਏ ...(ਵਿਘਨ)... excuse me, Ashwani ji.

ਮਾਨਯੋਗ ਸਪੀਕਰ : ਤੁਹਾਡੇ ਆਪਣੇ ਬੰਦੇ ਹੀ ਵਿੱਚ ਬੋਲੀ ਜਾ ਰਹੇ ਹਨ।

ਸ੍ਰੀ ਸੁਨੀਲ ਜਾਖੜ : ਕੋਈ ਗੱਲ ਨਹੀਂ, ਸਪੀਕਰ ਸਾਹਿਬ, ਅਸੀਂ ਲੰਚ ਨਹੀਂ ਕਰਨ ਜਾਂਦੇ। ਸਾਨੂੰ ਬੈਠੇ ਰਹਿਣ ਦਿਓ ਇਥੇ। ਦੂਜੀ ਗੱਲ, ਮੈਂ ਡਿਪਟੀ ਸੀ.ਐਮ. ਸਾਹਿਬ ਦਾ ਧੰਨਵਾਦੀ ਵੀ ਹਾਂ ਕਿ ਜਦੋਂ ਇਨ੍ਹਾਂ ਦੇ ਕਮਰੇ ਵਿੱਚ ਗੱਲ ਹੁੰਦੀ ਹੈ ਤਾਂ ਇਹ ਕਹਿੰਦੇ ਹਨ ਕਿ ਆਪਾਂ ਇਕੱਠਾ ਲੰਚ ਕਰੀਏ। ਸਪੀਕਰ ਸਾਹਿਬ, ਇਥੇ ਵਾਲੇ ਲੰਚ ਦਾ ਤਾਂ ਮੈਨੂੰ ਪਤਾ ਨਹੀਂ, there could be political implications. On the Floor of this House, I would like to invite the entire House, ਤੁਸੀਂ ਮੇਰੇ ਕੋਲ ਅਬੋਹਰ ਚਾਹ ਪੀਣ ਆ ਜਾਵੋ। Let us go tomorrow ਜਾਂ ਦਿਵਾਲੀ ਤੋਂ ਇੱਕ ਦਿਨ ਪਹਿਲਾਂ ਜਾਂ ਜਿਸ ਦਿਨ ਹਾਊਸ ਖਤਮ ਹੋਵੇ। ਜੇ ਤੁਹਾਡੀ ਗੱਡੀ ਮੇਰੇ ਘਰ ਤੱਕ ਪਹੁੰਚ ਜਾਵੇ ਤਾਂ ਮੈਂ ਸਾਰੇ ਟੈਕਸ ਦੇਵਾਂਗਾ। (ਵਿਰੋਧੀ ਧਿਰ ਵੱਲੋਂ ਸ਼ੇਮ ਸ਼ੇਮ ਦੀਆਂ ਆਵਾਜਾਂ) ਸਾਹਿਬ, ਡੇਢ ਲੱਖ ਵੋਟਾਂ ਦਾ ਸ਼ਹਿਰ ਹੈ। ਕਿੰਨੀ ਆਬਾਦੀ ਹੈ ਹਿਸਾਬ ਲਗਾ ਲੈਣ, there is no potable water. I have to go to High Court to get the city cleaned. ਹਾਈ ਕੋਰਟ ਨੇ ਇਨ੍ਹਾਂ ਦੇ ਡਿਪਾਰਟਮੈਂਟ ਨੂੰ ਆਰਡਰ ਕੀਤਾ। ਦਸ ਸ਼ਹਿਰਾਂ ਤੋਂ ਡਰੈਗ ਲਾਈਨਜ਼ ਮੰਗਵਾਈਆਂ ਗਈਆਂ ਕਿ ਸੀਵਰ ਸਾਫ ਕਰਕੇ ਦਿਓ। ਰੀਜ਼ਨ ਕੀ ਸੀ? ਸਪੀਕਰ ਸਾਹਿਬ, ਪਾਣੀ ਦੀ ਸਪਲਾਈ ਇਸ ਕਰਕੇ ਬੰਦ ਕਰ ਦਿੱਤੀ ਕਿ ਸੀਵਰੇਜ ਦੀ ਨਿਕਾਸੀ ਨਹੀਂ ਹੈ। ਕਿਤੇ ਸੁਣਿਆ ਹੈ in modern day and age ਕਿ ਵਾਟਰ ਵਰਕਸ 15 ਦਿਨ ਬੰਦ ਰਿਹਾ ਹੋਵੇ because there was no discharge of the water through the sewerage system. 10 ਸ਼ਹਿਰਾਂ ਤੋਂ ਡਰੈਗ ਲਾਈਨਜ਼ ਮੰਗਵਾਈਆਂ, 10 ਸ਼ਹਿਰਾਂ ਦੇ ਅਫ਼ਸਰ ਆ ਗਏ, ਮਸ਼ੀਨਾਂ ਆ ਗਈਆਂ, ਫਿਰ ਉਥੇ ਕੀ ਪ੍ਰਾਬਲਮ ਹੋ ਗਈ, ਇਹ ਕਹਿੰਦੇ ਸਾਡੇ ਕੋਲ ਮਸ਼ੀਨਾਂ ਚਲਾਉਣ ਵਾਸਤੇ ਡੀਜ਼ਲ ਨਹੀਂ ਹੈ। ਸਪੀਕਰ ਸਾਹਿਬ, In the history of planned development, High Court had to intervene twice, 65 ਲੱਖ ਰੁਪਏ ਇਕ ਵਾਰੀ ਰਿਲੀਜ਼ ਕੀਤੇ ਗਏ ਕਿ ਇਸ ਨੂੰ ਡੀਜਲ ਵਾਸਤੇ ਪੈਸੇ ਦਿਓ। 65 ਲੱਖ ਰੁਪਏ ਫਿਰ ਇਨ੍ਹਾਂ ਨੂੰ ਰਿਲੀਜ਼ ਕੀਤੇ ਗਏ ਕਿ ਉਸ ਦੀ ਸਫ਼ਾਈ ਕਰਕੇ ਦਿਉ But nothing has improved, Speaker Sahib, whether it is my fortune or misfortune. ਸਪੀਕਰ ਸਾਹਿਬ, ਜਿਹੜਾ ਜਲਾਲਾਬਾਦ ਦਾ ਐਸ.ਡੀ.ਐਮ. ਹੈ, ਉਸ ਨੂੰ ਸਾਡੇ ਹਲਕੇ ਦਾ ਵੀ ਚਾਰਜ ਦਿੱਤਾ ਹੋਇਆ ਹੈ। ਮਿਉਂਸਿਪੈਲਟੀ ਲੈਪਸ ਹੋ ਗਈ, ਐਸ.ਡੀ.ਐਮ., came across,

ਕਹਿੰਦੇ ਕੀ ਇਮੀਜੀਏਟ ਪ੍ਰਾਬਲਮ ਹੈ, ਮੈਂ ਕਿਹਾ ਜੀ ਕਿ ਦੀਵਾਲੀ ਦਾ ਤਿਉਹਾਰ ਆ ਰਿਹਾ ਹੈ, ਸ਼ਹਿਰਾਂ ਵਿਚ ਪਟਾਕੇ ਵੰਡੇ ਜਾ ਰਹੇ ਹਨ, ਸਾਡੇ ਫਾਇਰ ਬ੍ਰਿਗੇਡ ਹੈ ਨਹੀਂ। ਫਾਇਰ ਬ੍ਰਿਗੇਡ ਦੀ ਵੀ ਇਕ ਸਟੋਰੀ ਹੈ, ਸਾਡੇ ਇਥੇ ਸਾਰੇ ਮੰਤਰੀ ਬੈਠੇ ਹਨ। ਪਹਿਲਾਂ ਬੀ.ਜੇ.ਪੀ. ਦੇ ਬੜੇ ਸੀਨੀਅਰ ਮੰਤਰੀ ਇਕ ਦਿਨ ਆਏ ਸੀ। ਪਤਾ ਲੱਗਿਆ ਕਿ ਆ ਕੇ ਫਾਇਰ ਬ੍ਰਿਗੇਡ ਦੇ ਗਏ, ਲੋਕਾਂ ਨੇ ਪਟਾਖੇ ਵੀ ਚਲਾ ਦਿੱਤੇ ਕਿ ਸ਼ਹਿਰ ਵਿੱਚ ਫਾਇਰ ਬ੍ਰਿਗੇਡ ਆ ਗਈ, ਪਤਾ ਉਦੋਂ ਲਗਿਆ ਜਦੋਂ ਫਾਇਰ ਬ੍ਰਿਗੇਡ ਵਾਪਸ ਜਾ ਵੜੀ। The reason that was given ਕਿ, ਇਥੇ ਹੱਸਣ ਦੀ ਗੱਲ ਨਹੀਂ ਹੈ, it is very shameful, he could only say, ਕਹਿੰਦੇ, ਜਾਖੜ ਸਾਹਿਬ, ਤੁਹਾਡੇ ਇੱਥੇ ਅਬੋਹਰ ਦੇ ਵਿੱਚ ਫਾਇਰ ਬ੍ਰਿਗੇਡ ਦਾ ਸਟਾਫ਼ ਹੈ ਨਹੀਂ। (ਹਾਸਾ) ਮੇਰੇ ਕੋਲ ਜਲਾਲਾਬਾਦ ਫਾਇਰ ਬ੍ਰਿਗੇਡ ਖੜ੍ਹੀ ਹੈ ਜਾਂ ਤਾਂ ਤੁਹਾਡਾ ਸਟਾਫ਼ ਉਥੇ ਲੈ ਜਾਈਏ ਜਾਂ ਫਿਰ ਤੁਹਾਨੂੰ ਫਾਇਰ ਬ੍ਰਿਗੇਡ ਭੇਜ ਦੇਈਏ। (ਹਾਸਾ) ਸਰ, ਉਸ ਦੇ ਉਤੇ ਟੈਕਸ ਕਿਉਂ ਦੇਈਏ, ਕੱਲ੍ਹ ਨੂੰ ਉਥੇ ਕੋਈ ਵਾਰਦਾਤ ਹੋ ਗਈ। It is not some thing funny. ਮਿੱਤਲ ਸਾਹਿਬ, ਦੀਵਾਲੀ ਦਾ ਤੁਹਾਨੂੰ ਪਤਾ ਹੈ ਤੇ ਉਥੇ ਸਟਾਲ ਲੱਗੇ ਹੋਏ ਹਨ, ਉਥੇ ਪਟਾਕੇ ਪਏ ਹਨ। ਬਠਿੰਡਾ ਤੋਂ ਬਾਅਦ ਕਾਟਨ ਦਾ ਸਭ ਤੋਂ ਵੱਡਾ ਸਾਡੇ ਉਥੇ ਯਾਰਡ ਹੈ। ਉਥੇ ਸਾਡੇ ਕੋਲ ਫਾਇਰ ਬ੍ਰਿਗੇਡ ਨਹੀਂ ਹੈ, ਗਲੀਆਂ ਵਿਚ ਕਾਰ ਨਹੀਂ ਜਾ ਸਕਦੀ ਤਾਂ ਫਿਰ ਉਥੇ ਫਾਇਰ ਬ੍ਰਿਗੇਡ ਕਿਵੇਂ ਜਾਵੇਗੀ। On that you are asking for tax? ਤੁਹਾਨੂੰ ਟੈਕਸ ਹੁਣੇ ਕਿਵੇਂ ਦੇ ਦੇਈਏ। ਫਿਰ ਤੁਹਾਡੀ ਗੱਲ ਮੈਂ ਮੰਨਦਾ ਹਾਂ, ਗਰਗ ਸਾਹਿਬ ਵੀ ਕਹਿ ਰਹੇ ਸੀ, ਚੀਮਾ ਸਾਹਿਬ ਨੇ ਬੜਾ ਪੈਸ਼ਨੇਟ ਹੋ ਕੇ ਗੱਲ ਕੀਤੀ ਹੈ ਅਤੇ ਡਿਪਟੀ ਸੀ.ਐਮ.ਸਾਹਿਬ ਦੇ ਵੀ ਕੱਲ੍ਹ ਬਿਆਨ ਸਨ ਕਿ ਜਨੂਰਮ ਦੇ ਤਹਿਤ ਉਨ੍ਹਾਂ ਨੇ ਸਾਨੂੰ ਮਜਬੂਰ ਕੀਤਾ ਹੈ। ਉਹ ਕਿਹੜੀ ਮਜਬੂਰੀ ਸੀ ਜਿਹੜੀ ਛੇ ਸਾਲਾਂ ਦੇ ਬਾਅਦ ਇੰਨੀ ਗੱਲ ਉਤੇ ਆ ਗਈ। Of course I also understand that obviously the Government needs taxes. Taxes have to be paid ਪਰ ਸੈਂਟਰ ਗੌਰਮਿੰਟ ਨੇ ਟੈਕਸ ਲਗਾਉਣ ਦਾ ਕਿਹਾ ਸੀ ਕੋਈ ਮਾਰਨ ਦਾ ਤਾਂ ਨਹੀਂ ਕਿਹਾ ਸੀ।ਆਹ ਤਾਂ ਨਹੀਂ ਕਿਹਾ ਸੀ। ਕਿ ਲੋਕਾਂ ਨੂੰ ਮਾਰ ਦਿਉ, ਮੈਂ ਇਕ ਬਹੁਤ ਪੁਰਾਣੀ ਪੰਜਾਬੀ ਦੀ ਪਿਕਚਰ ਵੇਖਣ ਗਿਆ ਸੀ, ਸਪੀਕਰ ਸਾਹਿਬ, ਉਥੇ ਬਾਰਡਰ ਦਾ ਕੋਈ ਸੀਨ ਵਿਖਾ ਰਹੇ ਸੀ। ਇਕ ਬੁੱਢੀ ਗੁਰਦੁਆਰਾ ਸਾਹਿਬ ਵਿਚ ਬੈਠੀ ਕਹਿੰਦੀ ਰੱਬਾ ਮੈਨੂੰ ਚੁੱਕ ਲੈ, ਰੱਬਾ ਮੈਨੂੰ ਚੁੱਕ ਲੈ। ਜਿਸ ਦਿਨ 1965 ਵਾਲੀ ਲੜਾਈ ਚਾਲੂ ਹੋ ਗਈ ਤਾਂ ਇਹ ਬੇਬੇ ਸਾਰਿਆਂ ਤੋਂ ਪਹਿਲਾਂ ਭੱਜੀ ਜਾਵੇ ਤਾਂ ਕਿਸੇ ਨੇ ਪੁੱਛਿਆ ਕਿ ਬੀਬੀ ਤੂੰ ਤਾਂ ਮੌਤ ਮੰਗਦੀ ਸੀ ਤੇ ਭੱਜੀ ਜਾ ਰਹੀ ਹੈਂ, ਕਹਿੰਦੀ ਬੇਟਾ ਮੌਤ ਮੰਗੀ ਸੀ, ਗੋਲੇ ਥੋੜ੍ਹਾ ਮੰਗੇ ਸਨ। (ਹਾਸਾ) ਕੋਈ ਟੈਕਸ ਲਗਾਉਣ ਦਾ ਕਿਹਾ ਸੀ, ਕੋਈ ਗੋਲੇ ਮਾਰਨ ਦਾ ਨਹੀਂ ਕਿਹਾ ਸੀ। This is nothing less than attachment of property. ਜਿਵੇਂ ਬ੍ਰਹਮ ਮਹਿੰਦਰਾ ਜੀ ਨੇ ਕਿਹਾ ਅਸੀਂ ਕੋਈ ਕਰਾਈਮ ਕਰ ਰਹੇ ਹਾਂ, ਅਗਰ ਕਿਸੇ ਦੇ ਟੈਕਸ ਦੇਣ ਵਿਚ ਦੇਰੀ ਹੁੰਦੀ ਹੈ ਤਾਂ is it criminal libilty? Speaker Sahib, there are valid reasons. ਗਰਗ ਸਾਹਿਬ ਦੀ ਗੱਲ ਮੈਂ ਬੜੇ ਧਿਆਨ ਨਾਲ ਸੁਣ ਰਿਹਾ ਸੀ। ਜਿਹੜੇ ਇਨ੍ਹਾਂ ਨੇ ਅੰਕੜੇ ਦਿੱਤੇ ਹਨ, I have to refute this. I am sorry Garg Sahib, ਤੁਸੀਂ ਜਿਹੜੇ ਅੰਕੜਿਆਂ ਦੀ ਗੱਲ ਕਰ ਰਹੇ ਹੋ, I have the facts

[ਸ੍ਰੀ ਸੁਨੀਲ ਜਾਖੜ]

and figures with me. On March 6. 2013 the Government had received 77.26 crores. ਕਿਹੜੇ ਕਿਹੜੇ ਸ਼ਹਿਰਾਂ ਵਾਸਤੇ ਆਏ, ਵਾਟਰ ਸਪਲਾਈ ਵਾਸਤੇ ਆਏ, ਸੀਵਰੇਜ ਵਾਸਤੇ ਆਏ, ਉਹ ਪੈਸੇ ਇਨ੍ਹਾਂ ਪਾਸ ਅੱਜ ਤੱਕ ਪਏ ਹਨ। They are misutilizing the funds for the small and medium towns. ਮੈਂ ਜਲਾਲਾਬਾਦ ਦੀ ਗੱਲ ਕਰਦਾ ਹਾਂ, ਜਿਸ ਬਾਰੇ ਸੇਖੜੀ ਸਾਹਿਬ ਗੱਲ ਕਰ ਰਹੇ ਸੀ। 3 ਕਰੋੜ 82 ਲੱਖ ਰੁਪਏ ਬਟਾਲੇ ਵਾਸਤੇ 29.6.12 ਨੂੰ ਰਿਲੀਜ਼ ਹੋਏ ਹਨ ਅਤੇ ਜਲਾਲਾਬਾਦ ਵਾਸਤੇ 2 ਕਰੋੜ 22 ਲੱਖ ਰੁਪਏ ਰਿਲੀਜ਼ ਹੋਏ। ਜਿਹੜੇ ਰਾਜੀਵ ਗਾਂਧੀ ਅਵਾਸ ਯੋਜਨਾ ਦੀ ਗੱਲ ਕਰਦੇ ਹਨ। Those funds have only been released now. ਉਨ੍ਹਾਂ ਨੂੰ ਸਾਲ ਸਾਲ ਵਰਤ ਰਹੇ ਹਨ। Our apprehension is ਕਿ ਇਹ ਟੈਕਸਿਜ਼ ਲਗਾ ਕੇ ਲੋਕਾਂ ਨੂੰ, ਪੰਜਾਬ ਦੇ ਸ਼ਹਿਰੀ ਲੋਕਾਂ ਨੂੰ ਨਿਚੋੜ ਕੇ ਆਪਣੇ ਖੁੱਲ੍ਹੇ ਖਰਚੇ ਚਲਾ ਰੱਖੇ ਹਨ, ਹੈਲੀਕਾਪਟਰਾਂ ਦੇ ਖਰਚੇ ਚਲਾ ਰੱਖੇ ਹਨ (ਆਪੋਜ਼ੀਸ਼ਨ ਪਾਰਟੀ ਵੱਲੋਂ ਥੰਪਿੰਗ) ਉਸ ਨੂੰ ਹੋਰ ਪਾਸੇ ਵੰਡੀ ਤੁਰੀ ਜਾ ਰਹੇ ਹਨ। Because this money is not being used for the purpose it is meant. Speaker Sahib, we outrightly reject it. ਇਹ ਜਿਹੜਾ ਬਿਲ ਲੈ ਕੇ ਆ ਰਹੇ ਹਨ...

Mr. Speaker : Thank you ji.

(ਇਸ ਵੇਲੇ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜਰ ਮੈਂਬਰ ਸਾਹਿਬਾਨ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ** ** ਨਾਅਰੇ ਲਗਾ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ।)

ਉਪ ਮੁੱਖ ਮੰਤਰੀ : ਸਪੀਕਰ ਸਾਹਿਬ...

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜਰ ਮੈਂਬਰ ਸਾਹਿਬਾਨ ਆਪਣੀਆਂ ਸੀਟਾਂ ਤੇ ਖੜ੍ਹੇ ਸਨ ਅਤੇ ਸਦਨ ਵਿੱਚ ਬਹੁਤ ਸ਼ੋਰ ਸੀ।)

ਉਪ ਮੁੱਖ ਮੰਤਰੀ : ਜਾਖੜ ਸਾਹਿਬ, ਹੁਣ ਤੁਸੀਂ ਸੁਣਨ ਦੀ ਕਪੈਸਿਟੀ ਰੱਖੋ। ਇਸ ਦਾ ਮਤਲਬ ਡਿਬੇਟ ਕਰਨ ਦਾ ਕੋਈ ਫਾਇਦਾ ਨਹੀਂ। .....(ਵਿਘਨ....ਸ਼ੋਰ)..... ਹਾਲੇ ਤਾਂ ਪਾਸ ਕਰਨ ਦੀ ਗੱਲ ਹੀ ਨਹੀਂ ਆਈ। Have the courage to listen our views. ਹਾਲੇ ਵੋਟਿੰਗ ਨਹੀਂ ਹੋਈ ਅਤੇ ਤੁਸੀਂ ਪਹਿਲਾਂ ਹੀ ਡਰ ਕੇ ਭੱਜ ਰਹੇ ਹੋ। ਜਾਖੜ ਸਾਹਿਬ, ਜੋ ਪ੍ਰਾਪਰਟੀ ਟੈਕਸ ਤੇ ਡਿਬੇਟ ਹੋਈ ਹੈ ਉਸ ਦਾ ਰਿਪਲਾਈ ਆਉਣਾ ਹੈ। ਬੇਸੀਕਲੀ ਪਾਰਲੀਮੈਂਟ ਵਿੱਚ ਜਦੋਂ ਵੋਟਿੰਗ ਹੁੰਦੀ ਹੈ, ਬਾਈਕਾਟ ਉਸ ਵੇਲੇ ਹੁੰਦਾ ਹੈ। ਆਪਾਂ ਹਾਊਸ ਵਿੱਚ ਡਿਸਕਸ ਕੀਤਾ ਸੀ ਕਿ ਇਕ ਦੂਜੇ ਦੇ ਵਿਊਜ਼ ਸੁਣਾਂਗੇ। ਵਾਕ-ਆਊਟ ਦਾ ਟਾਈਮ ਵੋਟਿੰਗ ਵੇਲੇ ਹੈ। ਭਾਵੇਂ ਤੁਸੀਂ ਹੱਕ ਵਿੱਚ ਹੋ ਜਾਂ ਅਗੇਂਸਟ ਹੋ, ਵਾਕ-ਆਊਟ ਕਰ ਸਕਦੇ ਹੋ। ਤੁਸੀਂ ਆਪਣੀ ਗੱਲ ਕਹਿ ਦਿੱਤੀ ਹੈ ਪਰ ਹੁਣ have the courage to listen to the final. ਜੋ ਮਨਿਸਟਰ ਸਾਹਿਬ ਨੇ ਕਹਿਣਾ ਹੈ, ਉਸ ਨੂੰ ਸੁਣਨ ਦੀ ਹਿੰਮਤ ਵੀ ਰੱਖਣੀ ਚਾਹੀਦੀ ਹੈ।

**Not recorded as ordered by the Chair.

ਸ਼੍ਰੀ ਸੁਨੀਲ ਜਾਖੜ : ਅਸੀਂ ਚੀਮਾ ਸਾਹਿਬ ਨੂੰ ਸੁਣ ਲਿਆ ਹੈ।

ਉਪ ਮੁੱਖ ਮੰਤਰੀ : ਚੀਮਾ ਸਾਹਿਬ ਨਹੀਂ, ਅਸੀਂ ਤੁਹਾਨੂੰ ਜ਼ਿਆਦਾ ਸਪੀਕਰ ਦਿੱਤੇ ਅਤੇ ਤੁਹਾਨੂੰ ਸਾਰਿਆਂ ਨੂੰ ਚੁਪਚਾਪ ਸੁਣਿਆ ਹੈ। ਇਸ਼ੂ ਇਹ ਹੈ, ਜਾਖੜ ਸਾਹਿਬ ਨੇ ਮੇਰਾ ਨਾਂ ਲੈ ਕੇ ਵਾਰ ਵਾਰ ਗੱਲ ਕੀਤੀ ਹੈ। ਜਾਖੜ ਸਾਹਿਬ, ਸਭ ਤੋਂ ਘੱਟ ਟੈਕਸ ਜੇਕਰ ਕੋਈ ਪੂਰੇ ਹਿੰਦੁਸਤਾਨ ਵਿੱਚ ਲਗਾ ਸਕਦਾ ਹੈ ਤਾਂ ਉਹ ਸਟੇਟਸ ਲਗਾ ਸਕਦੀਆਂ ਹਨ। ਹਰ ਕਿਸਮ ਦੇ ਟੈਕਸ ਗੌਰਮਿੰਟ ਆਫ਼ ਇੰਡੀਆ ਲਗਾ ਰਹੀ ਹੈ। ਸਭ ਤੋਂ ਵੱਧ ਖੂਨ ਚੂਸਣ ਦਾ ਕੰਮ ਕੀਤਾ ਹੈ, ਪਹਿਲਾਂ ਤਾਂ ਕੇਵਲ ਇਨਕਮ ਟੈਕਸ ਸੀ। ਹੁਣ ਤਾਂ ਸਰਵਿਸ ਟੈਕਸ ਹੈ। ਜਿਸ ਨੂੰ ਕਹਿੰਦੇ ਹਨ, ਖੂਨ ਚੂਸਣਾ। ਤੁਹਾਡੀ ਸਰਕਾਰ ਜਿਸ ਰਸਤੇ ਤੇ ਚੱਲੀ ਹੈ, ਖਿਆਲ ਹੈ ਕਿ ਵਿਆਹ ਕਰਨ ਤੇ ਵੀ ਸਰਵਿਸ ਟੈਕਸ ਲੱਗੇਗਾ, ਡਾਈਵੋਰਸ ਤੇ ਵੀ ਸਰਵਿਸ ਟੈਕਸ ਲੱਗੇਗਾ ਅਤੇ ਅੱਜ ਕੱਲ੍ਹ ਤਾਂ ਅਸੀਂ ਜਦੋਂ ਰੇਸਤਰਾਂ ਵਿੱਚ ਰੋਟੀ ਖਾਂਦੇ ਹਾਂ ਤਾਂ ਉਸ ਤੇ ਵੀ ਸਰਵਿਸ ਟੈਕਸ ਦਿੰਦੇ ਹਾਂ .....(ਵਿਘਨ)....(ਸ਼ੋਰ).....ਸੁਣੋ ਜੀ। ਜਦੋਂ ਜਾਖੜ ਸਾਹਿਬ ਬੋਲ ਰਹੇ ਸੀ, ਅਸੀਂ ਕੁਝ ਨਹੀਂ ਬੋਲੇ।

ਸਰਦਾਰ ਕੁਲਜੀਤ ਸਿੰਘ ਨਾਗਰਾ : ** ** **

Mr. Speaker : Please. Not to be recorded. ਜਿਹੜਾ ਮੈਨੂੰ ਪੁੱਛੇ ਬਗੈਰ ਬੋਲਦਾ ਹੈ, ਉਹ ਰਿਕਾਰਡ ਨਾ ਕੀਤਾ ਜਾਵੇ।

Deputy Chief Minister : Have the courtesy. ਜਾਖੜ ਸਾਹਿਬ, ਤੁਸੀਂ ਦੇਖੋ ਕਿ ਪਿਛਲੇ ਛੇ ਸਾਲਾਂ ਵਿੱਚ ਯੂ.ਪੀ.ਏ. ਸਰਕਾਰ ਨੇ ਸਰਵਿਸ ਟੈਕਸ ਇੰਟਰੋਡਿਊਸ ਕੀਤਾ ਹੈ। ਹਰ ਸਾਲ ਉਨ੍ਹਾਂ ਨੇ ਇਸ ਦਾ ਦਾਇਰਾ ਵਧਾਇਆ ਹੈ। ਅੱਜ ਜਿਹੜਾ ਮੇਜਰ ਸੋਰਸ ਉਨ੍ਹਾਂ ਨੇ ਲੋਕਾਂ ਨੂੰ ਮਾਰਨ ਦਾ ਬਣਾਇਆ ਹੈ, ਪਹਿਲਾਂ ਇਨਕਮ ਟੈਕਸ ਸਿਰਫ਼ ਅਮੀਰ ਬੰਦੇ ਤੇ ਲਗਦਾ ਸੀ ਪਰ ਹੁਣ ਜਿਹੜਾ ਸਰਵਿਸ ਟੈਕਸ ਹੈ, ਇਹ ਤਾਂ ਸਾਰਿਆਂ ਤੇ ਹੀ ਲਗਾ ਦਿੱਤਾ ਹੈ। ਜੇਕਰ ਕਿਸੇ ਨੇ ਵਕੀਲ ਕਰਨਾ ਹੈ ਤਾਂ ਸਰਵਿਸ ਟੈਕਸ ਦੇਣਾ ਪੈਂਦਾ ਹੈ, ਚਾਹੇ ਉਹ ਗਰੀਬ ਬੰਦਾ ਹੈ। ਜੇਕਰ ਕਿਸੇ ਨੇ ਰੋਟੀ ਖਾਣੀ ਹੈ ਤਾਂ ਉਸ ਨੇ ਵੀ ਸਰਵਿਸ ਟੈਕਸ ਦੇਣਾ ਹੈ। ਦੂਜੀ ਗੱਲ, ਤੁਸੀਂ ਜ਼ਿਕਰ ਕਰਦੇ ਹੋ ਕਿ ਪ੍ਰਾਪਰਟੀ ਟੈਕਸ ਕਿਉਂ? ਮੰਤਰੀ ਜੀ ਤੁਹਾਨੂੰ ਡਿਟੇਲ ਵਿੱਚ ਇਸ ਦੇ ਰੀਜ਼ਨਜ਼ ਦੱਸ ਦੇਣਗੇ। ਤੁਸੀਂ ਜ਼ਿਕਰ ਕੀਤਾ ਹੈ ਕਿ ਅਬੋਹਰ ਵਿੱਚ ਡਿਵੈਲਪਮੈਂਟ ਹਾਲੇ ਤੱਕ ਨਹੀਂ ਹੋਈ। ਕੱਲ੍ਹ ਤੁਸੀਂ ਸਾਡੇ ਮੰਤਰੀ ਸਾਹਿਬ ਦਾ ਜਵਾਬ ਸੁਣਿਆ ਸੀ ਕਿ ਅਗਲੇ ਤਿੰਨ ਸਾਲਾਂ ਅੰਦਰ 100% ਵਾਟਰ ਸਪਲਾਈ ਅਤੇ ਸੀਵਰੇਜ ਸਿਸਟਮ ਦਿੱਤਾ ਜਾਵੇਗਾ। We are committed. Our Government is committed to that. ਮੈਂ ਦੱਸਣਾ ਚਾਹੁੰਦਾ ਹਾਂ ਕਿ ਅੱਜ 65 ਸਾਲ ਹੋ ਗਏ, ਜਾਖੜ ਸਾਹਿਬ, ਜਿਹੜਾ ਤੁਸੀਂ ਕਿਹਾ ਹੈ ਕਿ ਸਾਡੇ ਅਬੋਹਰ ਵਿੱਚ, ਅਬੋਹਰ ਸਭ ਤੋਂ ਮਾਡਰਨ ਕਾਂਸਟੀਚਿਊਐਂਸੀ ਉਸ ਏਰੀਏ ਦੀ ਹੈ ਕਿਉਂਕਿ ਇਥੋਂ ਮਨਿਸਟਰ ਵੀ ਰਹੇ ਹਨ, ਲੀਡਰ ਆਫ਼ ਦਿ ਆਪੋਜ਼ੀਸ਼ਨ ਵੀ ਰਹੇ ਹਨ, ਪਾਵਰ ਵਿੱਚ ਵੀ ਰਹੇ ਹਨ। 50 ਸਾਲ ਰਾਜ ਕਰਨ ਦੇ ਬਾਵਜੂਦ ਵੀ ਜੇਕਰ ਬੇਸਿਕ ਫੈਸਿਲਟੀਜ਼ ਉਥੇ ਨਹੀਂ ਮਿਲੀਆਂ ਤਾਂ ਇਸ ਵਾਸਤੇ ਕਿਹੜੀ

**Not recorded as ordered by the Chair.

[ਉਪ ਮੁੱਖ ਮੰਤਰੀ]

ਪਾਰਟੀ ਗੁਨਾਹਗਾਰ ਹੈ? ਕੈਮੀਕਲੀ ਕਾਂਗਰਸ ਪਾਰਟੀ ਹੈ। ਅਸੀਂ ਜਿਹੜੇ ਛੇ ਸਾਲਾਂ ਦੇ ਅੰਦਰ ਰੈਵੇਨਿਊ ਸਿਸਟਮ ਠੀਕ ਕਰਕੇ ਲੱਗੇ ਹਾਂ, ਜੋ ਅਸੀਂ ਵਾਟਰ ਸਪਲਾਈ ਅਤੇ ਸੀਵਰੇਜ ਸਿਸਟਮ ਵਾਸਤੇ ਡਿਵੈਲਪਮੈਂਟ ਕਰ ਰਹੇ ਹਾਂ, ਇਹ ਹਿਸਟੋਰਿਕ ਹੈ। ਫੇਰ ਇਹ ਕਹਿਣਾ ਕਿ ਪ੍ਰਾਪਰਟੀ ਟੈਕਸ ਲਗਾਇਆ ਜਾ ਰਿਹਾ ਹੈ। ਜੇਕਰ ਤੁਸੀਂ ਪ੍ਰਾਪਰਟੀ ਟੈਕਸ ਸਹਿਣ ਨਹੀਂ ਕਰ ਸਕਦੇ, ਮੈਂ ਵੀ ਹਾਊਸ ਵਿੱਚ ਕਹਿੰਦਾ ਹਾਂ ਕਿ ਆਪਾਂ ਸਾਰੇ ਚਲਦੇ ਹਾਂ, ਜੇਕਰ ਸੈਂਟਰ ਪ੍ਰਾਪਰਟੀ ਟੈਕਸ ਕੱਢ ਦਿੰਦੀ ਹੈ ਤਾਂ ਸਾਨੂੰ ਕੋਈ ਆਬਜੈਕਸ਼ਨ ਨਹੀਂ ਹੈ।

ਮਾਨਯੋਗ ਸਪੀਕਰ : ਹੁਣ ਜੋਸ਼ੀ ਸਾਹਿਬ ਬੋਲਣਗੇ।.....(ਵਿਘਨ)....(ਸ਼ੋਰ)..... ਨਹੀਂ ਜੀ, ਬਹੁਤ ਹੋ ਗਿਆ।

ਸਥਾਨਕ ਸਰਕਾਰ, ਡਾਕਟਰੀ ਸਿੱਖਿਆ ਤੇ ਖੋਜ ਮੰਤਰੀ (ਸ਼੍ਰੀ ਅਨਿਲ ਜੋਸ਼ੀ) : ਜਾਖੜ ਸਾਹਿਬ, ਹੁਣ ਤੁਸੀਂ ਬਹਾਨਾ ਲੱਭ ਰਹੇ ਹੋ। ਤੁਹਾਡੇ ਕੋਲ ਗੱਲ ਕਰਨ ਨੂੰ ਕੋਈ ਟਾਪਿਕ ਨਹੀਂ ਰਿਹਾ ਹੈ। ਤੁਸੀਂ ਹੁਣ ਬਾਅਦ ਵਿੱਚ ਗੱਲ ਕਰ ਲੈਣਾ। ਹੁਣ ਜਵਾਬ ਤਾਂ ਲੈ ਲਓ। .....(ਵਿਘਨ)....(ਸ਼ੋਰ)..... ਸਾਰੇ ਮੈਂਬਰਜ਼ ਨੇ ਬੋਲ ਲਿਆ ਹੈ। ਉਨ੍ਹਾਂ ਨੇ ਤੁਹਾਡਾ ਜਵਾਬ ਦਿੱਤਾ ਹੈ। ਜਵਾਬ ਦਾ ਜਵਾਬ ਦੇਣਾ ਤਾਂ ਕਦੀ ਮੁਕਦਾ ਨਹੀਂ।

ਸ਼੍ਰੀ ਸੁਨੀਲ ਜਾਖੜ : ਮਾਨਯੋਗ ਸਪੀਕਰ ਸਾਹਿਬ, ਮੈਂ ਅਬੋਹਰ ਦੀ ਗੱਲ ਕਰਨੀ ਹੈ।

ਸਥਾਨਕ ਸਰਕਾਰ, ਡਾਕਟਰੀ ਸਿੱਖਿਆ ਤੇ ਖੋਜ ਮੰਤਰੀ : ਗੱਲ ਤਾਂ ਹੋ ਗਈ ਹੈ ਜੀ। ਤੁਸੀਂ ਇਕੱਲੇ ਅਬੋਹਰ ਦੀ ਗੱਲ ਕਰੀ ਜਾਂਦੇ ਹੋ। ਤੁਸੀਂ ਤਾਂ ਸਾਰੇ ਪੰਜਾਬ ਦੇ ਲਈ ਜ਼ਿੰਮੇਵਾਰ ਵਿਅਕਤੀ ਹੋ। ਸਿਰਫ ਆਪਣੇ ਸ਼ਹਿਰ ਦੀ ਗੱਲ ਇੰਨੀ ਨਹੀਂ ਕਰੀਦੀ ਹੁੰਦੀ। ਮੈਨੂੰ ਜ਼ਿੰਮੇਵਾਰੀ ਦੇ ਦਿਓ, ਤੁਸੀਂ ਜਿਹੜਾ ਕੰਮ ਕਹੋਗੇ, ਤੁਹਾਡਾ ਕੰਮ ਕਰ ਦਿਆਂਗੇ।

ਉਪ ਮੁੱਖ ਮੰਤਰੀ : ਜਾਖੜ ਸਾਹਿਬ, ਅੱਜ ਜਦੋਂ ਮੈਂ ਆ ਰਿਹਾ ਸੀ ਤਾਂ ਮੇਰਾ ਪਲੈਨ ਸੀ ਕਿ ਤੁਹਾਡੇ ਨਾਲ ਗੱਲ ਕਰਾਂ। ਮੈਂ ਅਬੋਹਰ ਬਾਰੇ 100% ਐਸ਼ਿਓਰ ਕਰਦਾ ਹਾਂ ਕਿ ਅਬੋਹਰ ਦਾ ਸੀਵਰੇਜ ਅਤੇ ਵਾਟਰ ਸਪਲਾਈ ਦਾ ਕੰਮ ਅਗਲੇ 2 ਸਾਲਾਂ ਵਿੱਚ 100% ਕਰਾਂਗੇ, it is a commitment from our Govt. We will do it. ਜਿਵੇਂ ਦੂਜੇ ਏਰੀਏ ਡਿਵੈਲਪ ਕੀਤੇ ਹਨ, Abohar is the next town ਕਿਉਂਕਿ ਇਹ ਹਿਸਟੋਰਿਕ ਟਾਊਨ ਹੈ। .....(ਵਿਘਨ)....(ਸ਼ੋਰ).....

(ਇਸ ਸਮੇਂ ਇੰਡੀਅਨ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜਰ ਮੈਂਬਰ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬੋਲ ਰਹੇ ਸਨ ਅਤੇ ਸਦਨ ਵਿੱਚ ਕਾਫ਼ੀ ਸ਼ੋਰ ਸੀ।)

Mr. Speaker : Nothing is to be recorded.

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, ਮੈਂ ਇਨ੍ਹਾਂ ਦੇ ਨੋਟਿਸ ਵਿੱਚ ਲਿਆ ਦਿਆਂ। ਮੈਂ ਇਹ ਕੇਸ ਹਾਈ ਕੋਰਟ ਵਿੱਚ ਵੀ ਲਗਾਇਆ ਸੀ ਕਿ ਸਾਡੇ ਅਬੋਹਰ ਟਾਊਨ

ਨੂੰ ਸਮਾਲ ਐਂਡ ਮੀਡੀਅਮ ਟਾਊਨ ਪਲਾਨ ਦੇ ਵਿੱਚ ਪਾਇਆ ਜਾਵੇ। I had met the Minister for Urban Development in Delhi. ਉਨ੍ਹਾਂ ਨੇ ਕਿਹਾ ਕਿ ਉਥੋਂ ਆ ਜਾਵੇ। ਹਾਈ ਕੋਰਟ ਨੇ ਡਿਪਾਰਟਮੈਂਟ ਨੂੰ ਡਾਇਰੈਕਸ਼ਨ ਦਿੱਤੀ ਸੀ ਕਿ ਅਬੋਹਰ ਦੀ ਸੀਵਰੇਜ ਅਤੇ ਵਾਟਰ ਸਪਲਾਈ ਸਬੰਧੀ ਡਿਟੇਲਡ ਪਲਾਨ ਬਣਾ ਕੇ ਭੇਜੋ। ਉਹ ਪਲਾਨ 67 ਕਰੋੜ ਰੁਪਏ ਦੀ ਬਣੀ ਪਈ ਹੈ। ਹਾਈ ਕੋਰਟ ਦੀ ਡਾਇਰੈਕਸ਼ਨ ਤੋਂ ਬਾਅਦ ਵੀ ਚਾਰ ਮਹੀਨੇ ਤੋਂ ਇਹ ਤੁਹਾਡੇ ਮਹਿਕਮੇ ਵਿੱਚ ਹੀ ਤੁਰੀ ਫਿਰਦੀ ਹੈ।(ਵਿਘਨ)..(ਸ਼ੋਰ)

ਸਥਾਨਕ ਸਰਕਾਰ, ਡਾਕਟਰੀ ਸਿੱਖਿਆ ਤੇ ਖੋਜ ਮੰਤਰੀ : ਮਾਨਯੋਗ ਸਪੀਕਰ ਸਾਹਿਬ, ਇਹ ਇਨ੍ਹਾਂ ਦੀਆਂ ਸਭ ਕਲਾਕਾਰੀਆਂ ਹਨ। ਇਹ ਆਪਣੀ ਗੱਲ ਕਰਨ ਤੋਂ ਬਾਅਦ ਦੂਜੇ ਦੀ ਗੱਲ ਸੁਣਨ ਦੀ ਇੱਛਾ ਨਹੀਂ ਰੱਖਦੇ। ਇਨ੍ਹਾਂ ਨੇ ਜਿਹੜਾ 50 ਸਾਲ ਲਈ ਰਾਜ ਕੀਤਾ ਹੈ, ਇਹ ਕਲਾਕਾਰੀ ਦੇ ਸਿਰ ਤੇ ਹੀ ਕੀਤਾ ਹੈ। ਇਹ ਗੁੰਮਰਾਹ ਕਰਨ ਤੋਂ ਬਾਅਦ ਜਵਾਬ ਨਹੀਂ ਸੁਣਨਾ ਚਾਹੁੰਦੇ। ਇਸ ਕਰਕੇ ਹੁਣ ਡਿਸਟਰਬ ਕਰ ਰਹੇ ਹਨ ਕਿਉਂਕਿ ਇਨ੍ਹਾਂ ਕੋਲ ਕੋਈ ਮੁੱਦਾ ਨਹੀਂ ਹੈ। ਇਨ੍ਹਾਂ ਦੀ ਸੈਂਟਰ ਦੀ ਸਰਕਾਰ ਨੇ ਪ੍ਰਾਪਰਟੀ ਟੈਕਸ ਫੋਰਸਫੁਲੀ ਲਗਾਇਆ ਹੈ। ਇਸ ਬਾਰੇ ਚੀਮਾ ਸਾਹਿਬ ਵੀ ਦੱਸ ਚੁੱਕੇ ਹਨ। ਇਸ ਸਬੰਧੀ ਚਿੱਠੀਆਂ ਅਤੇ ਪੱਤਰ ਮੌਜੂਦ ਹਨ। .....(ਵਿਘਨ)....(ਸ਼ੋਰ)..... ਸਿੱਧੂ ਸਾਹਿਬ, ਹੁਣ ਬੈਠ ਜਾਉ।

ਮਾਨਯੋਗ ਸਪੀਕਰ : ਸਿਰਫ ਜੋਸ਼ੀ ਸਾਹਿਬ ਦੀ ਸਪੀਚ ਰਿਕਾਰਡ ਕੀਤੀ ਜਾਵੇ, ਹੋਰ ਕੁਝ ਨਹੀਂ।

ਸਥਾਨਕ ਸਰਕਾਰ, ਡਾਕਟਰੀ ਸਿੱਖਿਆ ਤੇ ਖੋਜ ਮੰਤਰੀ: ਸਪੀਕਰ ਸਾਹਿਬ, ਮੈਂ ਬਾਕੀ ਚਿੱਠੀਆਂ ਨੂੰ ਛੱਡ ਕੇ ਸਿਰਫ ਦੋ ਲਾਈਨਾਂ ਪੜ੍ਹ ਕੇ ਇਨ੍ਹਾਂ ਨੂੰ ਪ੍ਰਾਪਰਟੀ ਟੈਕਸ ਬਾਰੇ ਬਾਕੀ ਗੱਲ ਸਮਝਾਵਾਂਗਾ। It would be difficult to release further installments or sanction new projects for the non-implementing State ULBs. ਇਹ ਇਨ੍ਹਾਂ ਬਾਕੀ ਸਾਰੀਆਂ ਚਿੱਠੀਆਂ ਤੋਂ ਬਾਅਦ ਚਿੱਠੀ ਪਾਈ ਸੀ ਕਿ ਤੁਹਾਨੂੰ ਬਿਲਕੁਲ ਕੋਈ ਅਸੀਂ ਇੰਸਟਾਲਮੈਂਟ ਨਹੀਂ ਦੇਣੀ। ਨਵਾਂ ਪ੍ਰੋਜੈਕਟ ਕੋਈ ਸਬਮਿਟ ਨਹੀਂ ਕਰਨਾ। ਇਹ ਸਟੇਟ ਦੀ ਮਜਬੂਰੀ ਹੈ। ਅਸੀਂ ਕੀ ਲਗਾਇਆ ਹੈ, ਮੈਂ ਇਸ ਬਾਰੇ ਐਕਸਪਲੇਨ ਕਰ ਦੇਵਾਂ। ਜਿਹੜੀਆਂ ਇਨ੍ਹਾਂ ਨੇ ਗੱਲਾਂ ਕੀਤੀਆਂ ਹਨ, ...(ਵਿਘਨ)....(ਸ਼ੋਰ)..... ਮੈਂ ਪਹਿਲਾਂ ਇਹ ਦੱਸ ਦਿੰਦਾ ਹਾਂ ਕਿ ਅੱਜ ਦੀ ਡੇਟ ਵਿੱਚ ਜਿਹੜਾ ਪੰਜਾਬ ਦੇ ਲੋਕਾਂ ਨੂੰ ਇਹ ਗੁੰਮਰਾਹ ਕਰਨ ਦੀ ਕੋਸ਼ਿਸ਼ ਕਰਦੇ ਹਨ, ਉਸ ਦੀਆਂ ਉਦਾਹਰਣਾਂ ਹਨ, ਉਸ ਦੇ ਸੈਂਪਲ ਹਨ। ਸੈਂਟਰ ਕੋਲ ਇਨ੍ਹਾਂ ਦਾ ਕੋਈ ਮੁੱਦਾ ਨਹੀਂ ਹੈ। ਜਿਹੜੀ ਸਾਲ 2014 ਵਿੱਚ ਇਲੈਕਸ਼ਨ ਆ ਰਹੀ ਹੈ, ਉਸ ਦੇ ਵਿੱਚ ਇਨ੍ਹਾਂ ਕੋਲ, ਸੈਂਟਰ ਕੋਲ ਕੁਝ ਕਹਿਣ ਵਾਸਤੇ ਨਹੀਂ ਹੈ। ਉਥੇ ਘੁਟਾਲਿਆਂ ਤੋਂ ਇਲਾਵਾ ਇਨ੍ਹਾਂ ਦੀ ਕੋਈ ਪ੍ਰੋਗਰੈਸ ਨਹੀਂ ਹੈ। ਜੇ ਕੋਈ ਇਨ੍ਹਾਂ ਨੂੰ ਪੁੱਛੇ ਕਿ ਸੈਂਟਰ ਦੀ ਸਰਕਾਰ ਵਿੱਚ ਤੁਸੀਂ ਵੋਟ ਮੰਗਣ ਜਾਣਾ ਹੈ, ਤੁਹਾਡੀ ਕੀ ਅਚੀਵਮੈਂਟ ਹੈ ਤਾਂ ਇਨ੍ਹਾਂ ਦੀ ਅਚੀਵਮੈਂਟ ਸਿਰਫ ਇੱਕੋ ਹੀ ਹੈ ਕਿ ਘੁਟਾਲੇ ਹਨ। ਇਹ ਇਸ ਕਰਕੇ ਲੋਕਾਂ ਨੂੰ ਗੁੰਮਰਾਹ ਕਰਨਾ ਚਾਹੁੰਦੇ ਹਨ।

ਜਿਹੜਾ ਇਹ ਗਰੀਬਾਂ ਦੇ ਉਤੇ ਟੈਕਸ ਲਗਾਉਣ ਦੀ ਗੱਲ ਕਰਦੇ ਹਨ, ਜਿਹੜੇ ਪੀਲੇ ਕਾਰਡ ਹੋਲਡਰ ਵਿਅਕਤੀ ਹਨ, ਉਨ੍ਹਾਂ ਨੂੰ ਬਿਲਕੁਲ ਫਰੀ ਹੈ। ਬੀ.ਪੀ.ਐਲ. ਕਾਰਡ ਧਾਰਕਾਂ ਵਾਸਤੇ ਵੀ ਬਿਲਕੁਲ ਫਰੀ ਹੈ, ਉਨ੍ਹਾਂ ਤੇ ਕੋਈ ਟੈਕਸ ਨਹੀਂ ਲਗਾਇਆ ਗਿਆ। ਇਹ ਪਤਾ ਨਹੀਂ ਗਰੀਬ ਕਿਸ ਨੂੰ ਕਹਿੰਦੇ ਹਨ, 50 ਗਜ਼ ਵਾਲੇ ਨੂੰ ਸਾਲ ਦਾ 50 ਰੁਪਏ ਦਾ ਟੈਕਸ ਹੈ। ਉਸ ਦਾ ਚਾਰ ਰੁਪਏ ਮਹੀਨੇ ਦਾ ਟੈਕਸ ਬਣਦਾ ਹੈ, ਜਿਸ ਨੂੰ ਇਹ ਗਰੀਬਾਂ ਦਾ ਗਲ਼ਾ ਘੁੱਟਣ ਵਾਲਾ ਟੈਕਸ ਕਹਿੰਦੇ ਹਨ। ਜਿਹੜਾ ਇਹ ਕਹਿੰਦੇ ਹਨ ਕਿ ਗਰੀਬਾਂ ਨੂੰ ਮਾਰ ਦਿੱਤਾ, ਗਰੀਬਾਂ ਤੇ ਟੈਕਸ ਲੱਦ ਦਿੱਤਾ, ਮੈਂ ਸਮਝਦਾ ਹਾਂ ਕਿ 100 ਗਜ਼ ਵਾਲਾ ਕੋਈ ਗਰੀਬ ਨਹੀਂ ਹੁੰਦਾ। .....(ਵਿਘਨ)....(ਸ਼ੋਰ)..... (ਆਪੋਜ਼ੀਸ਼ਨ ਬੈਂਚਿੰਜ ਵੱਲੋਂ ਸ਼ੇਮ ਸ਼ੇਮ ਦੀਆਂ ਅਵਾਜ਼ਾਂ) ਇਸ ਦੇ ਬਾਵਜੂਦ 100 ਗਜ਼ ਦਾ 150 ਰੁਪਇਆ ਸਾਲ ਦਾ ਹੈ ਅਤੇ ਸਾਢੇ 12 ਰੁਪਏ ਮਹੀਨਾ ਬਣਦਾ ਹੈ ਚਾਹੇ ਕਿਸੇ ਵੀ ਸ਼ਹਿਰ ਵਿਚ ਹੋਵੇ। .....(ਵਿਘਨ)....(ਸ਼ੋਰ).....

Mr. Speaker : Nothing is to be recorded. Only minister's speech will be recorded.

ਸਥਾਨਕ ਸਰਕਾਰ, ਡਾਕਟਰੀ ਸਿੱਖਿਆ ਤੇ ਖੋਜ ਮੰਤਰੀ : ਤੁਸੀਂ ਇਹ ਦੇਖ ਲਓ ਕਿ ਸਾਢੇ 12 ਰੁਪਏ ਮਹੀਨਾ 100 ਗਜ਼ ਵਾਲੇ ਦਾ ਹੈ। ਉਸ ਤੋਂ ਬਾਅਦ, ਮਾਨਯੋਗ ਸਪੀਕਰ ਸਾਹਿਬ, ਇਹ ਕੁਲੈਕਟਰ ਰੇਟ ਦੀ ਗੱਲ ਕਰਦੇ ਹਨ। ਮੈਂ ਦਾਅਵਾ ਕਰਦਾ ਹਾਂ ਕਿ ਅਮੀਰ ਬੰਦਾ ਜਿਹੜਾ ਹੈ, 250 ਗਜ਼ ਦੀ ਕੋਠੀ ਵਿਚ ਰਹਿੰਦਾ ਹੋਵੇ, ਜਿੰਨਾ ਮਰਜ਼ੀ ਵੱਡਾ ਮਕਾਨ ਹੋਵੇ, ਜਿੰਨਾ ਮਰਜ਼ੀ ਜਿਆਦਾ ਕੁਲੈਕਟਰ ਰੇਟ ਹੋਵੇ ਮੈਂ ਕਹਿੰਦਾ ਹਾਂ ਕਿ 100-150 ਤੋਂ ਵੱਧ .....(ਵਿਘਨ)....(ਸ਼ੋਰ).....

ਮਾਨਯੋਗ ਸਪੀਕਰ : ਸੀ.ਐਮ. ਸਾਹਿਬ ਬੋਲਣਗੇ।

ਮੁੱਖ ਮੰਤਰੀ (ਸਰਦਾਰ ਪਰਕਾਸ਼ ਸਿੰਘ ਬਾਦਲ) : ਸਪੀਕਰ ਸਾਹਿਬ, ਮੈਂ ਮਾਨਯੋਗ ਲੀਡਰ ਆਫ ਦਿ ਆਪੋਜ਼ੀਸ਼ਨ ਨੂੰ ਇਹ ਕਹਾਂਗਾ ਕਿ ਦੇਖੋ ਜਿਹੜਾ ਮਨਿਸਟਰ ਕਨਸਰਨਡ ਹੈ, ਉਹ ਸਾਰੇ ਰਿਪਲਾਈ ਦੇ ਰਹੇ ਹਨ ਪਰ ਇਹ ਇਸ ਤਰ੍ਹਾਂ ਦੀ ਸਿਚੂਏਸ਼ਨ ਪੈਦਾ ਕਰ ਰਹੇ ਹਨ ਕਿ ਕਿਸੇ ਨੂੰ ਪਤਾ ਹੀ ਨਾ ਲੱਗੇ। ਇੰਨਾ ਚਿਰ ਸਾਰੇ ਬੋਲੇ ਹਨ, ਅਜੇ ਕਈ ਦਿਨ ਹੋਰ ਸੈਸ਼ਨ ਹੈ, ਅਰਾਮ ਨਾਲ ਸੁਣ ਤਾਂ ਲੈਣ ਦਿਓ। ਮਨਿਸਟਰ ਇੰਚਾਰਜ ਤੋਂ ਬਾਅਦ ਗੱਲ ਕਰ ਲਓ। ਸ਼ਾਇਦ ਤੁਹਾਡੀ ਕੋਈ ਗੱਲ ਮੰਨ ਹੀ ਲੈਣ, ਆਪਣੀ ਸੁਜੈਸ਼ਨ ਦਿਓ, ਕੋਈ ਚੰਗੀ ਸੁਜੈਸ਼ਨ ਦਿਓ ਤੇ ਉਹ ਮੰਨ ਸਕਦੇ ਹਨ ਤੇ ਹੁਣ ਵੀ ਅਮੈਂਡਮੈਂਟ ਕਰ ਸਕਦੇ ਹਨ। ਇਸ ਕਰਕੇ ਮੈਂ ਬੇਨਤੀ ਕਰਦਾ ਹਾਂ ਕਿ ਮਨਿਸਟਰ ਇੰਚਾਰਜ ਬੋਲ ਰਿਹਾ ਹੈ, ਉਸ ਨੂੰ ਆਪਣੀ ਸਾਰੀ ਗੱਲ ਰੱਖ ਲੈਣ ਦਿਓ, ਸ਼ਾਇਦ ਕੋਈ ਤੁਹਾਡੀ ਗੱਲ ਮੰਨ ਹੀ ਲੈਣ। .....(ਵਿਘਨ)....(ਸ਼ੋਰ).....

ਸਰਦਾਰ ਅਜਾਇਬ ਸਿੰਘ ਭੱਟੀ : ਸਪੀਕਰ ਸਾਹਿਬ......(ਵਿਘਨ)..... (ਸ਼ੋਰ)......

ਸਥਾਨਕ ਸਰਕਾਰ, ਡਾਕਟਰੀ ਸਿੱਖਿਆ ਤੇ ਖੋਜ ਮੰਤਰੀ : ਮਾਨਯੋਗ ਸਪੀਕਰ ਸਾਹਿਬ, 150 ਰੁਪਇਆ ਸਾਲ ਦਾ ਲਗਾਇਆ ਗਿਆ ਹੈ, ਇਸ ਦਾ ਮਤਲਬ, ਭੱਟੀ ਸਾਹਿਬ, ਕਿ 100 ਗਜ਼ ਵਾਲੇ ਨੂੰ ਸਾਢੇ 12 ਰੁਪਏ ਮਹੀਨਾ ਹੈ। .....(ਵਿਘਨ)....(ਸ਼ੋਰ)..... ਜਿਹੜਾ, ਸਪੀਕਰ ਸਾਹਿਬ, 250 ਗਜ਼ ਦਾ ਮਕਾਨ ਹੈ, ਉਹ ਭਾਵੇਂ ਜਿਹੜੇ ਮਰਜ਼ੀ ਸ਼ਹਿਰ ਵਿਚ ਹੋਵੇ, ਜਿੰਨਾ ਮਰਜ਼ੀ ਕੁਲੈਕਟਰ ਰੇਟ ਹੋਵੇ, ਇਹ 100-125 ਰੁਪਏ ਤੋਂ ਵੱਧ ਬਿਲਕੁਲ ਨਹੀਂ ਬਣਦਾ .....(ਵਿਘਨ)....(ਸ਼ੋਰ)..... ਇਹ ਕੁਲੈਕਟਰ ਰੇਟ ਦੇ ਉਤੇ ਗੁੰਮਰਾਹ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਜਿੰਨੇ ਗਜ਼ ਹੈ, ਉਸ ਨੂੰ ਕੁਲੈਕਟਰ ਰੇਟ ਨਾਲ ਗੁਣਾ ਕਰਕੇ ਉਸ ਦਾ 5 ਫੀਸਦੀ ਰੈਂਟਲ ਵੈਲਿਊ ਕੱਢ ਕੇ ਉਸ ਦਾ ਵੀ ਅੱਧਾ ਪਰਸੈਂਟ ਲਾਇਆ ਹੈ। ਇਹ ਪਹਿਲਾਂ ਹਿਸਾਬ ਪਤਾ ਕਰ ਲਓ ਕਿ ਕੀ ਬਣਦਾ ਹੈ। ਮੇਰਾ ਖਿਆਲ ਹੈ ਕਿ ਇਨ੍ਹਾਂ ਨੂੰ ਖੁਦ ਪਤਾ ਨਹੀਂ ਹੈ। ਮੈਂ ਇਸ ਕਰਕੇ ਕਹਿੰਦਾ ਹਾਂ ਕਿ ਲੁਧਿਆਣਾ, ਜਲੰਧਰ, ਅੰਮ੍ਰਿਤਸਰ .....(ਵਿਘਨ)....(ਸ਼ੋਰ).....

ਸਰਦਾਰ ਕੁਲਜੀਤ ਸਿੰਘ ਨਾਗਰਾ : ਸਪੀਕਰ ਸਾਹਿਬ, ਇਸ ਤਰ੍ਹਾਂ ਨਾ ਕਰੋ ਜੀ, ਗੱਲ ਸੁਣੋ .....(ਵਿਘਨ)....(ਸ਼ੋਰ).....

Mr. Speaker : Please sit down. ਤੁਸੀਂ ਉਨ੍ਹਾਂ ਨੂੰ ਤਾਂ ਸੁਣ ਲਓ।

ਸਥਾਨਕ ਸਰਕਾਰ, ਡਾਕਟਰੀ ਸਿੱਖਿਆ ਤੇ ਖੋਜ ਮੰਤਰੀ : ਜਿਥੇ ਵੀ ਮਹਿੰਗੀ ਤੋਂ ਮਹਿੰਗੀ ਜਗ੍ਹਾ ਹੈ, ਉਥੇ ਵੀ 100-125 ਰੁਪਏ ਤੋਂ ਵੱਧ ਟੈਕਸ ਨਹੀਂ ਲਗਾਇਆ .....(ਵਿਘਨ....(ਸ਼ੋਰ).....

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਕੁਝ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ** ** ** ਨਾਅਰੇ ਲਗਾ ਰਹੇ ਸਨ।)

ਸਥਾਨਕ ਸਰਕਾਰ, ਡਾਕਟਰੀ ਸਿੱਖਿਆ ਤੇ ਖੋਜ ਮੰਤਰੀ : ਬਾਕੀ 500 ਗਜ਼ ਤੱਕ ਲਗਾਇਆ ਹੈ, 5 ਫੀਸਦੀ ਉਸਦੀ ਰੈਂਟਲ ਵੈਲਿਊ ਕੱਢ ਕੇ ਫਿਰ 0.5 ਫੀਸਦੀ ਹੈ। ਇਸ ਤੋਂ ਬਾਅਦ .....(ਵਿਘਨ....ਸ਼ੋਰ).....

ਮਾਨਯੋਗ ਸਪੀਕਰ :** ਨਾਅਰੇ ਵਗੈਰਾ ਰਿਕਾਰਡ ਨਾ ਕੀਤੇ ਜਾਣ।

ਸਥਾਨਕ ਸਰਕਾਰ, ਡਾਕਟਰੀ ਸਿੱਖਿਆ ਤੇ ਖੋਜ ਮੰਤਰੀ : ਵਧੀਆ ਤੋਂ ਵਧੀਆ ਜਿਹੜੀ 250 ਗਜ਼ ਦੀ ਕੋਠੀ ਹੈ, ਉਸ ਤੇ ਵੀ 100 ਰੁਪਏ ਤੋਂ ਵੱਧ ਕਿਸੇ ਵੀ ਸ਼ਹਿਰ ਵਿਚ ਟੈਕਸ ਨਹੀਂ ਬਣਦਾ, ਇਹ ਜਦੋਂ ਮਰਜ਼ੀ ਮੇਰੇ ਨਾਲ ਹਿਸਾਬ ਕਰ ਲੈਣ। ਇਸ ਤੋਂ ਇਲਾਵਾ ਜਿਹੜਾ ਅਸੀਂ ਮੁਆਫ ਕੀਤਾ ਹੈ। .....(ਵਿਘਨ)....(ਸ਼ੋਰ).....

ਸਰਦਾਰ ਜਗਮੋਹਨ ਸਿੰਘ ਕੰਗ (ਬੈਠੇ ਬੈਠੇ) : ਟੋਟਲ ਕਿੰਨਾ ਬਣਦਾ ਹੈ? .....(ਵਿਘਨ)....(ਸ਼ੋਰ).....

**Not recorded as ordered by the Chair.

ਸਥਾਨਕ ਸਰਕਾਰ, ਡਾਕਟਰੀ ਸਿੱਖਿਆ ਤੇ ਖੋਜ ਮੰਤਰੀ : ਟੋਟਲ ਸਾਲ ਦਾ 1200 ਰੁਪਿਆ ਹੋ ਗਿਆ। .....(ਵਿਘਨ)....(ਸ਼ੋਰ).....

ਸਰਦਾਰ ਜਗਮੋਹਨ ਸਿੰਘ ਕੰਗ (ਬੈਠੇ ਬੈਠੇ) : ਵਜ਼ੀਰ ਸਾਹਿਬ, ਪਹਿਲਾਂ ਹਿਸਾਬ ਕਰਨਾ ਸਿੱਖੋ। .....(ਵਿਘਨ)....(ਸ਼ੋਰ).....

ਸਥਾਨਕ ਸਰਕਾਰ, ਡਾਕਟਰੀ ਸਿੱਖਿਆ ਤੇ ਖੋਜ ਮੰਤਰੀ : ਜਿਹੜੀਆਂ ਵਿਧਵਾਵਾਂ ਹਨ, ਉਨ੍ਹਾਂ ਤੇ ਪ੍ਰਾਪਰਟੀ ਟੈਕਸ 5000 ਤੱਕ ਦਾ ਬਣਦਾ ਹੈ, ਉਹ ਮੁਆਫ ਹੈ। ਜਿਹੜੇ ਅਪੰਗ ਵਿਅਕਤੀ ਹਨ .....(ਵਿਘਨ)....(ਸ਼ੋਰ).....

ਸਰਦਾਰ ਬਲਬੀਰ ਸਿੰਘ ਸਿੱਧੂ : ਸਪੀਕਰ ਸਾਹਿਬ, ...(ਵਿਘਨ)....(ਸ਼ੋਰ)....

Mr. Speaker : Please sit down.

ਸਥਾਨਕ ਸਰਕਾਰ, ਡਾਕਟਰੀ ਸਿੱਖਿਆ ਤੇ ਖੋਜ ਮੰਤਰੀ : ਉਨ੍ਹਾਂ ਨੂੰ ਵੀ ਮੁਆਫੀ ਦਿੱਤੀ ਹੈ। ਇਸ ਤੋਂ ਇਲਾਵਾ ਜਿਹੜੀਆਂ ਵਿੱਦਿਅਕ ਸੰਸਥਾਵਾਂ ਹਨ, ਜਿਨ੍ਹਾਂ ਨੂੰ ਸਰਕਾਰੀ ਸਹਾਇਤਾ ਪ੍ਰਾਪਤ ਨਹੀਂ ਹੈ, ਉਨ੍ਹਾਂ ਨੂੰ ਵੀ 50 ਫੀਸਦੀ ਛੋਟ ਦਿੱਤੀ ਹੈ। ਇਸ ਤੋਂ ਇਲਾਵਾ ਇਨ੍ਹਾਂ ਨੇ ਜਿਹੜੀ ਗੱਲ ਕੀਤੀ ਹੈ, ਧਾਰਮਿਕ ਜਗ੍ਹਾ ਬਾਰੇ ਰੌਲਾ ਪਾਇਆ, ਜਿਹੜੀ ਖੇਤੀਬਾੜੀ ਤੇ ਬਾਗਬਾਨੀ ਵਾਸਤੇ ਹੈ, ਸੁਤੰਤਰਤਾ ਸੈਨਾਨੀਆਂ ਵਾਸਤੇ ਹੈ, ਇਨ੍ਹਾਂ ਤੇ ਵੀ ਟੈਕਸ ਮੁਆਫ ਹੈ। ਇਸ ਤੋਂ ਇਲਾਵਾ ਜਿਹੜੀਆਂ ਅਸੀਂ ਛੋਟਾਂ ਦਿੱਤੀਆਂ ਹਨ।

ਸਰਦਾਰ ਚਰਨਜੀਤ ਸਿੰਘ ਚੰਨੀ : ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ ਜੀ।

Mr. Speaker : No Point of Order.

ਸਰਦਾਰ ਚਰਨਜੀਤ ਸਿੰਘ ਚੰਨੀ : ਸਪੀਕਰ ਸਾਹਿਬ .....(ਵਿਘਨ)....(ਸ਼ੋਰ).....

Mr. Speaker : You are wasting the time.

ਸਰਦਾਰ ਕੁਲਜੀਤ ਸਿੰਘ ਨਾਗਰਾ : ਸਪੀਕਰ ਸਾਹਿਬ .....(ਵਿਘਨ)....(ਸ਼ੋਰ).....

ਸਥਾਨਕ ਸਰਕਾਰ, ਡਾਕਟਰੀ ਸਿੱਖਿਆ ਤੇ ਖੋਜ ਮੰਤਰੀ : ਸੁਣ ਲਓ, ਜਿਹੜਾ ਹਾਊਸ ਟੈਕਸ ਸੀ, ਉਹ ਜਿਥੇ 10 ਫੀਸਦੀ ਸੀ, ਉਥੇ ਰੈਂਟਲ ਵੈਲਿਊ ਦਾ 15 ਫੀਸਦੀ ਸੀ, ਕਮਰਸ਼ੀਅਲ ਦਾ 10 ਫੀਸਦੀ ਸੀ, ਉਹ ਰਿਹਾਇਸ਼ੀ ਬਿਲਡਿੰਗਾਂ ਤੇ ਲਗਦਾ ਸੀ, ਉਸ ਦਾ ਅਸੀਂ ਤੁਹਾਨੂੰ ਦੱਸ ਦਿੱਤਾ ਕਿ ਕਿੰਨਾ ਕੀਤਾ ਹੈ। ਇਸ ਤੋਂ ਇਲਾਵਾ .....(ਵਿਘਨ)....(ਸ਼ੋਰ).....

ਸਰਦਾਰ ਬਲਬੀਰ ਸਿੰਘ ਸਿੱਧੂ : ਸਪੀਕਰ ਸਾਹਿਬ, ...(ਵਿਘਨ)...(ਸ਼ੋਰ).....

Mr. Speaker : Please sit down.

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਕੁਝ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਉੱਚੀ ਉੱਚੀ ** ** ** ਨਾਅਰੇ ਲਗਾ ਰਹੇ ਸਨ। ਸਦਨ ਵਿਚ ਕਾਫੀ ਸ਼ੋਰ ਹੋਣ ਕਾਰਨ ਕੁਝ ਸੁਣਾਈ ਨਹੀਂ ਦੇ ਰਿਹਾ ਸੀ।)

ਸਥਾਨਕ ਸਰਕਾਰ, ਡਾਕਟਰੀ ਸਿੱਖਿਆ ਤੇ ਖੋਜ ਮੰਤਰੀ : ਪਹਿਲਾਂ ਰਿਹਾਇਸ਼ੀ ਦਾ 15 ਫੀਸਦੀ ਸੀ ਤੇ ਹੁਣ 3 ਫੀਸਦੀ ਹੈ। .....(ਵਿਘਨ)....(ਸ਼ੋਰ).....

ਮਾਲ ਤੇ ਮੁੜ ਵਸੇਬਾ, ਸੂਚਨਾ ਤੇ ਲੋਕ ਸੰਪਰਕ, ਗੈਰ ਰਵਾਇਤੀ ਊਰਜਾ ਤੇ ਐਨ.ਆਰ.ਆਈ.ਮਾਮਲੇ ਮੰਤਰੀ (ਸਰਦਾਰ ਬਿਕਰਮ ਸਿੰਘ ਮਜੀਠੀਆ) : ਸਪੀਕਰ ਸਾਹਿਬ, ਮੇਰੀ ਇਕ ਬੇਨਤੀ ਹੈ ਕਿ ਦੇਖੋ ਮਾਨਯੋਗ ਮੰਤਰੀ ਜੀ ਬੋਲ ਰਹੇ ਹਨ, ਉਹ ਕਹਿ ਰਹੇ ਹਨ ਕਿ ਝੂਠ ਬੋਲਣਾ ਬੰਦ ਕਰੋ। ਕੀ ਹੈ ਇਹ, ਜਾਖੜ ਸਾਹਿਬ, with all due respect .....(ਵਿਘਨ....ਸ਼ੋਰ).....

ਸਥਾਨਕ ਸਰਕਾਰ, ਡਾਕਟਰੀ ਸਿੱਖਿਆ ਤੇ ਖੋਜ ਮੰਤਰੀ : ਸਰ, ਇਹ ਰਿਹਾਇਸ਼ੀ ਬਿਲਡਿੰਗਾਂ ਜਿਹੜੀਆਂ ਕਿਰਾਏ ਦੇ ਉੱਤੇ ਦਿੱਤੀਆਂ ਹੋਈਆਂ ਹਨ, ਜਿਹੜਾ ਸਵੈ-ਕਾਬਜ਼ ਰਿਹਾਇਸ਼ੀ ਹੈ, ਉਥੇ 15 % ਦੀ ਥਾਂ ਤੇ 3 % ਟੈਕਸ ਲਗਾਇਆ ਹੈ। ਪਹਿਲਾਂ ਰਿਹਾਇਸ਼ੀ ਦਾ 15% ਸੀ ਹੁਣ 3% ਲਗਾਇਆ ਹੈ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਦੇ ਕੁਝ ਹਾਜ਼ਰ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ** ** ਨਾਅਰੇ ਲਗਾ ਰਹੇ ਸਨ।)

ਮਾਲ ਤੇ ਮੁੜ ਵਸੇਬਾ, ਸੂਚਨਾ ਤੇ ਲੋਕ ਸੰਪਰਕ, ਗੈਰ ਰਵਾਇਤੀ ਊਰਜਾ ਤੇ ਐਨ.ਆਰ.ਆਈ.ਮਾਮਲੇ ਮੰਤਰੀ : ਸਰ, ਦੇਖੋ, ਆਨਰੇਬਲ ਮਨਿਸਟਰ ਬੋਲ ਰਹੇ ਹਨ, (ਵਿਰੋਧੀ ਧਿਰ ਵੱਲ ਇਸ਼ਾਰਾ ਕਰਦੇ ਹੋਏ) ਉਹ ਦੇਖੋ .....(ਵਿਘਨ)....(ਸ਼ੋਰ)..... ਉਨ੍ਹਾਂ ਮੈਂਬਰ ਸਾਹਿਬ ਦੀ ਗੱਲ ਵੇਖ ਲਵੋ, ਝੂਠ ਬੋਲਣਾ ਬੰਦ ਕਰੋ .....(ਵਿਘਨ)....(ਸ਼ੋਰ)..... ਪਹਿਲਾਂ ਗੱਲ ਤਾਂ ਸੁਣ ਲਵੋ। ਜਾਖੜ ਸਾਹਿਬ, with all due respect, your members are making accusation. .....(ਵਿਘਨ....ਸ਼ੋਰ)..... ਗੱਲ ਤਾਂ ਸੁਣ ਲਵੋ ਜੀ। Your Members are making an accusation. What are they saying, ਗੱਲ ਤਾਂ ਸੁਣ ਲਵੋ, ਝੂਠ ਬੋਲਣਾ ਬੰਦ ਕਰੋ। what are they saying.

ਮਾਨਯੋਗ ਸਪੀਕਰ : ਇਸ ਦੇ ਵਿੱਚ, ਜਾਖੜ ਸਾਹਿਬ, ਤੁਹਾਡੀ ਮਰਜ਼ੀ ਹੈ..... .....(ਵਿਘਨ....ਸ਼ੋਰ).....

ਸਥਾਨਕ ਸਰਕਾਰ, ਡਾਕਟਰੀ ਸਿੱਖਿਆ ਤੇ ਖੋਜ ਮੰਤਰੀ : ਸਪੀਕਰ ਸਾਹਿਬ, ਰਿਹਾਇਸ਼ੀ ਦਾ 15% ਦੀ ਥਾਂ ਤੇ 3% ਕੀਤਾ ਹੈ। .....(ਵਿਘਨ)....(ਸ਼ੋਰ).....

Mr. Speaker : No, ਨਹੀਂ ਜੀ ਨਹੀਂ। Please ਬੈਠ ਜਾਓ। Nothing is to be recorded except the speech of Mr. Anil Joshi.

**Not recorded as ordered by the Chair

ਸਥਾਨਕ ਸਰਕਾਰ, ਡਾਕਟਰੀ ਸਿੱਖਿਆ ਤੇ ਖੋਜ ਮੰਤਰੀ : ਜਿਹੜਾ ਕਮਰਸ਼ੀਅਲ ਹੈ, ਉਸ ਦੇ ਵਿੱਚ ਟੈਕਸ 15% ਦੀ ਜਗ੍ਹਾ ਤੇ 3% ਕੀਤਾ ਹੈ। ਜਿਹੜਾ ਰਿਹਾਇਸ਼ੀ ਸੀ, ਉਹ 10% ਸੀ ਜਿਹੜਾ ਕਿਰਾਏ ਤੇ ਦਿੱਤਾ ਹੈ। 10% ਪਹਿਲਾਂ ਲਗਦਾ ਸੀ, ਉਹ ਸਾਢੇ 7 % ਕੀਤਾ ਹੈ। ਜਿਹੜਾ ਗੈਰ ਰਿਹਾਇਸ਼ੀ ਹੈ, ਜਿਹੜਾ ਕਮਰਸ਼ੀਅਲ ਹੈ, ਉਸ ਦੇ ਉੱਤੇ 15% ਦੀ ਥਾਂ ਤੇ 3% ਕੀਤਾ ਹੈ। ਜਿਹੜੀਆਂ ਗੈਰ ਰਿਹਾਇਸ਼ੀ ਬਿਲਡਿੰਗਾਂ ਹਨ, ਕਿਰਾਏ ਤੇ ਦਿੱਤੀਆਂ ਹਨ, ਉਨ੍ਹਾਂ ਤੇ 15% ਦੀ ਥਾਂ ਤੇ 10% ਲਗਦਾ ਹੈ ...(ਵਿਘਨ)...(ਸ਼ੋਰ)... ਜਿਹੜਾ ਖਾਲੀ ਪਲਾਟ ਹੈ, ਉਹ 0.20 % ਕੀਤਾ ਹੈ।(ਵਿਘਨ)

ਮਾਨਯੋਗ ਸਪੀਕਰ : ਨਹੀਂ ਜੀ, ਨਹੀਂ।

ਸਥਾਨਕ ਸਰਕਾਰ, ਡਾਕਟਰੀ ਸਿੱਖਿਆ ਤੇ ਖੋਜ ਮੰਤਰੀ : ਸਰ, ਇਸ ਤੋਂ ਇਲਾਵਾ, ਪਹਿਲਾਂ ਕਮਰਸ਼ੀਅਲ ਦਾ ਅਤੇ ਇੰਡਸਟਰੀ ਦਾ ਬਰਾਬਰ ਗਿਣਿਆ ਜਾਂਦਾ ਸੀ, ਉਹ ਵੀ ਅਸੀਂ ਘਟਾ ਦਿੱਤਾ ਹੈ।

ਸਰਦਾਰ ਚਰਨਜੀਤ ਸਿੰਘ ਚੰਨੀ : ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ ਜੀ। .....(ਵਿਘਨ....ਸ਼ੋਰ).....

ਮਾਨਯੋਗ ਸਪੀਕਰ : ਤੁਹਾਨੂੰ Sufficient ਟਾਈਮ ਦੇ ਚੁੱਕੇ ਹਾਂ। No, no, ਹੁਣ ਨਹੀਂ। ਸੋਢੀ ਸਾਹਿਬ ਨੂੰ ਦੇਣਾ ਹੈ ਕਿ ਉਨ੍ਹਾਂ ਨੂੰ ਦੇਣਾ ਹੈ?

(ਇਸ ਸਮੇਂ ਮਾਲ ਤੇ ਮੁੜ ਵਸੇਬਾ, ਸੂਚਨਾ ਤੇ ਲੋਕ ਸੰਪਰਕ, ਗੈਰ ਰਵਾਇਤੀ ਊਰਜਾ ਤੇ ਐਨ.ਆਰ.ਆਈ.ਮਾਮਲੇ ਮੰਤਰੀ ਆਪਣੀ ਸੀਟ ਤੇ ਬੈਠੇ ਬੈਠੇ ਕੁਝ ਬੋਲ ਰਹੇ ਸਨ ਜੋ ਕਿ ਸਦਨ ਵਿੱਚ ਸ਼ੋਰ ਹੋਣ ਕਰਕੇ ਸੁਣਾਈ ਨਹੀਂ ਦਿੱਤਾ।)

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ ਦੇ ਦਿਓ ਜੀ। Minister Sahib is not familiar with these things. So please, the Member is on a Point of Order. It is my humble request, so please allow him. .....(ਵਿਘਨ....ਸ਼ੋਰ)..... ** **

Mr. Speaker : Nothing is to be recorded. ਚੰਨੀ ਸਾਹਿਬ, ਤੁਸੀਂ ਕਹਿ ਲਵੋ। ਤੁਸੀਂ ਦੱਸੋ ਤੁਹਾਡਾ ਪੁਆਇੰਟ ਆਫ ਆਰਡਰ ਕੀ ਹੈ, ਮੈਨੂੰ ਦੱਸੋ ਤਾਂ ਸਹੀ ਪੁਆਇੰਟ ਆਫ ਆਰਡਰ ਹੈ ਕੀ? .....(ਵਿਘਨ....ਸ਼ੋਰ).....

ਸਰਦਾਰ ਚਰਨਜੀਤ ਸਿੰਘ ਚੰਨੀ : ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਜੀ .....(ਵਿਘਨ....ਸ਼ੋਰ).....ਯਾਰ ਬੋਲ ਲੈਣ ਦੇਵੋ।

ਮਾਨਯੋਗ ਸਪੀਕਰ : ਦੱਸੋ ਤੁਹਾਡਾ ਪੁਆਇੰਟ ਆਫ ਆਰਡਰ ਹੈ ਕੀ?

**Not recorded as ordered by the Chair.

ਸਰਦਾਰ ਚਰਨਜੀਤ ਸਿੰਘ ਚੰਨੀ : ਸਰ, ਮੈਂ ਬਿਲਕੁਲ ਕਾਨੂੰਨ ਦੀ ਗੱਲ ਕਰਨੀ ਚਾਹੁੰਦਾ ਹਾਂ....

ਮਾਨਯੋਗ ਸਪੀਕਰ : ਪਹਿਲਾਂ ਮੈਂ ਇੱਕ ਹੋਰ ਗੱਲ ਕਲੀਅਰ ਕਰ ਦੇਵਾਂ ਕਿ ਤੁਹਾਡੇ ਮਨ ਵਿੱਚ ਭੁਲੇਖਾ ਨਾ ਰਹੇ। ਆਪੋਜ਼ੀਸ਼ਨ ਲੀਡਰ ਨੇ ਮੈਨੂੰ ਬੋਲਣ ਵਾਲਿਆਂ ਦੀ ਲਿਸਟ ਭੇਜੀ ਹੋਈ ਹੈ, ਮੈਂ ਉਸ ਦੇ ਮੁਤਾਬਿਕ ਉਹ ਸਾਰੇ ਬੰਦੇ ਬੁਲਾਏ ਹਨ।

ਸਰਦਾਰ ਚਰਨਜੀਤ ਸਿੰਘ ਚੰਨੀ : ਤੁਹਾਡਾ ਬਹੁਤ ਬਹੁਤ ਧੰਨਵਾਦ ਜੀ ।

ਮਾਨਯੋਗ ਸਪੀਕਰ: ਉਸ ਤੋਂ ਬਾਅਦ ਇੱਕ ਹੋਰ ਗੱਲ ਹੈ। ਜੋ ਟਰੇਜ਼ਰੀ ਬੈਂਚਿਜ਼ ਦੇ ਇੰਚਾਰਜ ਹਨ, ਜੋ ਉਨ੍ਹਾਂ ਦੀ ਲਿਸਟ ਆਈ ਹੈ, ਉਨ੍ਹਾਂ ਬੰਦਿਆਂ ਨੂੰ ਮੈਂ ਬੁਲਾਇਆ ਹੈ। ਮੇਰੇ ਕੋਲ ਇੰਨਾ ਟਾਈਮ ਹੀ ਨਹੀਂ ਕਿ ਮੈਂ ਸਾਰਿਆਂ ਨੂੰ ਬੁਲਾ ਸਕਾਂ।

ਸਰਦਾਰ ਚਰਨਜੀਤ ਸਿੰਘ ਚੰਨੀ : ਸਪੀਕਰ ਸਾਹਿਬ, ਮੈਂ ਇੱਕ ਪੁਆਇੰਟ ਤੇ ਹੀ ਗੱਲ ਕਰਨੀ ਹੈ ਕਿ ਪੰਜਾਬ ਦੀਆਂ ਜਿੰਨੀਆਂ ਲੋਕਲ ਬਾਡੀਜ਼ ਹਨ, ਇਹ ਜਿਹੜੀਆਂ ਮਿਉਂਸਪਲ ਕਮੇਟੀਆਂ ਹਨ, ਅਰਬਨ ਲੋਕਲ ਬਾਡੀਜ਼ are the autonomous bodies.

Mr. Speaker : Yes.

ਸਰਦਾਰ ਚਰਨਜੀਤ ਸਿੰਘ ਚੰਨੀ : ** ** **

Mr. Speaker : No point of order. ਮੈਂ ਕਿਹਾ ਜੀ ਬੈਠ ਜਾਉ।

ਉਪ ਮੁੱਖ ਮੰਤਰੀ (ਸਰਦਾਰ ਸੁਖਬੀਰ ਸਿੰਘ ਬਾਦਲ) (ਬੈਠੇ-ਬੈਠੇ) : ਗੌਰਮਿੰਟ ਆਫ ਇੰਡੀਆ ਨੂੰ ਪੁੱਛ ਲਉ।

ਸਥਾਨਕ ਸਰਕਾਰ, ਡਾਕਟਰੀ ਸਿੱਖਿਆ ਤੇ ਖੋਜ ਮੰਤਰੀ : ਸਰ, ਸੈਂਟਰ ਸਰਕਾਰ ਦੀ ਜਿਹੜੀ ਚਿੱਠੀ ਹੈ, ਇਹ ਇਨ੍ਹਾਂ ਦੇ ਉਸ ਵੇਲੇ ਦੇ ਚੀਫ ਮਨਿਸਟਰ, ਕੈਪਟਨ ਅਮਰਿੰਦਰ ਸਿੰਘ ਦੇ ਚੀਫ ਸੈਕਟਰੀ ਵੱਲੋਂ ਭੇਜੀ ਗਈ ਸੀ। ...(ਵਿਘਨ)...

Mr. Speaker : Please, sit down.

ਸਥਾਨਕ ਸਰਕਾਰ, ਡਾਕਟਰੀ ਸਿੱਖਿਆ ਤੇ ਖੋਜ ਮੰਤਰੀ : ਮੈਂ ਚਿੱਠੀ ਪੜ੍ਹ ਦਿੰਦਾ ਹਾਂ, Chief Secretary with the approval of Chief Minister, Captain Amarinder Singh vide his D.O. letter dated 07.12.2006 ...(ਵਿਘਨ...ਸ਼ੋਰ).....

Mr. Speaker : Please sit down. Nothing is going to be recorded.

Local Government, Medical Education and Reserch Minister : ...assured the Government of India that a new system of taxation on all municipal properties will be put in place by 13th June,

---

**Not recorded as ordered by the Chair.

[Local Government, Medical Education and Research Minister]

2007, specially those covered under JNNURM. ਇਹ ਕੈਪਟਨ ਅਮਰਿੰਦਰ ਸਿੰਘ ਨੇ ਐਸ਼ਿਉਰੈਂਸ ਦਿੱਤੀ ਸੀ। .....(ਵਿਘਨ....ਸ਼ੋਰ)..... ਉਸ ਤੋਂ ਬਾਅਦ ਉਨ੍ਹਾਂ ਨੇ ਜਿਹੜੇ ਬਿਆਨ ਲਾਏ .....(ਵਿਘਨ....ਸ਼ੋਰ)..... ਪਰ ਘਟਾਇਆ ਕਿੰਨਾ ਗਿਆ, ਉਹ ਮੈਨੂੰ ਐਕਸਪਲੇਨ ਕਰਨ ਦਿੱਤਾ ਜਾਵੇ। ਮਾਨਯੋਗ ਸਪੀਕਰ ਸਾਹਿਬ, ਜਿਹੜਾ 15 % ਕਮਰਸ਼ੀਅਲ ਲਗਦਾ ਹੈ....

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ।

ਮਾਨਯੋਗ ਸਪੀਕਰ : ਮੈਂ ਕਿਹਾ ਜੀ ਨਹੀਂ ਹੋਣਾ। ਮੈਂ ਕਿੰਨੀ ਵਾਰ ਪੁਆਇੰਟ ਆਫ ਆਰਡਰ ਦਿਆਂ।

ਸ਼੍ਰੀ ਸੁਨੀਲ ਜਾਖੜ : ਬੜਾ ਮਹੱਤਵਪੂਰਨ ਪੁਆਇੰਟ ਹੈ। ਇਸ ਦਾ ਜਵਾਬ ਤਾਂ ਦੇ ਦੇਣ।

ਮਾਨਯੋਗ ਸਪੀਕਰ : ਜਾਖੜ ਸਾਹਿਬ, ਉਹ ਜਵਾਬ ਹੀ ਦੇ ਰਹੇ ਨੇ ਜੀ। ਮੈਂ ਡਿਸਅਲਾਉ ਕਰ ਦਿੱਤਾ ਹੈ। Please sit down now. .....(ਵਿਘਨ....ਸ਼ੋਰ).....

ਸਥਾਨਕ ਸਰਕਾਰ, ਡਾਕਟਰੀ ਸਿੱਖਿਆ ਤੇ ਖੋਜ ਮੰਤਰੀ : ਮਾਨਯੋਗ ਸਪੀਕਰ ਸਾਹਿਬ, ਜਿਹੜਾ ਕਮਰਸ਼ੀਅਲ ਪਹਿਲਾਂ 15% ਸੀ ਉਸ ਦੀ ਜਗ੍ਹਾ ਤੇ 3% ਕਰ ਦਿੱਤਾ। ਜਿਹੜੀ ਗੈਰ ਰਿਹਾਇਸ਼ੀ ਬਿਲਡਿੰਗ ਕਿਰਾਏ ਤੇ ਦਿੱਤੀ ਸੀ, ਉਸ ਦਾ 15% ਦੀ ਜਗ੍ਹਾ ਤੇ 10% ਕਰ ਦਿੱਤਾ ਹੈ। ਜਿਹੜਾ ਇਹ ਰੌਲਾ ਪਾਉਂਦੇ ਹਨ, ਖਾਲੀ ਇਸ ਕਰਕੇ ਰੱਖਿਆ ਗਿਆ ਹੈ ਕਿਉਂਕਿ 90% ਦੀ ਸ਼ਰਤ ਹੈ ਕਿ 90% ਪ੍ਰਾਪਰਟੀ ਕਵਰਡ ਹੋਣੀ ਚਾਹੀਦੀ ਹੈ। ਉਹ ਸਿਰਫ 0.20% ਹੈ। .....(ਵਿਘਨ....ਸ਼ੋਰ)..... ਇਸ ਤੋਂ ਇਲਾਵਾ ਮੈਂ ਪਹਿਲਾਂ ਦੱਸ ਚੁੱਕਾ ਹਾਂ ਕਿ 50 ਗਜ਼ ਦਾ ਜੋ ਹੈ, ਉਸ ਦਾ 50 ਰੁਪਏ, 100 ਗਜ਼ ਦਾ 150 ਰੁਪਏ ਮਹੀਨਾ ਅਤੇ ਜਿਹੜੀ ਇੰਡਸਟਰੀ ਸੀ, ਜਿਵੇਂ ਕਿ ਸਰਕਾਰ ਦੇ ਦਿਮਾਗ ਵਿੱਚ ਹੈ ਕਿ ਇੰਡਸਟਰੀ ਅਤੇ ਕਮਰਸ਼ੀਅਲ ਨੂੰ ਬਰਾਬਰ ਨਹੀਂ ਗਿਣਿਆ ਜਾਣਾ ਚਾਹੀਦਾ, ਇਸ ਕਰਕੇ ਉਹ ਵੀ ਘਟਾ ਕੇ 3% ਕੀਤਾ ਹੈ ਜਿਹੜਾ ਕਿ ਪਹਿਲਾਂ 15% ਸੀ। ਇੰਡਸਟਰੀਅਲ ਅਤੇ ਕਮਰਸ਼ੀਅਲ ਬਰਾਬਰ ਕੀਤਾ ਹੈ ਅਤੇ ਕਮਰਸ਼ੀਅਲ ਦਾ 3% ਤੋਂ ਘਟਾ ਕੇ 1.5% ਕਰ ਦਿੱਤਾ ਹੈ। ਪਹਿਲਾਂ ਕਮਰਸ਼ੀਅਲ ਦਾ ਅਤੇ ਇੰਡਸਟਰੀ ਦਾ 15% ਤੋਂ 3% ਕੀਤਾ, ਉਸ ਤੋਂ ਬਾਅਦ ਇੰਡਸਟਰੀ ਦਾ ਹੋਰ ਘਟਾ ਕੇ ਡੇਢ ਪ੍ਰਤੀਸ਼ਤ ਕਰ ਦਿੱਤਾ, ਜਿਹੜਾ ਆਸ਼ੂ ਜੀ ਖੁਦ ਵੀ ਕਹਿ ਕੇ ਗਏ ਹਨ। ਇਸ ਤੋਂ ਇਲਾਵਾ ਜਿਹੜਾ ਇਨ੍ਹਾਂ ਨੇ ਜੁਰਮਾਨਿਆਂ ਬਾਰੇ ਕਿਹਾ ਹੈ, 30 ਨਵੰਬਰ ਤੱਕ 10% ਛੋਟ ਦਿੱਤੀ ਹੈ। ਜਿਹੜਾ ਇਨ੍ਹਾਂ ਦਾ ਆਬਜੈਕਸ਼ਨ ਹੈ ਕਿ ਜਿਹੜਾ ਮਾਰਚ ਤੱਕ ਜਮ੍ਹਾਂ ਨਹੀਂ ਕਰਵਾਉਂਦਾ, ਉਸ ਨੂੰ 100% ਪੈਨਲਟੀ ਹੈ, ਉਹ ਘਟਾ ਕੇ 20% ਕਰ ਦਿੱਤੀ ਹੈ, ਹੁਣੇ ਸੀ.ਐਮ. ਸਾਹਿਬ ਅਤੇ ਡਿਪਟੀ ਸੀ.ਐਮ. ਸਾਹਿਬ ਨਾਲ ਗੱਲ ਹੋਈ ਹੈ। (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) ਜਿਹੜੀ ਅਸੀਂ 31 ਮਾਰਚ ਤੱਕ 25% ਪੈਨਲਟੀ ਕੀਤੀ ਸੀ, ਉਹ 10% ਪੈਨਲਟੀ ਕਰ ਦਿੱਤੀ ਹੈ। ਇਸ ਤੋਂ ਇਲਾਵਾ ਵਿਧਵਾਵਾਂ ਨੂੰ, ਧਾਰਮਿਕ ਜਗ੍ਹਾ, ਇਹ ਸਾਰੀਆਂ ਗੱਲਾਂ ਮੈਂ ਕਹਿ ਦਿੱਤੀਆਂ ਹਨ। ਇਨ੍ਹਾਂ

ਨੇ ਇਹ ਕਿਹਾ ਹੈ ਕਿ ਉਹ ਫਾਰਮ ਵੇਚ ਰਹੇ ਹਨ, ਇਸ ਤੇ ਬਿਲਕੁਲ ਕਾਰਵਾਈ ਹੋਵੇਗੀ ਜੇਕਰ ਕੋਈ ਦਲਾਲ ਫਾਰਮ ਵੇਚਦਾ ਹੈ। ਉਥੋਂ ਦੇ ਕਮਿਸ਼ਨਰ ਅਤੇ ਈ.ਓ. ਦੀ ਜ਼ਿੰਮੇਵਾਰੀ ਹੋਵੇਗੀ, ਉਨ੍ਹਾਂ ਤੇ ਕਾਰਵਾਈ ਹੋਵੇਗੀ। ਸਾਰੇ ਸ਼ਹਿਰਾਂ ਵਿੱਚ ਕੈਂਪ ਲਗਾਏ ਜਾ ਰਹੇ ਹਨ ਅਤੇ ਲੋਕ ਖੁਸ਼ ਹਨ। .....(ਵਿਘਨ....ਸ਼ੋਰ)..... ਮੈਂ ਖੁਦ ਕੈਂਪ ਵਿੱਚ ਗਿਆ ਹਾਂ। ਮੈਂ ਖੁਦ ਜਾ ਕੇ ਲੋਕਾਂ ਨੂੰ ਪੁੱਛਿਆ ਹੈ ਅਤੇ ਉਹ ਕਹਿੰਦੇ ਹਨ ਕਿ ਇਨ੍ਹਾਂ ਨੇ (ਵਿਰੋਧੀ ਧਿਰ ਵੱਲ ਇਸ਼ਾਰਾ) ਇੰਨਾ ਗੁੰਮਰਾਹ ਕੀਤਾ ਕਿ ਇਹ ਕਹਿੰਦੇ ਹਨ ਕਿ ਤੁਹਾਡੇ ਮਕਾਨ ਤੇ ਲੱਖ ਰੁਪਿਆ ਲੱਗ ਜਾਣਾ ਹੈ ਜਾਂ ਡੇਢ ਲੱਖ ਰੁਪਿਆ ਲੱਗ ਜਾਣਾ ਹੈ, ਅਸੀਂ ਉਨ੍ਹਾਂ ਦੇ ਅੰਨੇ ਗੁਮਰਾਹਕੁੰਨ ਪ੍ਰਚਾਰ ਵਿੱਚ ਆ ਗਏ। ਇਨ੍ਹਾਂ ਨੇ ਕੋਸ਼ਿਸ਼ ਕੀਤੀ, ਬਹੁਤ ਜਗ੍ਹਾ ਇਨ੍ਹਾਂ ਨੇ ਕੋਸ਼ਿਸ਼ ਕੀਤੀ ਕਿ ....

ਰਾਣਾ ਗੁਰਮੀਤ ਸਿੰਘ ਸੋਢੀ : ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ।

ਮਾਨਯੋਗ ਸਪੀਕਰ : ਸੋਢੀ ਸਾਹਿਬ ਦਾ ਪੁਆਇੰਟ ਆਫ ਆਰਡਰ ਸੁਣ ਲਈਏ, ਬੜੀ ਦੇਰ ਦਾ ਪਿਆ ਹੈ।

ਰਾਣਾ ਗੁਰਮੀਤ ਸਿੰਘ ਸੋਢੀ : ** ** ** (ਹਾਸਾ)

Mr. Speaker : No point of order.

ਰਾਣਾ ਗੁਰਮੀਤ ਸਿੰਘ ਸੋਢੀ : ਇੱਕ ਮਿੰਟ ਜੀ, ਮੈਂ ਤਾਂ ਇਹ ਸ਼ੁਰੂਆਤ ਕੀਤੀ ਹੈ। (ਹਾਸਾ) ਮੈਂ ਤੁਹਾਨੂੰ ਇਹ ਦੱਸਣਾ ਚਾਹੁੰਦਾ ਹਾਂ ਕਿ.......

ਮਾਨਯੋਗ ਸਪੀਕਰ : ਪੁਆਇੰਟ ਆਫ ਆਰਡਰ ਵਿੱਚ ਸ਼ੁਰੂਆਤ ਨਹੀਂ ਹੁੰਦੀ, ਪੁਆਇੰਟ ਆਫ ਆਰਡਰ ਹੁੰਦਾ ਹੈ।

ਰਾਣਾ ਗੁਰਮੀਤ ਸਿੰਘ ਸੋਢੀ : ਇਹ ਜਿਹੜੇ ਟੈਕਸ ਹਨ, ਉਨ੍ਹਾਂ ਤੇ ਗੱਲ ਕਰਨ ਲੱਗਾ ਹਾਂ। ਸਰ, most of the godowns ਜਿਹੜੇ ਹਨ, ਉਹ ਰੂਰਲ ਏਰੀਏ ਵਿੱਚ ਹਨ ਅਤੇ ਫਾਰਮਰਜ਼ ਨੇ ਬਣਾਏ ਹਨ। ਉਥੇ ਸਰਕਾਰ ਵੱਲੋਂ ਕੋਈ ਵੀ ਸਹੂਲਤ ਨਹੀਂ ਹੈ। ਟਰਾਂਸਫਾਰਮਰ ਵੀ ਉਨ੍ਹਾਂ ਨੇ ਆਪਣੇ ਪੈਸਿਆਂ ਨਾਲ ਲਗਾਇਆ ਹੈ ਅਤੇ ਸੀਵਰੇਜ ਸਿਸਟਮ ਵੀ ਉਨ੍ਹਾਂ ਨੇ ਆਪਣਾ ਪਾਇਆ ਹੈ, ਪਾਣੀ ਦਾ ਪਾਈਪ ਵੀ ਆਪਣਾ ਪਾਇਆ ਹੈ.....

ਸਥਾਨਕ ਸਰਕਾਰ, ਡਾਕਟਰੀ ਸਿੱਖਿਆ ਤੇ ਖੋਜ ਮੰਤਰੀ : ਉਨ੍ਹਾਂ ਤੇ ਤਾਂ ਕੋਈ ਟੈਕਸ ਨਹੀਂ ਹੈ।

ਰਾਣਾ ਗੁਰਮੀਤ ਸਿੰਘ ਸੋਢੀ : ਇੱਕ ਮਿੰਟ ਮੇਰੀ ਗੱਲ ਸੁਣ ਲਉ ਜੀ। ** ** **

Mr. Speaker : No Point of Order. ਹਾਂ ਜੀ, ਜੋਸ਼ੀ ਸਾਹਿਬ, ਤੁਸੀਂ ਬੋਲੋ।

**Not recorded as ordered by the Chair

ਸਥਾਨਕ ਸਰਕਾਰ, ਡਾਕਟਰੀ ਸਿੱਖਿਆ ਤੇ ਖੋਜ ਮੰਤਰੀ : ਮਾਨਯੋਗ ਸਪੀਕਰ ਸਾਹਿਬ, ਇਹ ਟੈਕਸ ਪਹਿਲਾਂ ਵੀ ਸੀ। ਕਾਂਗਰਸ ਵੱਲੋਂ ਹਾਊਸ ਟੈਕਸ ਤੋਂ ਪਹਿਲਾਂ ਲਗਾਇਆ ਗਿਆ ਸੀ। ਪਰ ਜਿਹੜਾ ਹੁਣ ਲਗਾਇਆ ਗਿਆ ਹੈ, ਇਹ ਸਿਰਫ ਸੈਂਟਰ ਦੀਆਂ ਸ਼ਰਤਾਂ ਮੰਨਣ ਵਾਸਤੇ ਲਗਾਇਆ ਗਿਆ ਹੈ। ਇਹ ਇੰਨਾ ਮਿਨੀਮਮ ਲਗਾਇਆ ਗਿਆ ਹੈ ਕਿ ਵਾਕਿਆ ਹੀ ਲੋਕੀ ਖੁਸ਼ ਹਨ। ਮੈਂ ਖੁਦ ਕੈਂਪ ਵਿੱਚ ਗਿਆ ਹਾਂ। ਲੋਕੀਂ ਖੁਦ ਕਹਿੰਦੇ ਸਨ ਕਿ ਸਾਨੂੰ ਡਰ ਸੀ ਕਿ ਜਿਹੜਾ ਇਨ੍ਹਾਂ ਨੇ ਗੁਮਰਾਹਕੁਨ ਪ੍ਰਚਾਰ ਕੀਤਾ ਸੀ, ਇਹ ਬਹੁਤ ਹੋਵੇਗਾ। ਇਨ੍ਹਾਂ ਕਾਂਗਰਸ ਵਾਲਿਆਂ ਨੇ ਐਜੀਟੇਸ਼ਨ ਕਰਨ ਦੀ ਕੋਸ਼ਿਸ਼ ਕੀਤੀ ਪਰ ਲੋਕਾਂ ਨੇ ਇਨ੍ਹਾਂ ਨੂੰ ਸਮਰਥਨ ਨਹੀਂ ਦਿੱਤਾ ਕਿਉਂਕਿ ਲੋਕਾਂ ਨੂੰ ਪਤਾ ਲੱਗ ਗਿਆ ਕਿ ਸਿਵਲ ਲਾਈਨਜ਼ ਦੇ ਮਹਿੰਗੇ ਏਰੀਏ ਵਿੱਚ, ਜਿਥੇ 20,000-25,000 ਰੁਪਿਆ ਕੁਲੈਕਟਰ ਰੇਟ ਹੈ, ਉਥੇ ਕਿਸੇ ਨੂੰ 100-125 ਰੁਪਏ ਮਹੀਨੇ ਦੇ ਦੇਣ ਵਿੱਚ ਕੋਈ ਇਤਰਾਜ਼ ਨਹੀਂ ਹੈ। ਮੈਂ ਖੁਦ ਜਾ ਕੇ ਵੇਖਿਆ ਹੈ। ਬਾਕੀ ਕੈਪਟਨ ਅਮਰਿੰਦਰ ਸਿੰਘ ਹੋਰਾਂ ਦੀ ਸਰਕਾਰ ਨੇ ਜਦੋਂ ਇਲੈਕਸ਼ਨ ਵਿੱਚ 6 ਮਹੀਨੇ ਰਹਿ ਗਏ ਸਨ, ਉਦੋਂ ਚੁੰਗੀ ਖਤਮ ਕਰ ਦਿੱਤੀ ਔਰ ਪਹਿਲਾਂ ਸਾਢੇ ਚਾਰ ਸਾਲ ਲਗਾਤਾਰ ਇਹ ਚੁੰਗੀ ਉਗਰ੍ਹਾਉਂਦੇ ਰਹੇ। ਇਹ ਜਿਹੜੀ ਸਾਡੇ ਟੈਕਸ ਦੀ ਗੱਲ ਕਰਦੇ ਹਨ, ਅਸੀਂ ਤਾਂ ਬਿਲਕੁਲ ਹੀ ਮਿਨੀਮਮ ਲਾਇਆ ਹੈ। ਅਸੀਂ ਚੁੰਗੀ ਨਹੀਂ ਲਾਈ ਫੇਰ ਨਾਲ ਇਹ ਡਿਵੈਲਪਮੈਂਟ ਦੀ ਗੱਲ ਕਰਦੇ ਹਨ। ਡਿਵੈਲਪਮੈਂਟ ਵੀ ਤਾਂ ਹੋਏਗੀ ਜੇਕਰ ਤੁਸੀਂ ਕਿਤੇ ਕੋਆਪਰੇਟ ਕਰੋਗੇ। ਇਹ ਜਿਹੜਾ ਪ੍ਰਾਪਰਟੀ ਟੈਕਸ ਅਸੀਂ ਲਾਇਆ ਹੈ, ਇਹ ਵੀ ਤੁਹਾਨੂੰ ਦੱਸਿਆ ਹੈ ਕਿ ਸੈਂਟਰ ਕਰਕੇ ਲਾਇਆ ਗਿਆ ਹੈ। ਅਸੀਂ ਦੂਸਰੇ ਟੈਕਸ ਘਟਾਏ ਵੀ ਹਨ। ਮਾਨਯੋਗ ਸਪੀਕਰ ਸਾਹਿਬ, ਅਸੀਂ ਇਹ ਲੀਗਲਾਈਜ਼ ਕਰ ਰਹੇ ਹਾਂ, ਸ਼ਹਿਰਾਂ ਦੇ ਵਿੱਚ ਜਦੋਂ ਕੋਈ ਐਨ.ਓ.ਸੀ. ਲੈਣ ਜਾਂਦੇ ਸੀ ਤਾਂ 378/- ਰੁਪਏ ਪ੍ਰਤੀ ਗਜ਼ ਡਿਵੈਲਪਮੈਂਟ ਚਾਰਜਿਜ਼ ਲਗਦੇ ਸੀ, ਉਹ 378/- ਰੁਪਏ ਅਸੀਂ ਬਿਲਕੁਲ ਖਤਮ ਕਰ ਦਿੱਤੇ ਹਨ। ਉਸ ਹਿਸਾਬ ਨਾਲ ਤਕਰੀਬਨ 70,000-75,000 ਰੁਪਿਆ ਦੇਣਾ ਪੈਂਦਾ ਸੀ। ਮਾਨਯੋਗ ਸਪੀਕਰ ਸਾਹਿਬ, ਜਿਹੜੇ ਘਟਾਏ ਹਨ, ਇਨ੍ਹਾਂ ਨੂੰ ਕਹੋ ਕਿ ਉਹ ਸੁਣ ਲਓ। ਜਿਹੜੀ ਕੰਪੋਜੀਸ਼ਨ ਫੀਸ ਲਗਦੀ ਸੀ ਅਤੇ ਜਿਹੜਾ ਸ਼ਹਿਰਾਂ ਦੇ ਵਿੱਚ ਡਿਵੈਲਪਮੈਂਟ ਚਾਰਜਿਜ ਲਗਦਾ ਸੀ, ਉਹ 378/- ਰੁਪਏ ਪ੍ਰਤੀ ਗਜ਼ ਸੀ ਅਤੇ ਛੋਟੀ ਤੋਂ ਛੋਟੀ ਕਮੇਟੀ ਵਿੱਚ 200/- ਰੁਪਏ ਪ੍ਰਤੀ ਗਜ਼ ਲਗਦਾ ਸੀ, ਉਹ ਵੀ ਬਿਲਕੁਲ ਖਤਮ ਕਰ ਦਿੱਤਾ ਅਤੇ ਜਿੰਨਾ ਚਿਰ ਲੀਗਲਾਈਜ਼ ਹੋ ਰਹੀ ਹੈ, ਉਨਾ ਚਿਰ 50/-, 25/- ਜਾਂ ਜਿਹੜਾ ਅੱਧਾ ਪ੍ਰਸੈਂਟ ਲੱਗਾ ਹੈ, ਉਹ ਲੀਗਲ ਕਰਾ ਕੇ ਆਪਣੇ ਐਨ.ਓ.ਸੀ. ਲੈ ਲੈਣ। ਉਸ ਤੋਂ ਇਲਾਵਾ ਜਿਹੜਾ ਕਮਰਸ਼ੀਅਲ ਜਾਂ ਇੰਡਸਟਰੀ ਨੂੰ 25% ਕੰਪੋਜੀਸ਼ਨ ਫੀਸ ਲਗਦੀ ਸੀ....

ਸ਼੍ਰੀ ਅਸ਼ਵਨੀ ਸੇਖੜੀ : ਸਪੀਕਰ ਸਾਹਿਬ ......

ਮਾਨਯੋਗ ਸਪੀਕਰ : ਸੇਖੜੀ ਜੀ, ਹੁਣ ਬੈਠ ਜਾਓ।

ਸਥਾਨਕ ਸਰਕਾਰ, ਡਾਕਟਰੀ ਸਿੱਖਿਆ ਤੇ ਖੋਜ ਮੰਤਰੀ : ਉਹ ਕੰਪੋਜ਼ੀਸ਼ਨ ਫੀਸ ਵੀ ਸਾਢੇ ਬਾਰਾਂ ਪਰਸੈਂਟ ਕਰ ਦਿੱਤੀ ਹੈ। ਅੱਧੀ ਕਰ ਦਿੱਤੀ ਹੈ। ਬਾਹਰ ਜਿਹੜਾ ਏਰੀਆ ਮਿਉਂਸਪਲ ਕਮੇਟੀ ਤੋਂ ਬਾਹਰ ਹੈ, ਉਸ ਵਾਸਤੇ 5% ਰੁਪਏ ਕਰ ਦਿੱਤੀ

ਸਰਦਾਰ ਚਰਨਜੀਤ ਸਿੰਘ ਚੰਨੀ : ਸਰ, ਮੈਂ ਬਿਲਕੁਲ ਕਾਨੂੰਨ ਦੀ ਗੱਲ ਕਰਨੀ ਚਾਹੁੰਦਾ ਹਾਂ....

ਮਾਨਯੋਗ ਸਪੀਕਰ : ਪਹਿਲਾਂ ਮੈਂ ਇੱਕ ਹੋਰ ਗੱਲ ਕਲੀਅਰ ਕਰ ਦੇਵਾਂ ਕਿ ਤੁਹਾਡੇ ਮਨ ਵਿੱਚ ਭੁਲੇਖਾ ਨਾ ਰਹੇ। ਆਪੋਜ਼ੀਸ਼ਨ ਲੀਡਰ ਨੇ ਮੈਨੂੰ ਬੋਲਣ ਵਾਲਿਆਂ ਦੀ ਲਿਸਟ ਭੇਜੀ ਹੋਈ ਹੈ, ਮੈਂ ਉਸ ਦੇ ਮੁਤਾਬਿਕ ਉਹ ਸਾਰੇ ਬੰਦੇ ਬੁਲਾਏ ਹਨ।

ਸਰਦਾਰ ਚਰਨਜੀਤ ਸਿੰਘ ਚੰਨੀ : ਤੁਹਾਡਾ ਬਹੁਤ ਬਹੁਤ ਧੰਨਵਾਦ ਜੀ ।

ਮਾਨਯੋਗ ਸਪੀਕਰ: ਉਸ ਤੋਂ ਬਾਅਦ ਇੱਕ ਹੋਰ ਗੱਲ ਹੈ। ਜੋ ਟਰੇਜ਼ਰੀ ਬੈਂਚਿਜ਼ ਦੇ ਇੰਚਾਰਜ ਹਨ, ਜੋ ਉਨ੍ਹਾਂ ਦੀ ਲਿਸਟ ਆਈ ਹੈ, ਉਨ੍ਹਾਂ ਬੰਦਿਆਂ ਨੂੰ ਮੈਂ ਬੁਲਾਇਆ ਹੈ। ਮੇਰੇ ਕੋਲ ਇੰਨਾ ਟਾਈਮ ਹੀ ਨਹੀਂ ਕਿ ਮੈਂ ਸਾਰਿਆਂ ਨੂੰ ਬੁਲਾ ਸਕਾਂ।

ਸਰਦਾਰ ਚਰਨਜੀਤ ਸਿੰਘ ਚੰਨੀ : ਸਪੀਕਰ ਸਾਹਿਬ, ਮੈਂ ਇੱਕ ਪੁਆਇੰਟ ਤੇ ਹੀ ਗੱਲ ਕਰਨੀ ਹੈ ਕਿ ਪੰਜਾਬ ਦੀਆਂ ਜਿੰਨੀਆਂ ਲੋਕਲ ਬਾਡੀਜ਼ ਹਨ, ਇਹ ਜਿਹੜੀਆਂ ਮਿਉਂਸਪਲ ਕਮੇਟੀਆਂ ਹਨ, ਅਰਬਨ ਲੋਕਲ ਬਾਡੀਜ਼ are the autonomous bodies.

Mr. Speaker : Yes.

ਸਰਦਾਰ ਚਰਨਜੀਤ ਸਿੰਘ ਚੰਨੀ : ** ** **

Mr. Speaker : No point of order. ਮੈਂ ਕਿਹਾ ਜੀ ਬੈਠ ਜਾਉ।

ਉਪ ਮੁੱਖ ਮੰਤਰੀ (ਸਰਦਾਰ ਸੁਖਬੀਰ ਸਿੰਘ ਬਾਦਲ) (ਬੈਠੇ-ਬੈਠੇ) : ਗੌਰਮਿੰਟ ਆਫ ਇੰਡੀਆ ਨੂੰ ਪੁੱਛ ਲਉ।

ਸਥਾਨਕ ਸਰਕਾਰ, ਡਾਕਟਰੀ ਸਿੱਖਿਆ ਤੇ ਖੋਜ ਮੰਤਰੀ : ਸਰ, ਸੈਂਟਰ ਸਰਕਾਰ ਦੀ ਜਿਹੜੀ ਚਿੱਠੀ ਹੈ, ਇਹ ਇਨ੍ਹਾਂ ਦੇ ਉਸ ਵੇਲੇ ਦੇ ਚੀਫ ਮਨਿਸਟਰ, ਕੈਪਟਨ ਅਮਰਿੰਦਰ ਸਿੰਘ ਦੇ ਚੀਫ ਸੈਕਟਰੀ ਵੱਲੋਂ ਭੇਜੀ ਗਈ ਸੀ। ...(ਵਿਘਨ)...

Mr. Speaker : Please, sit down.

ਸਥਾਨਕ ਸਰਕਾਰ, ਡਾਕਟਰੀ ਸਿੱਖਿਆ ਤੇ ਖੋਜ ਮੰਤਰੀ : ਮੈਂ ਚਿੱਠੀ ਪੜ੍ਹ ਦਿੰਦਾ ਹਾਂ, Chief Secretary with the approval of Chief Minister, Captain Amarinder Singh vide his D.O. letter dated 07.12.2006 ...(ਵਿਘਨ...ਸ਼ੋਰ).....

Mr. Speaker : Please sit down. Nothing is going to be recorded.

Local Government, Medical Education and Reserch Minister : ...assured the Government of India that a new system of taxation on all municipal properties will be put in place by 13th June,

---

**Not recorded as ordered by the Chair.

[Local Government, Medical Education and Research Minister]

2007, specially those covered under JNNURM. ਇਹ ਕੈਪਟਨ ਅਮਰਿੰਦਰ ਸਿੰਘ ਨੇ ਐਸ਼ਿਉਰੈਂਸ ਦਿੱਤੀ ਸੀ। .....(ਵਿਘਨ....ਸ਼ੋਰ)..... ਉਸ ਤੋਂ ਬਾਅਦ ਉਨ੍ਹਾਂ ਨੇ ਜਿਹੜੇ ਬਿਆਨ ਲਾਏ .....(ਵਿਘਨ....ਸ਼ੋਰ)..... ਪਰ ਘਟਾਇਆ ਕਿੰਨਾ ਗਿਆ, ਉਹ ਮੈਨੂੰ ਐਕਸਪਲੇਨ ਕਰਨ ਦਿੱਤਾ ਜਾਵੇ। ਮਾਨਯੋਗ ਸਪੀਕਰ ਸਾਹਿਬ, ਜਿਹੜਾ 15 % ਕਮਰਸ਼ੀਅਲ ਲਗਦਾ ਹੈ....

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ।

ਮਾਨਯੋਗ ਸਪੀਕਰ : ਮੈਂ ਕਿਹਾ ਜੀ ਨਹੀਂ ਹੋਣਾ। ਮੈਂ ਕਿੰਨੀ ਵਾਰ ਪੁਆਇੰਟ ਆਫ ਆਰਡਰ ਦਿਆਂ।

ਸ਼੍ਰੀ ਸੁਨੀਲ ਜਾਖੜ : ਬੜਾ ਮਹੱਤਵਪੂਰਨ ਪੁਆਇੰਟ ਹੈ। ਇਸ ਦਾ ਜਵਾਬ ਤਾਂ ਦੇ ਦੇਣ।

ਮਾਨਯੋਗ ਸਪੀਕਰ : ਜਾਖੜ ਸਾਹਿਬ, ਉਹ ਜਵਾਬ ਹੀ ਦੇ ਰਹੇ ਨੇ ਜੀ। ਮੈਂ ਡਿਸਅਲਾਉ ਕਰ ਦਿੱਤਾ ਹੈ। Please sit down now. .....(ਵਿਘਨ....ਸ਼ੋਰ).....

ਸਥਾਨਕ ਸਰਕਾਰ, ਡਾਕਟਰੀ ਸਿੱਖਿਆ ਤੇ ਖੋਜ ਮੰਤਰੀ : ਮਾਨਯੋਗ ਸਪੀਕਰ ਸਾਹਿਬ, ਜਿਹੜਾ ਕਮਰਸ਼ੀਅਲ ਪਹਿਲਾਂ 15% ਸੀ ਉਸ ਦੀ ਜਗ੍ਹਾ ਤੇ 3% ਕਰ ਦਿੱਤਾ। ਜਿਹੜੀ ਗੈਰ ਰਿਹਾਇਸ਼ੀ ਬਿਲਡਿੰਗ ਕਿਰਾਏ ਤੇ ਦਿੱਤੀ ਸੀ, ਉਸ ਦਾ 15% ਦੀ ਜਗ੍ਹਾ ਤੇ 10% ਕਰ ਦਿੱਤਾ ਹੈ। ਜਿਹੜਾ ਇਹ ਰੌਲਾ ਪਾਉਂਦੇ ਹਨ, ਖਾਲੀ ਇਸ ਕਰਕੇ ਰੱਖਿਆ ਗਿਆ ਹੈ ਕਿਉਂਕਿ 90% ਦੀ ਸ਼ਰਤ ਹੈ ਕਿ 90% ਪ੍ਰਾਪਰਟੀ ਕਵਰਡ ਹੋਣੀ ਚਾਹੀਦੀ ਹੈ। ਉਹ ਸਿਰਫ 0.20% ਹੈ। .....(ਵਿਘਨ....ਸ਼ੋਰ)..... ਇਸ ਤੋਂ ਇਲਾਵਾ ਮੈਂ ਪਹਿਲਾਂ ਦੱਸ ਚੁੱਕਾ ਹਾਂ ਕਿ 50 ਗਜ਼ ਦਾ ਜੋ ਹੈ, ਉਸ ਦਾ 50 ਰੁਪਏ, 100 ਗਜ਼ ਦਾ 150 ਰੁਪਏ ਮਹੀਨਾ ਅਤੇ ਜਿਹੜੀ ਇੰਡਸਟਰੀ ਸੀ, ਜਿਵੇਂ ਕਿ ਸਰਕਾਰ ਦੇ ਦਿਮਾਗ ਵਿੱਚ ਹੈ ਕਿ ਇੰਡਸਟਰੀ ਅਤੇ ਕਮਰਸ਼ੀਅਲ ਨੂੰ ਬਰਾਬਰ ਨਹੀਂ ਗਿਣਿਆ ਜਾਣਾ ਚਾਹੀਦਾ, ਇਸ ਕਰਕੇ ਉਹ ਵੀ ਘਟਾ ਕੇ 3% ਕੀਤਾ ਹੈ ਜਿਹੜਾ ਕਿ ਪਹਿਲਾਂ 15% ਸੀ। ਇੰਡਸਟਰੀਅਲ ਅਤੇ ਕਮਰਸ਼ੀਅਲ ਬਰਾਬਰ ਕੀਤਾ ਹੈ ਅਤੇ ਕਮਰਸ਼ੀਅਲ ਦਾ 3% ਤੋਂ ਘਟਾ ਕੇ 1.5% ਕਰ ਦਿੱਤਾ ਹੈ। ਪਹਿਲਾਂ ਕਮਰਸ਼ੀਅਲ ਦਾ ਅਤੇ ਇੰਡਸਟਰੀ ਦਾ 15% ਤੋਂ 3% ਕੀਤਾ, ਉਸ ਤੋਂ ਬਾਅਦ ਇੰਡਸਟਰੀ ਦਾ ਹੋਰ ਘਟਾ ਕੇ ਡੇਢ ਪ੍ਰਤੀਸ਼ਤ ਕਰ ਦਿੱਤਾ, ਜਿਹੜਾ ਆਸ਼ੂ ਜੀ ਖੁਦ ਵੀ ਕਹਿ ਕੇ ਗਏ ਹਨ। ਇਸ ਤੋਂ ਇਲਾਵਾ ਜਿਹੜਾ ਇਨ੍ਹਾਂ ਨੇ ਜੁਰਮਾਨਿਆਂ ਬਾਰੇ ਕਿਹਾ ਹੈ, 30 ਨਵੰਬਰ ਤੱਕ 10% ਛੋਟ ਦਿੱਤੀ ਹੈ। ਜਿਹੜਾ ਇਨ੍ਹਾਂ ਦਾ ਆਬਜੈਕਸ਼ਨ ਹੈ ਕਿ ਜਿਹੜਾ ਮਾਰਚ ਤੱਕ ਜਮ੍ਹਾਂ ਨਹੀਂ ਕਰਵਾਉਂਦਾ, ਉਸ ਨੂੰ 100% ਪੈਨਲਟੀ ਹੈ, ਉਹ ਘਟਾ ਕੇ 20% ਕਰ ਦਿੱਤੀ ਹੈ, ਹੁਣੇ ਸੀ.ਐਮ. ਸਾਹਿਬ ਅਤੇ ਡਿਪਟੀ ਸੀ.ਐਮ. ਸਾਹਿਬ ਨਾਲ ਗੱਲ ਹੋਈ ਹੈ। (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) ਜਿਹੜੀ ਅਸੀਂ 31 ਮਾਰਚ ਤੱਕ 25% ਪੈਨਲਟੀ ਕੀਤੀ ਸੀ, ਉਹ 10% ਪੈਨਲਟੀ ਕਰ ਦਿੱਤੀ ਹੈ। ਇਸ ਤੋਂ ਇਲਾਵਾ ਵਿਧਵਾਵਾਂ ਨੂੰ, ਧਾਰਮਿਕ ਜਗ੍ਹਾ, ਇਹ ਸਾਰੀਆਂ ਗੱਲਾਂ ਮੈਂ ਕਹਿ ਦਿੱਤੀਆਂ ਹਨ। ਇਨ੍ਹਾਂ

ਨੇ ਇਹ ਕਿਹਾ ਹੈ ਕਿ ਉਹ ਫਾਰਮ ਵੇਚ ਰਹੇ ਹਨ, ਇਸ ਤੇ ਬਿਲਕੁਲ ਕਾਰਵਾਈ ਹੋਵੇਗੀ ਜੇਕਰ ਕੋਈ ਦਲਾਲ ਫਾਰਮ ਵੇਚਦਾ ਹੈ। ਉਥੋਂ ਦੇ ਕਮਿਸ਼ਨਰ ਅਤੇ ਈ.ਓ. ਦੀ ਜ਼ਿੰਮੇਵਾਰੀ ਹੋਵੇਗੀ, ਉਨ੍ਹਾਂ ਤੇ ਕਾਰਵਾਈ ਹੋਵੇਗੀ। ਸਾਰੇ ਸ਼ਹਿਰਾਂ ਵਿੱਚ ਕੈਂਪ ਲਗਾਏ ਜਾ ਰਹੇ ਹਨ ਅਤੇ ਲੋਕ ਖੁਸ਼ ਹਨ। .....(ਵਿਘਨ....ਸ਼ੋਰ)..... ਮੈਂ ਖੁਦ ਕੈਂਪ ਵਿੱਚ ਗਿਆ ਹਾਂ। ਮੈਂ ਖੁਦ ਜਾ ਕੇ ਲੋਕਾਂ ਨੂੰ ਪੁੱਛਿਆ ਹੈ ਅਤੇ ਉਹ ਕਹਿੰਦੇ ਹਨ ਕਿ ਇਨ੍ਹਾਂ ਨੇ (ਵਿਰੋਧੀ ਧਿਰ ਵੱਲ ਇਸ਼ਾਰਾ) ਇੰਨਾ ਗੁੰਮਰਾਹ ਕੀਤਾ ਕਿ ਇਹ ਕਹਿੰਦੇ ਹਨ ਕਿ ਤੁਹਾਡੇ ਮਕਾਨ ਤੇ ਲੱਖ ਰੁਪਿਆ ਲੱਗ ਜਾਣਾ ਹੈ ਜਾਂ ਡੇਢ ਲੱਖ ਰੁਪਿਆ ਲੱਗ ਜਾਣਾ ਹੈ, ਅਸੀਂ ਉਨ੍ਹਾਂ ਦੇ ਅੰਨੇ ਗੁਮਰਾਹਕੁੰਨ ਪ੍ਰਚਾਰ ਵਿੱਚ ਆ ਗਏ। ਇਨ੍ਹਾਂ ਨੇ ਕੋਸ਼ਿਸ਼ ਕੀਤੀ, ਬਹੁਤ ਜਗ੍ਹਾ ਇਨ੍ਹਾਂ ਨੇ ਕੋਸ਼ਿਸ਼ ਕੀਤੀ ਕਿ ....

ਰਾਣਾ ਗੁਰਮੀਤ ਸਿੰਘ ਸੋਢੀ : ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ।

ਮਾਨਯੋਗ ਸਪੀਕਰ : ਸੋਢੀ ਸਾਹਿਬ ਦਾ ਪੁਆਇੰਟ ਆਫ ਆਰਡਰ ਸੁਣ ਲਈਏ, ਬੜੀ ਦੇਰ ਦਾ ਪਿਆ ਹੈ।

ਰਾਣਾ ਗੁਰਮੀਤ ਸਿੰਘ ਸੋਢੀ : ** ** ** (ਹਾਸਾ)

Mr. Speaker : No point of order.

ਰਾਣਾ ਗੁਰਮੀਤ ਸਿੰਘ ਸੋਢੀ : ਇੱਕ ਮਿੰਟ ਜੀ, ਮੈਂ ਤਾਂ ਇਹ ਸ਼ੁਰੂਆਤ ਕੀਤੀ ਹੈ। (ਹਾਸਾ) ਮੈਂ ਤੁਹਾਨੂੰ ਇਹ ਦੱਸਣਾ ਚਾਹੁੰਦਾ ਹਾਂ ਕਿ.......

ਮਾਨਯੋਗ ਸਪੀਕਰ : ਪੁਆਇੰਟ ਆਫ ਆਰਡਰ ਵਿੱਚ ਸ਼ੁਰੂਆਤ ਨਹੀਂ ਹੁੰਦੀ, ਪੁਆਇੰਟ ਆਫ ਆਰਡਰ ਹੁੰਦਾ ਹੈ।

ਰਾਣਾ ਗੁਰਮੀਤ ਸਿੰਘ ਸੋਢੀ : ਇਹ ਜਿਹੜੇ ਟੈਕਸ ਹਨ, ਉਨ੍ਹਾਂ ਤੇ ਗੱਲ ਕਰਨ ਲੱਗਾ ਹਾਂ। ਸਰ, most of the godowns ਜਿਹੜੇ ਹਨ, ਉਹ ਰੂਰਲ ਏਰੀਏ ਵਿੱਚ ਹਨ ਅਤੇ ਫਾਰਮਰਜ਼ ਨੇ ਬਣਾਏ ਹਨ। ਉਥੇ ਸਰਕਾਰ ਵੱਲੋਂ ਕੋਈ ਵੀ ਸਹੂਲਤ ਨਹੀਂ ਹੈ। ਟਰਾਂਸਫਾਰਮਰ ਵੀ ਉਨ੍ਹਾਂ ਨੇ ਆਪਣੇ ਪੈਸਿਆਂ ਨਾਲ ਲਗਾਇਆ ਹੈ ਅਤੇ ਸੀਵਰੇਜ ਸਿਸਟਮ ਵੀ ਉਨ੍ਹਾਂ ਨੇ ਆਪਣਾ ਪਾਇਆ ਹੈ, ਪਾਣੀ ਦਾ ਪਾਈਪ ਵੀ ਆਪਣਾ ਪਾਇਆ ਹੈ.....

ਸਥਾਨਕ ਸਰਕਾਰ, ਡਾਕਟਰੀ ਸਿੱਖਿਆ ਤੇ ਖੋਜ ਮੰਤਰੀ : ਉਨ੍ਹਾਂ ਤੇ ਤਾਂ ਕੋਈ ਟੈਕਸ ਨਹੀਂ ਹੈ।

ਰਾਣਾ ਗੁਰਮੀਤ ਸਿੰਘ ਸੋਢੀ : ਇੱਕ ਮਿੰਟ ਮੇਰੀ ਗੱਲ ਸੁਣ ਲਉ ਜੀ। ** ** **

Mr. Speaker : No Point of Order. ਹਾਂ ਜੀ, ਜੋਸ਼ੀ ਸਾਹਿਬ, ਤੁਸੀਂ ਬੋਲੋ।

** Not recorded as ordered by the Chair

ਸਥਾਨਕ ਸਰਕਾਰ, ਡਾਕਟਰੀ ਸਿੱਖਿਆ ਤੇ ਖੋਜ ਮੰਤਰੀ : ਮਾਨਯੋਗ ਸਪੀਕਰ ਸਾਹਿਬ, ਇਹ ਟੈਕਸ ਪਹਿਲਾਂ ਵੀ ਸੀ। ਕਾਂਗਰਸ ਵੱਲੋਂ ਹਾਊਸ ਟੈਕਸ ਤੋਂ ਪਹਿਲਾਂ ਲਗਾਇਆ ਗਿਆ ਸੀ। ਪਰ ਜਿਹੜਾ ਹੁਣ ਲਗਾਇਆ ਗਿਆ ਹੈ, ਇਹ ਸਿਰਫ ਸੈਂਟਰ ਦੀਆਂ ਸ਼ਰਤਾਂ ਮੰਨਣ ਵਾਸਤੇ ਲਗਾਇਆ ਗਿਆ ਹੈ। ਇਹ ਇੰਨਾ ਮਿਨੀਮਮ ਲਗਾਇਆ ਗਿਆ ਹੈ ਕਿ ਵਾਕਿਆ ਹੀ ਲੋਕੀ ਖੁਸ਼ ਹਨ। ਮੈਂ ਖੁਦ ਕੈਂਪ ਵਿੱਚ ਗਿਆ ਹਾਂ। ਲੋਕੀਂ ਖੁਦ ਕਹਿੰਦੇ ਸਨ ਕਿ ਸਾਨੂੰ ਡਰ ਸੀ ਕਿ ਜਿਹੜਾ ਇਨ੍ਹਾਂ ਨੇ ਗੁਮਰਾਹਕੁਨ ਪ੍ਰਚਾਰ ਕੀਤਾ ਸੀ, ਇਹ ਬਹੁਤ ਹੋਵੇਗਾ। ਇਨ੍ਹਾਂ ਕਾਂਗਰਸ ਵਾਲਿਆਂ ਨੇ ਐਜੀਟੇਸ਼ਨ ਕਰਨ ਦੀ ਕੋਸ਼ਿਸ਼ ਕੀਤੀ ਪਰ ਲੋਕਾਂ ਨੇ ਇਨ੍ਹਾਂ ਨੂੰ ਸਮਰਥਨ ਨਹੀਂ ਦਿੱਤਾ ਕਿਉਂਕਿ ਲੋਕਾਂ ਨੂੰ ਪਤਾ ਲੱਗ ਗਿਆ ਕਿ ਸਿਵਲ ਲਾਈਨਜ਼ ਦੇ ਮਹਿੰਗੇ ਏਰੀਏ ਵਿੱਚ, ਜਿਥੇ 20,000-25,000 ਰੁਪਿਆ ਕੁਲੈਕਟਰ ਰੇਟ ਹੈ, ਉਥੇ ਕਿਸੇ ਨੂੰ 100-125 ਰੁਪਏ ਮਹੀਨੇ ਦੇ ਦੇਣ ਵਿੱਚ ਕੋਈ ਇਤਰਾਜ਼ ਨਹੀਂ ਹੈ। ਮੈਂ ਖੁਦ ਜਾ ਕੇ ਵੇਖਿਆ ਹੈ। ਬਾਕੀ ਕੈਪਟਨ ਅਮਰਿੰਦਰ ਸਿੰਘ ਹੋਰਾਂ ਦੀ ਸਰਕਾਰ ਨੇ ਜਦੋਂ ਇਲੈਕਸ਼ਨ ਵਿੱਚ 6 ਮਹੀਨੇ ਰਹਿ ਗਏ ਸਨ, ਉਦੋਂ ਚੁੰਗੀ ਖਤਮ ਕਰ ਦਿੱਤੀ ਔਰ ਪਹਿਲਾਂ ਸਾਢੇ ਚਾਰ ਸਾਲ ਲਗਾਤਾਰ ਇਹ ਚੁੰਗੀ ਉਗਰ੍ਹਾਉਂਦੇ ਰਹੇ। ਇਹ ਜਿਹੜੀ ਸਾਡੇ ਟੈਕਸ ਦੀ ਗੱਲ ਕਰਦੇ ਹਨ, ਅਸੀਂ ਤਾਂ ਬਿਲਕੁਲ ਹੀ ਮਿਨੀਮਮ ਲਾਇਆ ਹੈ। ਅਸੀਂ ਚੁੰਗੀ ਨਹੀਂ ਲਾਈ ਫੇਰ ਨਾਲ ਇਹ ਡਿਵੈਲਪਮੈਂਟ ਦੀ ਗੱਲ ਕਰਦੇ ਹਨ। ਡਿਵੈਲਪਮੈਂਟ ਵੀ ਤਾਂ ਹੋਏਗੀ ਜੇਕਰ ਤੁਸੀਂ ਕਿਤੇ ਕੋਆਪਰੇਟ ਕਰੋਗੇ। ਇਹ ਜਿਹੜਾ ਪ੍ਰਾਪਰਟੀ ਟੈਕਸ ਅਸੀਂ ਲਾਇਆ ਹੈ, ਇਹ ਵੀ ਤੁਹਾਨੂੰ ਦੱਸਿਆ ਹੈ ਕਿ ਸੈਂਟਰ ਕਰਕੇ ਲਾਇਆ ਗਿਆ ਹੈ। ਅਸੀਂ ਦੂਸਰੇ ਟੈਕਸ ਘਟਾਏ ਵੀ ਹਨ। ਮਾਨਯੋਗ ਸਪੀਕਰ ਸਾਹਿਬ, ਅਸੀਂ ਇਹ ਲੀਗਲਾਈਜ਼ ਕਰ ਰਹੇ ਹਾਂ, ਸ਼ਹਿਰਾਂ ਦੇ ਵਿੱਚ ਜਦੋਂ ਕੋਈ ਐਨ.ਓ.ਸੀ. ਲੈਣ ਜਾਂਦੇ ਸੀ ਤਾਂ 378/- ਰੁਪਏ ਪ੍ਰਤੀ ਗਜ਼ ਡਿਵੈਲਪਮੈਂਟ ਚਾਰਜਿਜ਼ ਲਗਦੇ ਸੀ, ਉਹ 378/- ਰੁਪਏ ਅਸੀਂ ਬਿਲਕੁਲ ਖਤਮ ਕਰ ਦਿੱਤੇ ਹਨ। ਉਸ ਹਿਸਾਬ ਨਾਲ ਤਕਰੀਬਨ 70,000-75,000 ਰੁਪਿਆ ਦੇਣਾ ਪੈਂਦਾ ਸੀ। ਮਾਨਯੋਗ ਸਪੀਕਰ ਸਾਹਿਬ, ਜਿਹੜੇ ਘਟਾਏ ਹਨ, ਇਨ੍ਹਾਂ ਨੂੰ ਕਹੋ ਕਿ ਉਹ ਸੁਣ ਲਓ। ਜਿਹੜੀ ਕੰਪੋਜ਼ੀਸ਼ਨ ਫੀਸ ਲਗਦੀ ਸੀ ਅਤੇ ਜਿਹੜਾ ਸ਼ਹਿਰਾਂ ਦੇ ਵਿੱਚ ਡਿਵੈਲਪਮੈਂਟ ਚਾਰਜਿਜ ਲਗਦਾ ਸੀ, ਉਹ 378/- ਰੁਪਏ ਪ੍ਰਤੀ ਗਜ਼ ਸੀ ਅਤੇ ਛੋਟੀ ਤੋਂ ਛੋਟੀ ਕਮੇਟੀ ਵਿੱਚ 200/- ਰੁਪਏ ਪ੍ਰਤੀ ਗਜ਼ ਲਗਦਾ ਸੀ, ਉਹ ਵੀ ਬਿਲਕੁਲ ਖਤਮ ਕਰ ਦਿੱਤਾ ਅਤੇ ਜਿੰਨਾ ਚਿਰ ਲੀਗਲਾਈਜ਼ ਹੋ ਰਹੀ ਹੈ, ਉਨ੍ਹਾ ਚਿਰ 50/-, 25/- ਜਾਂ ਜਿਹੜਾ ਅੱਧਾ ਪ੍ਰਸੈਂਟ ਲੱਗਾ ਹੈ, ਉਹ ਲੀਗਲ ਕਰਾ ਕੇ ਆਪਣੇ ਐਨ.ਓ.ਸੀ. ਲੈ ਲੈਣ। ਉਸ ਤੋਂ ਇਲਾਵਾ ਜਿਹੜਾ ਕਮਰਸ਼ੀਅਲ ਜਾਂ ਇੰਡਸਟਰੀ ਨੂੰ 25% ਕੰਪੋਜੀਸ਼ਨ ਫੀਸ ਲਗਦੀ ਸੀ....

ਸ਼੍ਰੀ ਅਸ਼ਵਨੀ ਸੇਖੜੀ : ਸਪੀਕਰ ਸਾਹਿਬ ......

ਮਾਨਯੋਗ ਸਪੀਕਰ : ਸੇਖੜੀ ਜੀ, ਹੁਣ ਬੈਠ ਜਾਓ।

ਸਥਾਨਕ ਸਰਕਾਰ, ਡਾਕਟਰੀ ਸਿੱਖਿਆ ਤੇ ਖੋਜ ਮੰਤਰੀ : ਉਹ ਕੰਪੋਜ਼ੀਸ਼ਨ ਫੀਸ ਵੀ ਸਾਢੇ ਬਾਰਾਂ ਪਰਸੈਂਟ ਕਰ ਦਿੱਤੀ ਹੈ। ਅੱਧੀ ਕਰ ਦਿੱਤੀ ਹੈ। ਬਾਹਰ ਜਿਹੜਾ ਏਰੀਆ ਮਿਊਂਸਪਲ ਕਮੇਟੀ ਤੋਂ ਬਾਹਰ ਹੈ, ਉਸ ਵਾਸਤੇ 5% ਰੁਪਏ ਕਰ ਦਿੱਤੀ

ਹੈ। ਇਸ ਤਰ੍ਹਾਂ ਕਰਕੇ ਇਹ ਟੈਕਸ ਹਟਾਏ ਹਨ। ਇਹ ਪਹਿਲਾਂ ਤੋਂ ਹੀ ਲੱਗੇ ਆ ਰਹੇ ਸਨ। ਸਪੀਕਰ ਸਾਹਿਬ, ਇਹ ਕੋਈ ਹੁਣ ਨਹੀਂ ਲੱਗੇ ਸਨ। ਸਾਡਾ ਤਾਂ ਸਗੋਂ ਇਸ ਤਰ੍ਹਾਂ ਕਰਨ ਨਾਲ ਰੈਵੇਨਿਊ ਘਟ ਗਿਆ ਹੈ। ਅਸੀਂ ਤਾਂ 378/- ਰੁਪਏ ਇਕ ਘਟਾਏ ਹਨ। ਜਿਹੜੀ ਕੰਪੋਜ਼ੀਸ਼ਨ ਫੀਸ ਹੈ, ਉਹ .....(ਵਿਘਨ....ਸ਼ੋਰ).....

ਉਦਯੋਗ ਤੇ ਵਣਜ, ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ ਅਤੇ ਸੰਸਦੀ ਮਾਮਲੇ ਮੰਤਰੀ (ਸ਼੍ਰੀ ਮਦਨ ਮੋਹਨ ਮਿੱਤਲ) : ਮਾਨਯੋਗ ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਹੈ ਕਿ ਆਨਰੇਬਲ ਮੈਂਬਰ ਨੂੰ ਇਸ ਗੱਲ ਦੀ ਜਾਣਕਾਰੀ ਹੋਣੀ ਚਾਹੀਦੀ ਹੈ ਕਿ ਜਦੋਂ ਕੋਈ ਮਨਿਸਟਰ ਆਪਣੇ ਵਿਸ਼ੇ ਨਾਲ ਸਬੰਧਤ ਪੂਰਾ ਜਵਾਬ ਦੇ ਦਿੰਦਾ ਹੈ ਅਤੇ ਬਹਿਸ ਖਤਮ ਹੋ ਜਾਂਦੀ ਹੈ, ਕਲੈਰੀਫਿਕੇਸ਼ਨ ਜਾਂ ਪੁਆਇੰਟ ਆਫ ਆਰਡਰ ਉਨ੍ਹਾਂ ਕੋਲੋਂ ਬਾਅਦ ਵਿੱਚ ਪੁੱਛਣਾ ਚਾਹੀਦਾ ਹੈ। ਬਹਿਸ ਪੂਰੀ ਹੋਣ ਤੋਂ ਬਾਅਦ ਪੁੱਛਣਾ ਚਾਹੀਦਾ ਹੈ। ਰੂਲ ਇਹ ਕਹਿੰਦੇ ਹਨ ਕਿ after the conclusion of the arguments, they can definitely put question but they want to put question during the arguments. ਜੇਕਰ ਏਸੇ ਤਰ੍ਹਾਂ ਹੀ ਚਲਦਾ ਰਿਹਾ ਤਾਂ ਡਿਬੇਟ ਖਤਮ ਕਿਵੇਂ ਹੋਏਗੀ?

ਸਥਾਨਕ ਸਰਕਾਰ, ਡਾਕਟਰੀ ਸਿੱਖਿਆ ਤੇ ਖੋਜ ਮੰਤਰੀ : ਮਾਨਯੋਗ ਸਪੀਕਰ ਸਾਹਿਬ, ਸ਼ਹਿਰਾਂ ਦੇ ਵਿੱਚ ਜਿਹੜੀ ਇੰਡਸਟਰੀ ਹੈ, ਪਹਿਲਾਂ ਇਨ੍ਹਾਂ ਤੇ 25% ਕੰਪੋਜ਼ੀਸ਼ਨ ਫੀਸ ਲਗਦੀ ਸੀ, ਉਹ ਹੁਣ ਸਾਢੇ ਬਾਰਾਂ ਪਰਸੈਂਟ ਕਰ ਦਿੱਤੀ ਹੈ। ਬਾਈਪਾਸ ਤੋਂ ਬਾਹਰ 5/- ਰੁਪਏ ਪ੍ਰਤੀ ਗਜ਼ ਕਰ ਦਿੱਤੀ ਹੈ। ਜਿਹੜੀ ਘਰਾਂ ਵਾਲਿਆਂ ਦੀ ਸਾਢੇ ਬਾਰਾਂ ਪਰਸੈਂਟ ਕੰਪੋਜ਼ੀਸ਼ਨ ਫੀਸ ਸੀ, ਉਹ ਅਸੀਂ 5/- ਰੁਪਏ ਪ੍ਰਤੀ ਗਜ਼ ਕਰ ਦਿੱਤੀ ਹੈ। ਬਾਈਪਾਸ ਤੋਂ ਬਾਅਦ ਢਾਈ ਰੁਪਏ ਨਕਸ਼ਾ ਫੀਸ ਦੇ ਕੇ ਆਪਣਾ ਐਨ.ਓ.ਸੀ. ਲੈ ਸਕਦੇ ਹਨ। ਜਿਹੜਾ ਮੈਂ ਇੰਡਸਟਰੀ ਬਾਰੇ ਤੁਹਾਨੂੰ ਦੱਸਿਆ ਹੈ ਕਿ ਸਾਢੇ ਬਾਰਾਂ ਰੁਪਏ ਪ੍ਰਤੀ ਗਜ਼ ਸ਼ਹਿਰ ਦੇ ਵਿੱਚ ਕਰ ਦਿੱਤਾ ਹੈ ਅਤੇ ਬਾਈ ਪਾਸ ਤੋਂ ਬਾਹਰ 5/- ਰੁਪਏ ਪ੍ਰਤੀ ਗਜ਼ ਕਰ ਦਿੱਤਾ ਹੈ, ਅਸੀਂ ਇਸ ਤਰ੍ਹਾਂ ਕਰਕੇ ਸਗੋਂ ਟੈਕਸ ਘਟਾਏ ਹਨ। 378/- ਰੁਪਏ ਪ੍ਰਤੀ ਗਜ਼ ਬਹੁਤ ਵੱਡੀ ਅਮਾਊਂਟ ਹੁੰਦੀ ਹੈ। ਜਿਹੜੇ ਕਾਰਪੋਰੇਸ਼ਨਾਂ ਦੇ ਵਿੱਚ ਡਿਵੈਲਪਮੈਂਟ ਚਾਰਜ਼ਿਜ ਲਗਦੇ ਸੀ, ਉਹ ਬਿਲਕੁਲ ਖਤਮ ਕਰ ਦਿੱਤੇ ਹਨ। ਅਸੀਂ ਤਾਂ ਟੈਕਸ ਇੰਨੇ ਘਟਾ ਦਿੱਤੇ ਹਨ ਕਿ ਇਹ ਮਾਈਨਰ ਹੀ ਹਨ। ਜਿਵੇਂ ਤੁਹਾਨੂੰ ਦੱਸਿਆ ਹੈ ਕਿ ਇਹ ਸੌ-ਸਵਾ ਸੌ ਰੁਪਏ ਸਿਵਲ ਲਾਈਨਜ਼ ਵਿੱਚ ਇਕ ਘਰ ਦੇ ਬਣਦੇ ਹਨ। 378/- ਰੁਪਏ ਘਟਾ ਕੇ ਸੌ-ਸਵਾ ਰੁਪਏ ਮਹੀਨਾ ਦਾ ਟੈਕਸ ਲਗਾਇਆ ਗਿਆ ਹੈ। ਜਿਹੜਾ ਇਹ ਟੈਕਸ ਦਾ ਬਵੰਡਰ ਮਚਾ ਰਹੇ ਹਨ, ਜਿਹੜਾ ਇਹ ਟੈਕਸ ਦੇ ਮੁੱਦੇ ਨੂੰ ਲੈ ਕੇ ਇੱਥੇ ਉਲਝਾਉਣਾ ਚਾਹੁੰਦੇ ਹਨ, ਇਹ ਸਿਰਫ ਤੇ ਸਿਰਫ ਇਲੈਕਸ਼ਨ ਜਿਹੜੀ ਹੋਣੀ ਹੈ, ਉਸ ਕਰਕੇ ਹੀ ਕਰ ਰਹੇ ਹਨ। ਕਦੀ ਇਹ ਕਾਲੇ ਕੱਛਿਆਂ ਵਾਲੇ ਲੈ ਆਉਂਦੇ ਹਨ। ਜਦੋਂ ਵਿਧਾਨ ਸਭਾ ਇਲੈਕਸ਼ਨ ਸਨ, ਉਦੋਂ ਇਨ੍ਹਾਂ ਨੇ ਕਾਲੇ ਕੱਛਿਆਂ ਵਾਲੇ ਲੈ ਆਂਦੇ ਸਨ। ਜਦੋਂ ਵਿਧਾਨ ਸਭਾ ਦੇ ਇਲੈਕਸ਼ਨ ਹੋ ਗਏ ਤਾਂ ਉਸ ਤੋਂ ਬਾਅਦ ਕਾਲੇ ਕੱਛਿਆਂ ਵਾਲੇ ਵੀ ਖਤਮ ਹੋ ਗਏ। ਹੁਣ ਪਾਰਲੀਮੈਂਟ ਦੀਆਂ ਇਲੈਕਸ਼ਨਾਂ ਦਾ ਬਿਗਲ ਵੱਜਾ ਹੈ। ਇਨ੍ਹਾਂ ਨੂੰ ਮੋਦੀ ਸਾਹਿਬ ਤੋਂ ਡਰ ਲਗਦਾ ਹੈ। ਸੈਂਟਰ

[ਸਥਾਨਕ ਸਰਕਾਰ, ਡਾਕਟਰੀ ਸਿੱਖਿਆ ਤੇ ਖੋਜ ਮੰਤਰੀ]

ਵਿਚ ਇਨ੍ਹਾਂ ਕੋਲ ਕੋਈ ਮੁੱਦਾ ਨਹੀਂ ਹੈ। ਇਨ੍ਹਾਂ ਨੇ ਫਿਰ ਕਾਲੇ ਕੱਛਿਆਂ ਵਾਲੇ ਲਿਆਂਦੇ ਪਰ ਇਸ ਵਾਰੀ ਲੋਕੀਂ ਬੜੀ ਅਵੇਅਰ ਸਨ, ਉਹ ਕਾਲੇ ਕੱਛਿਆਂ ਵਾਲਿਆਂ ਤੋਂ ਵੀ ਅਵੇਅਰ ਸਨ। ਉਹ ਇਨ੍ਹਾਂ ਦੀਆਂ ਗੱਲਾਂ ਵਿਚ ਨਹੀਂ ਆਏ। ਇਨ੍ਹਾਂ ਦੇ ਇਕ ਮੈਂਬਰ ਵੱਲੋਂ ਸਵਾਲ ਕੀਤਾ ਗਿਆ ਹੈ ਕਿ ਟੈਕਸ ਲਗਾਉਣ ਦੀ ਇੰਨੀ ਜਲਦਬਾਜ਼ੀ ਕਾਹਦੀ ਸੀ? ਇਸ ਦਾ ਮਤਲਬ ਹੈ ਕਿ ਸਾਨੂੰ ਤਾਂ ਸਾਲ 2006 ਤੋਂ ਵਾਰ ਵਾਰ ਚਿੱਠੀਆਂ ਆਉਂਦੀਆਂ ਰਹੀਆਂ ਪਰ ਅਸੀਂ ਕਿੰਨਾ ਡਿਲੇਅ ਕੀਤਾ। ਪਰ ਹੁਣ ਸਾਨੂੰ ਮਜ਼ਬੂਰਨ ਲਗਾਉਣਾ ਪਿਆ ਕਿਉਂਜੋ ਸਾਡੇ ਫੰਡਜ਼ ਨਹੀਂ ਸੀ ਆ ਰਹੇ। ਇਸ ਤੋਂ ਇਲਾਵਾ ਜੋ ਇਨ੍ਹਾਂ ਦਾ ਰਵੱਈਆ ਹੈ, ਇਨ੍ਹਾਂ ਨੇ ਆਪਣੀ 10 ਸਾਲ ਸਰਕਾਰ ਚਲਾ ਲਈ ਅਤੇ ਅਖੀਰਲੇ 6 ਮਹੀਨੇ ਵਿਚ ਫੂਡ ਸਕਿਓਰਟੀ ਬਿਲ ਲੈ ਕੇ ਆ ਗਏ। ਉਹ ਵੀ ਲੋਕਾਂ ਨੂੰ ਗੁੰਮਰਾਹ ਕਰਨ ਵਾਸਤੇ ਹੈ। ਉਹ ਵੀ ਨਹੀਂ ਮਿਲਣਾ। ਬਾਦਲ ਸਾਹਿਬ ਨੇ ਇਕ ਰੁਪਿਆ ਕਿੱਲੋ ਕਣਕ ਦਾ ਅਨਾਊਂਸ.ਕਰ ਦਿੱਤਾ ਹੈ। ਬਾਕੀ ਰਿਬੇਟ ਦੀ ਮੈਂ ਸਾਰੀ ਗੱਲ ਤੁਹਾਨੂੰ ਦੱਸ ਦਿੱਤੀ ਹੈ। 30 ਨਵੰਬਰ ਤੱਕ ਅਸੀਂ ਰਿਬੇ ਟ ਦੇ ਰਹੇ ਹਾਂ। ਉਸ ਤੋਂ ਬਾਅਦ ਜਿਹੜਾ ਜੁਰਮਾਨਾ ਸੀ, ਉਹ ਵੀ ਅਸੀਂ ਘਟਾ ਦਿੱਤਾ ਹੈ। ਜਿਹੜੀ 90% ਦੀ ਸ਼ਰਤ ਹੈ, ਉਹ ਇਸ ਕਰਕੇ ਹੈ ਕਿ ਖਾਲੀ ਪਈਆਂ ਥਾਵਾਂ ਹਨ, ਉਨ੍ਹਾਂ ਉਤੇ 0.20% ਲਾਉਣਾ ਪਿਆ ਹੈ। ਬਾਕੀ ਜਿਹੜਾ ਇਨ੍ਹਾਂ ਨੇ ਕਿਹਾ ਹੈ ਕਿ ਦਲਾਲ ਫਾਰਮ ਵੇਚ ਰਹੇ ਹਨ, ਅਸੀਂ ਕੈਂਪ ਲਗਾ ਰਹੇ ਹਾਂ ਅਤੇ ਸਾਰੀਆਂ ਥਾਵਾਂ ਉਤੇ ਕੈਂਪ ਲਗਾਵਾਂਗੇ। ਅਸੀਂ ਅਖਬਾਰਾਂ ਵਿਚ ਐਡਵਰਟਾਈਜ਼ਮੈਂਟ ਦਿਆਂਗੇ। ਕਿਉਂਜੋ ਪਹਿਲਾਂ ਇਨ੍ਹਾਂ ਨੇ ਲੋਕਾਂ ਨੂੰ ਗੁੰਮਰਾਹ ਕੀਤਾ ਸੀ ਅਤੇ ਲੋਕ ਗੁੰਮਰਾਹ ਹੋ ਗਏ ਸਨ ਪਰ ਹੁਣ ਉਹ ਸਮਝ ਗਏ ਹਨ। ਹੁਣ ਉਹ ਬੜੇ ਸੌਖੇ ਤਰੀਕੇ ਨਾਲ ਆਪਣਾ ਟੈਕਸ ਜਮ੍ਹਾਂ ਕਰਵਾ ਰਹੇ ਹਨ। ਉਨ੍ਹਾਂ ਨੂੰ ਪਤਾ ਲੱਗ ਗਿਆ ਹੈ ਕਿ ਇਹ ਟੈਕਸ ਲੋਕਾਂ ਨੂੰ ਐਕਸਪਲੇਨ ਕਰਕੇ ਘਟਾਏ ਗਏ ਹਨ। ਉਹ ਲੋਕ ਖੁਸ਼ ਹੋ ਰਹੇ ਹਨ। ਇਸ ਕਰਕੇ ਮੇਰੀ ਬੇਨਤੀ ਹੈ ਕਿ ਇਹ ਬਿਲ ਪਾਸ ਕੀਤਾ ਜਾਵੇ। .....(ਵਿਘਨ....ਸ਼ੋਰ).....

Mr. Speaker : Thank you. .....(ਵਿਘਨ....ਸ਼ੋਰ).....

ਸਰਦਾਰ ਰਣਦੀਪ ਸਿੰਘ ਨਾਭਾ : ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ।

ਮਾਨਯੋਗ ਸਪੀਕਰ : ਹਾਂ ਜੀ, ਚਲੋ ਬੋਲ ਲਵੋ।

ਸਰਦਾਰ ਰਣਦੀਪ ਸਿੰਘ ਨਾਭਾ : ਸਪੀਕਰ ਸਾਹਿਬ, ਮੇਰੀ ਇਕ ਕਲੈਰੀਫਿਕੇਸ਼ਨ ਹੈ ** ** **

ਮਾਨਯੋਗ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

ਮਾਨਯੋਗ ਸਪੀਕਰ : ਪ੍ਰਸ਼ਨ ਹੈ-

ਕਿ ਪੰਜਾਬ ਮਿਉਂਸਿਪਲ ਸੋਧਨਾ ਬਿਲ, 2013 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਪ੍ਰਸਤਾਵ ਪ੍ਰਵਾਨ ਹੋਇਆ।

**Not recorded as ordered by the Chair.

ਮਾਨਯੋਗ ਸਪੀਕਰ: ਹੁਣ ਸਦਨ ਬਿਲ ਤੇ ਕਲਾਜ਼ ਵਾਰ ਵਿਚਾਰ ਕਰੇਗਾ।

ਕਲਾਜ 1 ਦੀ ਸਬ ਕਲਾਜ਼ (2)

ਮਾਨਯੋਗ ਸਪੀਕਰ : ਪ੍ਰਸ਼ਨ ਹੈ-

ਕਿ ਕਲਾਜ਼ 1 ਦੀ ਸਬ ਕਲਾਜ਼ (2) ਬਿਲ ਦਾ ਹਿੱਸਾ ਹੈ।

ਪ੍ਰਸਤਾਵ ਪ੍ਰਵਾਨ ਹੋਇਆ।

ਕਲਾਜ਼ਾਂ 1 ਤੋਂ 17

ਮਾਨਯੋਗ ਸਪੀਕਰ : ਕਿਉਂਜੋ ਕਲਾਜ਼ਾਂ 1 ਤੋਂ 17 ਤੱਕ ਕੋਈ ਸੋਧਨਾ ਨਹੀਂ ਹੈ, ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਇਹ ਕਲਾਜ਼ਾਂ ਇਕੱਠੀਆਂ ਹੀ ਸਦਨ ਦੀ ਵੋਟ ਲਈ ਰੱਖ ਦਿੱਤੀਆਂ ਜਾਣਾ।

ਅਵਾਜ਼ਾਂ : ਹਾਂ ਜੀ, ਹਾਂ ਜੀ

ਮਾਨਯੋਗ ਸਪੀਕਰ : ਪ੍ਰਸ਼ਨ ਹੈ-

ਕਿ ਕਲਾਜ਼ਾਂ 1 ਤੋਂ 17 ਬਿਲ ਦਾ ਹਿੱਸਾ ਹਨ।

ਪ੍ਰਸਤਾਵ ਪ੍ਰਵਾਨ ਹੋਇਆ।

WALK-OUT

(ਇਸ ਸਮੇਂ ਸਦਨ ਵਿਚ ਹਾਜ਼ਰ ਸਮੂਹ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ ਅਤੇ ਅਜ਼ਾਦ ਮੈਂਬਰ ਸ਼੍ਰੀ ਰਜਨੀਸ਼ ਕੁਮਾਰ ** ** ਨਾਹਰੇ ਮਾਰਦੇ ਹੋਏ ਸਦਨ ਵਿਚੋਂ ਵਾਕ-ਆਊਟ ਕਰ ਗਏ।)

THE PUNJAB MUNICIPAL (AMENDMENT) BILL, 2013 (REPLACING ORDINANCE) *(Resumption)*

ਕਲਾਜ਼ 1 ਦੀ ਸਬ-ਕਲਾਜ਼ (1)

ਮਾਨਯੋਗ ਸਪੀਕਰ : ਪ੍ਰਸ਼ਨ ਹੈ-

ਕਿ ਕਲਾਜ਼ 1 ਦੀ ਸਬ-ਕਲਾਜ਼ (1) ਬਿਲ ਦਾ ਹਿੱਸਾ ਹੈ।

ਪ੍ਰਸਤਾਵ ਪ੍ਰਵਾਨ ਹੋਇਆ।

ਸਿਰਲੇਖ

ਮਾਨਯੋਗ ਸਪੀਕਰ : ਪ੍ਰਸ਼ਨ ਹੈ-

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ।

ਪ੍ਰਸਤਾਵ ਪ੍ਰਵਾਨ ਹੋਇਆ।

ਮਾਨਯੋਗ ਸਪੀਕਰ : ਹੁਣ ਮੰਤਰੀ ਜੀ ਪ੍ਰਸਤਾਵ ਕਰਨਗੇ ਕਿ ਬਿਲ ਪਾਸ ਕੀਤਾ ਜਾਵੇ।

ਸਥਾਨਕ ਸਰਕਾਰ, ਡਾਕਟਰੀ ਸਿੱਖਿਆ ਤੇ ਖੋਜ ਮੰਤਰੀ (ਸ਼੍ਰੀ ਅਨਿਲ ਜੋਸ਼ੀ) : ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ-

ਕਿ ਪੰਜਾਬ ਮਿਉਂਸਿਪਲ ਸੋਧਨਾ ਬਿਲ, 2013 ਪਾਸ ਕੀਤਾ ਜਾਵੇ।

ਮਾਨਯੋਗ ਸਪੀਕਰ : ਪ੍ਰਸਤਾਵ ਕੀਤਾ -

ਕਿ ਪੰਜਾਬ ਮਿਉਂਸਿਪਲ ਸੋਧਨਾ ਬਿਲ, 2013 ਪਾਸ ਕੀਤਾ ਜਾਵੇ।

ਮਾਨਯੋਗ ਸਪੀਕਰ : ਪ੍ਰਸ਼ਨ ਹੈ-

ਕਿ ਪੰਜਾਬ ਮਿਉਂਸਿਪਲ ਸੋਧਨਾ ਬਿਲ, 2013 ਪਾਸ ਕੀਤਾ ਜਾਵੇ।

ਪ੍ਰਸਤਾਵ ਪ੍ਰਵਾਨ ਹੋਇਆ।

ਮੁੱਖ ਮੰਤਰੀ : ਸਪੀਕਰ ਸਾਹਿਬ, ਮੇਰੀ ਰਿਕੁਐਸਟ ਹੈ ਕਿ ਮੈਂ ਜਲੰਧਰ ਵਡਾਲਾ ਸਾਹਿਬ ਦੇ ਪੋਤੇ ਦੀ ਸ਼ਾਦੀ ਤੇ ਜਾਣਾ ਹੈ । ਜੇ ਮੇਰਾ ਬਿਲ ਪਹਿਲਾਂ ਲੈ ਲਓ ਤਾਂ ਬੜੀ ਮਿਹਰਬਾਨੀ ਹੈ, if it is possible.

ਮਾਨਯੋਗ ਸਪੀਕਰ : ਠੀਕ ਹੈ ਜੀ।

2. THE PUNJAB CO-OPERATIVE SOCIETIES (SECOND AMENDMENT) BILL, 2013 (Replacing Ordinance)

ਮਾਨਯੋਗ ਸਪੀਕਰ : ਹਾਂ ਜੀ, ਮੁੱਖ ਮੰਤਰੀ ਸਾਹਿਬ।

ਮੁੱਖ ਮੰਤਰੀ (ਸਰਦਾਰ ਪਰਕਾਸ਼ ਸਿੰਘ ਬਾਦਲ) : ਸ਼੍ਰੀਮਾਨ ਜੀ, ਮੈਂ ਪੰਜਾਬ ਸਹਿਕਾਰੀ ਸਭਾਵਾਂ (ਦੂਜੀ ਸੋਧਨਾ) ਬਿਲ, 2013 ਪੇਸ਼ ਕਰਦਾ ਹਾਂ।

ਸ਼੍ਰੀਮਾਨ ਜੀ, ਮੈਂ ਇਹ ਵੀ ਪ੍ਰਸਤਾਵ ਕਰਦਾ ਹਾਂ -

ਕਿ ਪੰਜਾਬ ਸਹਿਕਾਰੀ ਸਭਾਵਾਂ (ਦੂਜੀ ਸੋਧਨਾ) ਬਿਲ, 2013 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਮਾਨਯੋਗ ਸਪੀਕਰ : ਪ੍ਰਸਤਾਵ ਕੀਤਾ -

ਕਿ ਪੰਜਾਬ ਸਹਿਕਾਰੀ ਸਭਾਵਾਂ (ਦੂਜੀ ਸੋਧਨਾ) ਬਿਲ, 2013 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਬਹਿਸ, ਜੇਕਰ ਕੋਈ ਹੋਵੇ?

(ਇਸ ਸਮੇਂ ਕੋਈ ਮੈਂਬਰ ਬਹਿਸ ਕਰਨ ਲਈ ਖੜ੍ਹਾ ਨਹੀਂ ਹੋਇਆ।)

ਮਾਨਯੋਗ ਸਪੀਕਰ : ਪ੍ਰਸ਼ਨ ਹੈ

ਕਿ ਪੰਜਾਬ ਸਹਿਕਾਰੀ ਸਭਾਵਾਂ (ਦੂਜੀ ਸੋਧਨਾ) ਬਿਲ, 2013 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਪ੍ਰਸਤਾਵ ਪ੍ਰਵਾਨ ਹੋਇਆ।

ਮਾਨਯੋਗ ਸਪੀਕਰ : ਹੁਣ ਸਦਨ ਬਿਲ ਤੇ ਕਲਾਜ਼-ਵਾਰ ਵਿਚਾਰ ਕਰੇਗਾ।

ਕਲਾਜ਼ 1 ਦੀ ਸਬ ਕਲਾਜ਼ (2)

ਮਾਨਯੋਗ ਸਪੀਕਰ : ਪ੍ਰਸ਼ਨ ਹੈ -

ਕਿ ਕਲਾਜ਼ 1 ਦੀ ਸਬ ਕਲਾਜ਼ (2) ਬਿਲ ਦਾ ਹਿੱਸਾ ਹੈ।

ਪ੍ਰਸਤਾਵ ਪ੍ਰਵਾਨ ਹੋਇਆ।

ਕਲਾਜ਼ਾਂ 2 ਅਤੇ 3

ਮਾਨਯੋਗ ਸਪੀਕਰ : ਕਿਉਂਕਿ ਕਲਾਜ਼ਾਂ 2 ਅਤੇ 3 ਵਿੱਚ ਕੋਈ ਸੋਧਨਾ ਨਹੀਂ ਹੈ, ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਇਹ ਕਲਾਜ਼ਾਂ ਇਕੱਠੀਆਂ ਹੀ ਸਦਨ ਦੀ ਵੋਟ ਲਈ ਰੱਖ ਦਿੱਤੀਆਂ ਜਾਣ।

(ਅਵਾਜ਼ਾਂ : ਹਾਂ ਜੀ, ਹਾਂ ਜੀ।)

ਮਾਨਯੋਗ ਸਪੀਕਰ : ਪ੍ਰਸ਼ਨ ਹੈ -

ਕਿ ਕਲਾਜ਼ਾਂ 2 ਅਤੇ 3 ਬਿਲ ਦਾ ਹਿੱਸਾ ਹਨ।

ਪ੍ਰਸਤਾਵ ਪ੍ਰਵਾਨ ਹੋਇਆ।

ਕਲਾਜ਼ 1 ਦੀ ਸਬ ਕਲਾਜ਼ (1)

ਮਾਨਯੋਗ ਸਪੀਕਰ : ਪ੍ਰਸ਼ਨ ਹੈ -

ਕਿ ਕਲਾਜ਼ 1 ਦੀ ਸਬ ਕਲਾਜ਼ (1) ਬਿਲ ਦਾ ਹਿੱਸਾ ਹੈ।

ਪ੍ਰਸਤਾਵ ਪ੍ਰਵਾਨ ਹੋਇਆ।

ਸਿਰਲੇਖ

ਮਾਨਯੋਗ ਸਪੀਕਰ : ਪ੍ਰਸ਼ਨ ਹੈ -

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ।

ਪ੍ਰਸਤਾਵ ਪ੍ਰਵਾਨ ਹੋਇਆ।

ਮਾਨਯੋਗ ਸਪੀਕਰ : ਹੁਣ ਮੰਤਰੀ ਸਾਹਿਬ ਪ੍ਰਸਤਾਵ ਕਰਨਗੇ ਕਿ ਬਿਲ ਪਾਸ ਕੀਤਾ ਜਾਵੇ।

ਮੁੱਖ ਮੰਤਰੀ (ਸਰਦਾਰ ਪਰਕਾਸ਼ ਸਿੰਘ ਬਾਦਲ) : ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ -

> ਕਿ ਪੰਜਾਬ ਸਹਿਕਾਰੀ ਸਭਾਵਾਂ (ਦੂਜੀ ਸੋਧਨਾ) ਬਿਲ, 2013 ਪਾਸ ਕੀਤਾ ਜਾਵੇ।

ਮਾਨਯੋਗ ਸਪੀਕਰ : ਪ੍ਰਸਤਾਵ ਕੀਤਾ -

> ਕਿ ਪੰਜਾਬ ਸਹਿਕਾਰੀ ਸਭਾਵਾਂ (ਦੂਜੀ ਸੋਧਨਾ) ਬਿਲ, 2013 ਪਾਸ ਕੀਤਾ ਜਾਵੇ।

(ਇਸ ਸਮੇਂ ਵਿਰੋਧੀ ਧਿਰ ਦੇ ਮਾਨਯੋਗ ਮੈਂਬਰਾਂ ਨੇ ਸਦਨ ਵਿੱਚ ਪ੍ਰਵੇਸ਼ ਕੀਤਾ।)

ਸ਼੍ਰੀ ਸੁਨੀਲ ਜਾਖੜ (ਅਬੋਹਰ) : ਸਪੀਕਰ ਸਾਹਿਬ, ਇਹ ਜਿਹੜਾ ਕੋਆਪ੍ਰੇਟਿਵ ਅਮੈਂਡਮੈਂਟ ਬਿਲ ਲਿਆਂਦਾ ਗਿਆ ਹੈ, ਇਸ ਦੀ ਬੇਸਿਕ ਜੈਨਸਿਸ ਆਫ ਅਮੈਂਡਮੈਂਟ ਇਹ ਹੈ ਕਿ ਕੁਝ ਕੋਆਪ੍ਰੇਟਿਵ ਬੈਂਕਾਂ ਦੀ ਰਿਕਰੂਟਮੈਂਟ ਵਿੱਚ ਉਨ੍ਹਾਂ ਦੇ ਐਮ. ਡੀਜ਼ ਨੇ ਸੱਤਾਧਾਰੀ ਹੁਕਮਰਾਨ ਦੀ ਗੱਲ ਨਹੀਂ ਮੰਨੀ। ਕੋਆਪ੍ਰੇਟਿਵ ਅਦਾਰਾ ਲੋਕਾਂ ਦਾ ਅਦਾਰਾ ਹੈ। ਮੈਂ ਸਮਝਦਾ ਹਾਂ ਕਿ ਕੋਆਪ੍ਰੇਟਿਵ ਮੂਵਮੈਂਟ ਸਭ ਤੋਂ ਪੁਰਾਣੀ ਹੈ। ਸਭ ਤੋਂ ਪੁਰਾਣਾ ਕੋਆਪ੍ਰੇਟਿਵ ਬੈਂਕ ਜਲੰਧਰ ਦਾ ਹੈ, ਸ਼ਾਇਦ 101 ਸਾਲ ਹੋ ਗਏ ਹਨ। ਬਾਦਲ ਸਾਹਿਬ ਨੂੰ ਸ਼ਾਇਦ ਜ਼ਿਆਦਾ ਪਤਾ ਹੈ। ਸਾਡਾ ਫਾਜ਼ਿਲਕਾ ਕੋਆਪ੍ਰੇਟਿਵ ਬੈਂਕ 1915 ਦਾ ਬਣਿਆ ਹੋਇਆ ਹੈ। It represents a collective wisdom of all the people, ਜਿਨ੍ਹਾਂ ਨੇ ਉਸ ਵਿੱਚ ਸ਼ੇਅਰ ਪਾਇਆ ਹੈ। ਚਾਹੇ ਅਮੁੱਲ ਦਾ ਵੇਖ ਲਓ, ਇਫਕੋ ਦਾ ਦੇਖ ਲਓ। ਇੱਕ ਪਾਸੇ ਸੈਂਟਰਲ ਗੌਰਮਿੰਟ ਕੋਆਪ੍ਰੇਟਿਵ ਮੂਵਮੈਂਟ ਨੂੰ ਅੱਗੇ ਲਿਜਾਣ ਲਈ ਲੱਗੀ ਹੈ। ਬੱਬੇਹਾਲੀ ਸਾਹਿਬ ਬੈਠੇ ਹਨ, He has been a part of this cooperative movement. ਸਾਰਿਆਂ ਨੂੰ ਪਤਾ ਹੈ ਕਿ ਕੋਆਪ੍ਰੇਟਿਵ ਮੂਵਮੈਂਟ ਕਿਸ ਤਰ੍ਹਾਂ ਲੋਕਾਂ ਨੂੰ ਅੱਗੇ ਵਧਣ ਵਾਸਤੇ ਆਪਸੀ ਸਾਂਝੇ ਭਾਈਚਾਰੇ ਦਾ ਕੰਮ ਕਰਦੀ ਹੈ। This goes against the very spirit of cooperation. On the one hand, we are talking to empower them but on the other hand, we are imposing somebody from outside. ਹੁਣ ਜਿਹੜੇ ਬੈਂਕ ਚੱਲ ਰਹੇ ਹਨ, is there any problem in that ? If we find ਕਿ ਉਨ੍ਹਾਂ ਬੈਂਕਾਂ ਵਿੱਚ ਜਿਹੜੇ ਉਥੇ ਐਮ. ਡੀ. ਲਗਾ ਰੱਖੇ ਹਨ, who work under MDs, who are elected, ਅਗਰ ਕੋਆਪ੍ਰੇਟਿਵ ਮਨਿਸਟਰ ਦੇ ਤੌਰ ਤੇ ਮੁੱਖ ਮੰਤਰੀ ਸਾਹਿਬ ਸਮਝਦੇ ਹਨ ਕਿ ਉਨ੍ਹਾਂ ਬੈਂਕਾਂ ਦੇ ਐਮ. ਡੀਜ਼ are not competent. They are not performing well. Have we conducted any training courses? Have we done something to enhance their capability? Have we found something

substantial? What is the reason? ਮੋਟੀ ਗੱਲ ਹੈ ਕਿ ਕਿਸ ਵਜ੍ਹਾ ਨਾਲ ਕੋਆਪ੍ਰੇਟਿਵ ਬੈਂਕ ਜਮ੍ਹਾਂ ਹੀ ਪਿੱਠੂ ਬਣਾ ਦੇਣੇ ਹਨ। ਫਿਰ ਉਨ੍ਹਾਂ ਨੂੰ ਸਰਕਾਰੀ ਬੈਂਕ ਬਣਾ ਦਿਓ। ਫਿਰ ਤੁਸੀਂ ਕੋਆਪਰੇਸ਼ਨ ਵਾਲਾ ਤਗਮਾ ਹੀ ਹਟਾ ਦਿਓ। Speaker Sahib, this goes against the very tenet of cooperation. ਅਗਰ ਉਨ੍ਹਾਂ ਦੇ ਆਪਣੇ ਕਾਡਰ ਵਿੱਚ ਕੋਈ ਕਮੀ ਹੈ, how can you have multiplicity? ਉਥੇ ਕਾਡਰ ਵਾਲੇ ਜਿਹੜੇ ਬੈਠੇ ਹਨ, ਉਨ੍ਹਾਂ ਤੇ ਬਾਹਰੋਂ ਲਿਆ ਕੇ ਤੁਸੀਂ ਬਿਠਾ ਦਿਓ, they again will be selected on political considerations. We are living in a political environment, ਜੇ ਹਰ ਇੱਕ ਕਲਰਕ ਦੀ, ਚਪੜਾਸੀ ਦੀ ਭਰਤੀ ਵਾਸਤੇ 100-100 ਸਿਫਾਰਸ਼ਾਂ ਆ ਜਾਂਦੀਆਂ ਹਨ, ਉਥੇ ਪਤਾ ਨਹੀਂ ਉਸ ਵਿੱਚ ਕੀ ਕੀ ਪਰਾਬਲਮਜ਼ ਹੋ ਜਾਣੀਆਂ ਹਨ। ਸੋ, ਮੇਰਾ ਕਹਿਣਾ ਹੈ ਕਿ first of all, it should not be brought in any way. ਅਗਰ ਕੋਈ ਜ਼ਿਆਦਾ ਹੀ ਮਜ਼ਬੂਰੀ ਹੈ, those people, ਜਿਹੜੇ ਉਨ੍ਹਾਂ ਦੇ ਕਾਡਰ ਦੇ ਬੰਦੇ ਹਨ, ਉਨ੍ਹਾਂ ਨੂੰ ਕੋਸ਼ਿਸ਼ ਕਰਕੇ, ਪਰਾਪਰ ਟਰੇਨਿੰਗ ਦੇ ਕੇ ਕਾਬਲ ਬਣਾਇਆ ਜਾਵੇ। ਅਗਰ ਉਸ ਤੋਂ ਬਾਅਦ ਵੀ ਕੋਈ ਮਜ਼ਬੂਰੀ ਹੈ, then the selection should be done by the Board of that Bank. ਫਿਰ ਉਨ੍ਹਾਂ ਦੇ ਇਲੈਕਸ਼ਨ ਕਿਸ ਵਾਸਤੇ ਕਰਨੇ ਹਨ, ਚੇਅਰਮੈਨ ਦਾ ਇਲੈਕਸ਼ਨ ਹੁੰਦਾ ਹੈ।

Mr. Speaker : Thank you.

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, ਨਹੀਂ, ਇੱਕ ਮਿੰਟ ਵਿੱਚ ਕਨਕਲੂਡ ਕਰ ਦਿੰਦਾ ਹਾਂ। ਅਗਰ ਉਹ ਸਿਲੈਕਸ਼ਨ ਕਰਨ ਜਾਂ ਬਾਹਰੋਂ ਵੀ ਤੁਸੀਂ ਡੈਪੂਟੇਸ਼ਨ ਤੇ ਭੇਜਦੇ ਹੋ, it should be done with their consent and also, Speaker Sahib, those MDs have to be answerable to the Board and not to the Government. ਇਸ ਕਰਕੇ ਮੇਰਾ ਆਨਰੇਬਲ ਚੀਫ ਮਨਿਸਟਰ ਸਾਹਿਬ ਨੂੰ ਸੁਝਾਅ ਹੈ ਕਿ ਇਸ ਨੂੰ ਵਿਦਡਰਾਅ ਕਰਕੇ ਥੋੜ੍ਹਾ ਗੌਰ ਕਰ ਲੈਣ ਕਿਉਂਕਿ ਇਨ੍ਹਾਂ ਨੇ ਆਪ ਕੋਆਪ੍ਰੇਟਿਵ ਮੂਵਮੈਂਟ ਨੂੰ ਬੜਾ ਹੁੰਗਾਰਾ ਦਿੱਤਾ ਹੈ। ਸਾਡੀ ਇੱਕ ਪੁਰਾਣੀ ਸੁਸਾਇਟੀ ਵੀ ਪਈ ਹੈ, ਜਿਸ ਵਿੱਚ ਚੌਧਰੀ ਸਾਹਿਬ ਵੀ ਮੈਂਬਰ ਰਹੇ ਹਨ, ਇਹ ਵੀ ਮੈਂਬਰ ਰਹੇ ਹਨ ਅਤੇ ਅੱਜ ਇਹ ਕੋਆਪ੍ਰੇਟਿਵ ਦੇ ਪੇੜ ਦੀਆਂ ਜੜ੍ਹਾਂ ਹੀ ਵੱਢਣ ਨੂੰ ਲੱਗੇ ਹਨ। I think this is not well-thought-of movement.

ਸਰਦਾਰ ਚਰਨਜੀਤ ਸਿੰਘ ਚੰਨੀ (ਚਮਕੌਰ ਸਾਹਿਬ, ਐਸ.ਸੀ.) : ਸਪੀਕਰ ਸਾਹਿਬ, ਇਹ ਜਿਹੜਾ ਬਿਲ ਆਇਆ ਹੈ, ਇਸ ਦਾ ਆਬਜੈਕਟਿਵ ਪੜ੍ਹ ਕੇ ਮੈਨੂੰ ਬੜਾ ਅਫਸੋਸ ਹੋਇਆ ਹੈ। ਕਿਉਂਕਿ ਮੈਨੂੰ ਰਾਤ ਇਹ ਬਿਲ ਮਿਲਿਆ ਹੈ, ਮੈਂ ਰਾਤ ਦਾ ਇਹ ਸੋਚ ਰਿਹਾ ਹਾਂ....

ਮਾਨਯੋਗ ਸਪੀਕਰ : ਮਿਲ ਤਾਂ ਗਿਆ ਰਾਤ ਨੂੰ ਬਿਲ। ਇਹ ਆਬਜੈਕਸ਼ਨ ਤਾਂ ਨਹੀਂ ਕਿ ਬਿਲ ਨਹੀਂ ਮਿਲਿਆ।

ਸਰਦਾਰ ਚਰਨਜੀਤ ਸਿੰਘ ਚੰਨੀ : ਸਪੀਕਰ ਸਾਹਿਬ, ਤੁਹਾਡੀ ਕਾਬਲੀਅਤ ਤੇ ਕੋਈ ਸ਼ੱਕ ਨਹੀਂ। ਅਸੀਂ ਤੁਹਾਨੂੰ ਬਹੁਤ ਆਨਰ ਕਰਦੇ ਹਾਂ। ਅਸੀਂ ਤੁਹਾਡੇ ਧੰਨਵਾਦੀ ਹਾਂ ਕਿ ਤੁਸੀਂ ਸਦਨ ਬੜਾ ਵਧੀਆ ਚਲਾ ਰਹੇ ਹੋ। ਸਪੀਕਰ ਸਾਹਿਬ, ਮੈਂ ਬੇਨਤੀ ਕਰਦਾ ਹਾਂ ਕਿ ਮੈਨੂੰ ਬਿਲ ਮਿਲਿਆ, ਉਸ ਨੂੰ ਪੜ੍ਹ ਕੇ ਮੈਨੂੰ ਸਭ ਤੋਂ ਵੱਡਾ ਦੁੱਖ ਇਹ ਹੋਇਆ....

ਮਾਨਯੋਗ ਸਪੀਕਰ : ਤੁਸੀਂ ਪੁਆਇੰਟ ਦੱਸੋ।

ਸਰਦਾਰ ਚਰਨਜੀਤ ਸਿੰਘ ਚੰਨੀ : ਸਰ, ਮੈਂ ਉਹੀ ਦੱਸਣ ਲੱਗਿਆ ਹਾਂ ਕਿ ਅੱਜ ਪੰਜਾਬ ਵਿੱਚ ਚੁਣੇ ਹੋਏ ਨੁਮਾਇੰਦਿਆਂ ਤੇ ਪੰਜਾਬ ਸਰਕਾਰ ਨੂੰ ਵਿਸ਼ਵਾਸ ਨਹੀਂ ਰਿਹਾ। ਇਹ ਇਸ ਦੇ ਵਿੱਚ ਲਿਖਿਆ ਹੈ। ਮੈਂ ਇਹ ਤੁਹਾਨੂੰ ਪੜ੍ਹ ਕੇ ਸੁਣਾਉਂਦਾ ਹਾਂ-

"The main objective of the Amendment is to enable the Government to appoint professionals and Managing Directors in the Central cooperative Bank because the Managing Directors of the Central Cooperative Banks who are presently elected by the Committees, generally, do not possess the expertise and knowledge to manage the affairs of the Banks in a professional manner."

ਸਰ, ਜਿਹੜੇ ਬੰਦੇ ਚੁਣੇ ਜਾਂਦੇ ਹਨ, ਉਨ੍ਹਾਂ ਤੇ ਅੱਜ ਪੰਜਾਬ ਸਰਕਾਰ ਨੂੰ ਵਿਸ਼ਵਾਸ ਨਹੀਂ ਰਿਹਾ, ਚਾਹੇ ਉਹ ਮਾਰਕੀਟ ਕਮੇਟੀਆਂ ਹੋਣ। ਜਿਹੜੇ ਨਾਮੀਨੇਟ ਕਰਦੇ ਸੀ, ਉਹ ਵੀ ਬੰਦ ਕਰ ਦਿੱਤੇ। ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕੱਲ੍ਹ ਨੂੰ ਕੋਈ ਕਹੇ, ਸਾਡੇ ਸੀ.ਐਮ. ਸਾਹਿਬ ਦਾ ਆਪਣਾ ਬਹੁਤ ਐਕਸਪੀਰੀਐਂਸ ਹੈ। ਕੱਲ੍ਹ ਨੂੰ ਕੋਈ ਹੋਰ ਵੀ ਸੀ.ਐਮ. ਬਣੇ ਤਾਂ ਉਸ ਨੂੰ ਕਹੋ ਕਿ ਤੁਸੀਂ ਐਕਸਪਰਟ ਨਹੀਂ ਹੋ, ਤੁਸੀਂ ਚੁਣ ਕੇ ਆਏ ਹੋ। ਤੁਹਾਨੂੰ ਆਈ.ਏ.ਐਸ. ਲਗਾਉਣ ਨੂੰ ਕਹਿਣ ਤਾਂ ਕੀ ਤੁਸੀਂ ਮੰਨ ਜਾਓਗੇ ? ਸਪੀਕਰ ਸਾਹਿਬ, ਇੱਕ ਕਾਂਸਟੀਚਿਊਸ਼ਨਲ ਰਾਈਟ ਹੈ, ਇੱਕ ਡੈਮੋਕਰੇਟਿਕ ਰਾਈਟ ਹੈ ਕਿ ਜਿਹੜਾ ਬੰਦਾ ਚੁਣ ਕੇ ਆਉਂਦਾ ਹੈ, ਉਸ ਨੂੰ ਮੈਨੇਜਿੰਗ ਡਾਇਰੈਕਟਰ ਲਗਾਉਣਾ ਹੈ। ਤੁਸੀਂ ਚੁਣੇ ਹੋਏ ਨੁਮਾਇੰਦੇ ਨੂੰ ਹਟਾ ਕੇ ਆਈ.ਏ.ਐਸ., ਪੀ.ਸੀ.ਐਸ. ਨੂੰ ਲਗਾ ਰਹੇ ਹੋ। ਜੇਕਰ ਤੁਹਾਨੂੰ ਲਗਦਾ ਹੈ ਕਿ ਚੁਣਿਆ ਹੋਇਆ ਨੁਮਾਇੰਦਾ ਪੜ੍ਹਿਆ ਲਿਖਿਆ ਨਹੀਂ ਆਉਂਦਾ ਤਾਂ ਜ਼ਿਆਦਾ ਤੋਂ ਜ਼ਿਆਦਾ ਚੁਣੇ ਹੋਏ ਨੁਮਾਇੰਦੇ ਦੀ ਕੁਆਲੀਫਿਕੇਸ਼ਨ ਫਿਕਸ ਕਰ ਦਿਓ ਕਿ ਇੰਨਾ ਪੜ੍ਹਿਆ ਹੋਇਆ ਬੰਦਾ ਹੀ ਚੁਣ ਕੇ ਆ ਸਕਦਾ ਹੈ। ਦੂਸਰਿਆਂ ਨੂੰ ਚੁਣਨ ਦਾ ਅਧਿਕਾਰ ਨਹੀਂ। ਲੇਕਿਨ ਪੰਜਾਬ ਦੇ ਲੋਕਤੰਤਰ ਨੂੰ ਕਿਉਂ ਦਬਾਇਆ ਜਾ ਰਿਹਾ ਹੈ। ਕਿਉਂ ਮਾਰਕੀਟ ਕਮੇਟੀਆਂ ਦੀਆਂ ਸਾਰੀਆਂ ਪਾਵਰਾਂ ਆਪ ਲੈ ਲਈਆਂ। ਕਿਉਂ 127 ਮਿਉਂਸਿਪਲ ਕਮੇਟੀਆਂ ਦੀ ਟੈਨਿਓਰ ਖਤਮ ਹੋਣ ਤੋਂ ਬਾਅਦ ਚੋਣ ਨਹੀਂ ਕਰਵਾਈ ਜਾ ਰਹੀ। ਕਿਉਂ ਲੋਕਾਂ ਨੂੰ ਉਨ੍ਹਾਂ ਦੇ ਅਧਿਕਾਰ ਨਹੀਂ ਦਿੱਤੇ ਜਾ ਰਹੇ। ਕਿਉਂ ਪੰਜਾਬ ਦੇ ਹਰ ਇੱਕ ਅਦਾਰੇ ਨੂੰ ਸਰਕਾਰ ਆਪ ਸਾਂਭਣਾ ਚਾਹੁੰਦੀ ਹੈ ਅਤੇ ਸਾਰੀਆਂ ਪਾਵਰਾਂ ਸੈਂਟਰਲਾਈਜ਼ ਕਰਕੇ ਸਿਰਫ ਸੀ.ਐਮ. ਸਾਹਿਬ ਨੂੰ ਦਿੱਤੀਆਂ ਜਾ ਰਹੀਆਂ ਹਨ। ਕਿਉਂ ਪੰਜਾਬ ਦੇ ਐਮ.ਐਲ.ਏਜ਼ ਨੂੰ, ਪੰਜਾਬ ਦੇ ਮੰਤਰੀਆਂ ਨੂੰ ਕੋਈ ਅਧਿਕਾਰ ਨਹੀਂ ਹੈ ਕਿ ਉਹ ਆਪਣੇ

ਤੌਰ ਤੇ ਕੋਈ ਕੰਮ ਕਰ ਸਕਣ। ਸਾਰੀਆਂ ਪਾਵਰਾਂ ਸੀ.ਐਮ. ਸਾਹਿਬ ਲੈਣੀਆਂ ਚਾਹੁੰਦੇ ਹਨ। ਸਪੀਕਰ ਸਾਹਿਬ, ਮੈਂ ਇਸ ਬਿਲ ਦਾ ਇਸ ਕਰਕੇ ਵਿਰੋਧ ਕਰਦਾ ਹਾਂ ਕਿਉਂਕਿ ਜਿਥੇ ਚੰਗੀ ਗੱਲ ਹੁੰਦੀ ਹੈ ਅਸੀਂ ਕਹਿੰਦੇ ਹਾਂ ਕਿ ਚੰਗੀ ਹੈ। ਇਹ ਲੋਕਤੰਤਰ ਦਾ ਘਾਣ ਹੋ ਰਿਹਾ ਹੈ, ਇਸ ਕਰਕੇ ਇਸ ਨੂੰ ਵਾਪਸ ਲਿਆ ਜਾਵੇ। ਮੈਂ ਸੀ.ਐਮ. ਸਾਹਿਬ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਪੰਜਾਬ ਦੇ ਲੋਕਤੰਤਰ ਨੂੰ ਬਹਾਲ ਰੱਖਣ ਵਾਸਤੇ, ਪੰਜਾਬ ਦੇ ਲੋਕਾਂ ਦੀ ਨਬਜ਼ ਪਛਾਨਣ ਵਾਸਤੇ, ਸਾਨੂੰ ਲੋਕਾਂ ਦੇ ਹੱਕਾਂ ਨੂੰ ਦਬਾਉਣ ਦੀ ਬਜਾਏ ਕਿਰਪਾ ਕਰਕੇ ਇਹ ਬਿਲ ਵਾਪਸ ਲਿਆ ਜਾਵੇ।

ਮੁੱਖ ਮੰਤਰੀ (ਸਰਦਾਰ ਪਰਕਾਸ਼ ਸਿੰਘ ਬਾਦਲ) : ਸਪੀਕਰ ਸਾਹਿਬ, ਦੋ ਖਦਸ਼ੇ ਰੱਖੇ ਗਏ ਹਨ। ਪਹਿਲਾਂ ਜੋ ਐਮ.ਡੀ. ਹੁੰਦੇ ਸਨ ਉਸ ਵਿਚ ਆਈ.ਏ.ਐਸ. ਵੀ ਰੱਖੇ ਜਾਂਦੇ ਸਨ ਤੇ ਪੀ.ਸੀ.ਐਸ. ਦੇ ਰੱਖਣ ਦੀ ਵੀ ਪ੍ਰੋਵੀਜ਼ਨ ਸੀ ਤੇ ਅਸੀਂ ਉਸ ਵਿਚੋਂ ਕੱਟਿਆ ਕੋਈ ਨਹੀਂ ਹੈ, ਸਿਰਫ ਇਹ ਹੈ ਕਿ ਜੇ ਲੋੜ ਹੋਵੇ ਤਾਂ ਇਹ ਪ੍ਰੋਫੈਸ਼ਨਲ ਲਗਾਏ ਜਾ ਸਕਦੇ ਹਨ। ਦੂਜੇ ਨੰਬਰ ਉਤੇ ਜਿਹੜਾ ਇਨ੍ਹਾਂ ਨੇ ਫੁਰਮਾਇਆ ਹੈ, ਕਾਂਸਟੀਚਿਊਸ਼ਨਲ ਤੌਰ ਤੇ ਬਾਕੀ ਗੱਲ ਕਹੀ ਹੈ, ਇਹ ਜਿਹੜਾ ਸਾਡਾ ਆਰਡੀਨੈਂਸ ਹੋਇਆ ਹੈ, ਕਿਉਂਕਿ ਆਰਡੀਨੈਂਸ ਤਾਂ ਹੋ ਚੁੱਕਾ ਹੈ, ਬਿਲ ਹੁਣ ਆਉਣਾ ਹੈ। ਉਸ ਨੂੰ ਹਾਈ ਕੋਰਟ ਵਿਚ ਕਿਸੇ ਸੱਜਣ ਨੇ ਚੈਲੰਜ ਕੀਤਾ। Ordinance was challenged in the High Court. The High Court upheld this Amendment. ਕਿਉਂਕਿ ਹਾਈ ਕੋਰਟ ਤਾਂ ਆਪਣੇ ਸਭ ਨਾਲੋਂ ਜ਼ਿਆਦਾ ਇਸ ਨੂੰ ਕਾਂਸਟੀਚਿਊਸ਼ਨਲੀ ਵੇਖ ਸਕਦੀ ਹੈ। ਹੁਣ ਜਿਹੜੀ ਅਸੀਂ ਅਮੈਂਡਮੈਂਟ ਕੀਤੀ ਹੈ, ਜਿਹੜੀ ਆਰਡੀਨੈਂਸ ਵਿਚ ਹੋ ਗਈ ਸੀ ਤੇ ਹੁਣ ਤਾਂ ਬਿਲ ਹੈ, ਜਿਹੜਾ ਤੁਸੀਂ ਕਾਂਸਟੀਚਿਊਸ਼ਨਲੀ ਕਿਹਾ ਹੈ, ਇਸ ਵਿਚ ਐਡ ਕੀਤਾ ਹੈ ਕਿ ਜਿਥੇ ਆਈ.ਏ.ਐਸ. ਜਾਂ ਪੀ.ਸੀ.ਐਸ ਲਿਖਿਆ ਹੈ, ਉਥੇ ਨਾਲ ਕੋਈ ਪ੍ਰੋਫੈਸ਼ਨਲ ਹੋਵੇ। ਅੱਜ ਜਿਹੜੇ ਬੈਂਕ ਹਨ, ਅੱਜ ਬੈਂਕਾਂ ਦੀ ਬੜੀ ਵੱਡੀ ਜ਼ਿੰਮੇਵਾਰੀ ਹੈ ਪਰ ਪਬਲਿਕ ਦੇ ਨੁਮਾਇੰਦੇ ਵੀ ਹੋਣਗੇ - ਚੇਅਰਮੈਨ ਹੋਵੇਗਾ, ਵਾਈਸ ਚੇਅਰਮੈਨ ਹੋਵੇਗਾ, ਬੋਰਡ ਆਫ ਡਾਇਰੈਕਟਰਜ਼ ਸਾਰਾ ਕੁਝ ਹੋਵੇਗਾ। ਇਸ ਕਰਕੇ ਇਹ ਜਿਹੜੇ ਖਦਸ਼ੇ ਹਨ, ਮੈਂ ਤਾਂ ਸਮਝਦਾ ਹਾਂ ਕਿ ਇਹ ਤਾਂ ਮਾਈਨਰ ਹਨ।

ਮਾਨਯੋਗ ਸਪੀਕਰ : ਪ੍ਰਸ਼ਨ ਹੈ-

> ਕਿ ਪੰਜਾਬ ਸਹਿਕਾਰੀ ਸਭਾਵਾਂ (ਦੂਜੀ ਸੋਧਨਾ) ਬਿਲ, 2013 ਪਾਸ ਕੀਤਾ ਜਾਵੇ।

ਪ੍ਰਸਤਾਵ ਪ੍ਰਵਾਨ ਹੋਇਆ।

---

3. THE PUNJAB MUNICIPAL FUND (AMENDMENT) BILL, 2013

ਮਾਨਯੋਗ ਸਪੀਕਰ : ਸ਼੍ਰੀ ਅਨਿਲ ਜੋਸ਼ੀ, ਸਥਾਨਕ ਸਰਕਾਰ ਮੰਤਰੀ ਬਿਲ ਪੇਸ਼ ਕਰਨਗੇ।

ਸਥਾਨਕ ਸਰਕਾਰ, ਡਾਕਟਰੀ ਸਿੱਖਿਆ ਤੇ ਖੋਜ ਮੰਤਰੀ (ਸ਼੍ਰੀ ਅਨਿਲ ਜੋਸ਼ੀ) : ਸ਼੍ਰੀਮਾਨ ਜੀ, ਮੈਂ ਪੰਜਾਬ ਮਿਉਂਸਿਪਲ ਫੰਡ (ਸੋਧਨਾ) ਬਿਲ, 2013 ਪੇਸ਼ ਕਰਦਾ ਹਾਂ।

ਸ਼੍ਰੀਮਾਨ ਜੀ, ਮੈਂ, ਇਹ ਵੀ ਪ੍ਰਸਤਾਵ ਕਰਦਾ ਹਾਂ -

ਕਿ ਪੰਜਾਬ ਮਿਉਂਸਿਪਲ ਫੰਡ (ਸੋਧਨਾ) ਬਿਲ, 2013 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਮਾਨਯੋਗ ਸਪੀਕਰ : ਪ੍ਰਸਤਾਵ ਕੀਤਾ -

ਕਿ ਪੰਜਾਬ ਮਿਉਂਸਿਪਲ ਫੰਡ (ਸੋਧਨਾ) ਬਿਲ, 2013 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਬਹਿਸ, ਕੋਈ ਹੈ?

(ਇਸ ਸਮੇਂ ਕੋਈ ਵੀ ਮੈਂਬਰ ਬਹਿਸ ਕਰਨ ਲਈ ਖੜ੍ਹਾ ਨਹੀਂ ਹੋਇਆ।)

ਮਾਨਯੋਗ ਸਪੀਕਰ : ਪ੍ਰਸ਼ਨ ਹੈ-

ਕਿ ਪੰਜਾਬ ਮਿਉਂਸਿਪਲ ਫੰਡ (ਸੋਧਨਾ) ਬਿਲ, 2013 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਪ੍ਰਸਤਾਵ ਪ੍ਰਵਾਨ ਹੋਇਆ।

ਮਾਨਯੋਗ ਸਪੀਕਰ : ਹੁਣ ਸਦਨ ਬਿਲ ਤੇ ਕਲਾਜ਼-ਵਾਰ ਵਿਚਾਰ ਕਰੇਗਾ।

ਕਲਾਜ਼ 1 ਦੀ ਸਬ ਕਲਾਜ਼ (2)

ਮਾਨਯੋਗ ਸਪੀਕਰ : ਪ੍ਰਸ਼ਨ ਹੈ-

ਕਿ ਕਲਾਜ਼ 1 ਦੀ ਸਬ ਕਲਾਜ਼ (2) ਬਿਲ ਦਾ ਹਿੱਸਾ ਹੈ।

ਪ੍ਰਸਤਾਵ ਪ੍ਰਵਾਨ ਹੋਇਆ।

ਕਲਾਜ਼ 2

ਮਾਨਯੋਗ ਸਪੀਕਰ : ਪ੍ਰਸ਼ਨ ਹੈ-

ਕਿ ਕਲਾਜ਼ 2 ਬਿਲ ਦਾ ਹਿੱਸਾ ਹੈ।

ਪ੍ਰਸਤਾਵ ਪ੍ਰਵਾਨ ਹੋਇਆ।

ਕਲਾਜ਼ 1 ਦੀ ਸਬ ਕਲਾਜ਼ (1)

ਮਾਨਯੋਗ ਸਪੀਕਰ : ਪ੍ਰਸ਼ਨ ਹੈ-

ਕਿ ਕਲਾਜ਼ 1 ਦੀ ਸਬ ਕਲਾਜ਼ (1) ਬਿਲ ਦਾ ਹਿੱਸਾ ਹੈ।

ਪ੍ਰਸਤਾਵ ਪ੍ਰਵਾਨ ਹੋਇਆ।

ਸਿਰਲੇਖ

ਮਾਨਯੋਗ ਸਪੀਕਰ : ਪ੍ਰਸ਼ਨ ਹੈ-

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ।

ਪ੍ਰਸਤਾਵ ਪ੍ਰਵਾਨ ਹੋਇਆ।

ਮਾਨਯੋਗ ਸਪੀਕਰ : ਹੁਣ ਮੰਤਰੀ ਸਾਹਿਬ ਬਿਲ ਪਾਸ ਕਰਨ ਲਈ ਪ੍ਰਸਤਾਵ ਪੇਸ਼ ਕਰਨ।

ਸਥਾਨਕ ਸਰਕਾਰ, ਡਾਕਟਰੀ ਸਿੱਖਿਆ ਤੇ ਖੋਜ ਮੰਤਰੀ (ਸ੍ਰੀ ਅਨਿਲ ਜੋਸ਼ੀ) : ਸ਼੍ਰੀਮਾਨ ਜੀ, ਮੈਂ, ਪ੍ਰਸਤਾਵ ਕਰਦਾ ਹਾਂ-

ਕਿ ਪੰਜਾਬ ਮਿਉਂਸਿਪਲ ਫੰਡ (ਸੋਧਨਾ) ਬਿਲ, 2013 ਪਾਸ ਕੀਤਾ ਜਾਵੇ।

ਮਾਨਯੋਗ ਸਪੀਕਰ : ਪ੍ਰਸਤਾਵ ਕੀਤਾ -

ਕਿ ਪੰਜਾਬ ਮਿਉਂਸਿਪਲ ਫੰਡ (ਸੋਧਨਾ) ਬਿਲ, 2013 ਪਾਸ ਕੀਤਾ ਜਾਵੇ।

ਮਾਨਯੋਗ ਸਪੀਕਰ : ਪ੍ਰਸ਼ਨ ਹੈ-

ਕਿ ਪੰਜਾਬ ਮਿਉਂਸਿਪਲ ਫੰਡ (ਸੋਧਨਾ) ਬਿਲ, 2013 ਪਾਸ ਕੀਤਾ ਜਾਵੇ।

ਪ੍ਰਸਤਾਵ ਪ੍ਰਵਾਨ ਹੋਇਆ।

----

4. THE PUNJAB WATER SUPPLY AND SEWERAGE BOARD (AMENDMENT) BILL, 2013

ਮਾਨਯੋਗ ਸਪੀਕਰ : ਅਗਲਾ ਬਿਲ ਪੰਜਾਬ ਜਲ ਸਪਲਾਈ ਤੇ ਸੀਵਰੇਜ ਬੋਰਡ (ਸੋਧਨਾ) ਬਿਲ, 2013, ਸ੍ਰੀ ਅਨਿਲ ਜੋਸ਼ੀ ਜੀ ਪੇਸ਼ ਕਰਨਗੇ।

ਸਥਾਨਕ ਸਰਕਾਰ, ਡਾਕਟਰੀ ਸਿੱਖਿਆ ਤੇ ਖੋਜ ਮੰਤਰੀ (ਸ੍ਰੀ ਅਨਿਲ ਜੋਸ਼ੀ) : ਸ਼੍ਰੀਮਾਨ ਜੀ, ਮੈਂ ਪੰਜਾਬ ਜਲ ਸਪਲਾਈ ਅਤੇ ਸੀਵਰੇਜ ਬੋਰਡ (ਸੋਧਨਾ) ਬਿਲ, 2013 ਪੇਸ਼ ਕਰਦਾ ਹਾਂ।

ਸ਼੍ਰੀਮਾਨ ਜੀ, ਮੈਂ ਇਹ ਵੀ ਪ੍ਰਸਤਾਵ ਕਰਦਾ ਹਾਂ -

ਕਿ ਪੰਜਾਬ ਜਲ ਸਪਲਾਈ ਅਤੇ ਸੀਵਰੇਜ ਬੋਰਡ (ਸੋਧਨਾ) ਬਿਲ, 2013 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਮਾਨਯੋਗ ਸਪੀਕਰ : ਪ੍ਰਸਤਾਵ ਕੀਤਾ -

ਕਿ ਪੰਜਾਬ ਜਲ ਸਪਲਾਈ ਅਤੇ ਸੀਵਰੇਜ ਬੋਰਡ (ਸੋਧਨਾ) ਬਿਲ, 2013 ਤੇ ਤੁਰੰਤ ਵਿਚਾਰ ਕੀਤਾ ਜਾਵੇ।

[ਮਾਨਯੋਗ ਸਪੀਕਰ]

ਬਹਿਸ, ਹਾਂ ਜੀ ਸੇਖੜੀ ਜੀ?

ਸ਼੍ਰੀ ਅਸ਼ਵਨੀ ਸੇਖੜੀ (ਬਟਾਲਾ) : ਸਪੀਕਰ ਸਾਹਿਬ, ਤੁਹਾਡਾ ਧੰਨਵਾਦ ਕਿ ਤੁਸੀਂ ਮੈਨੂੰ ਵਾਟਰ ਸਪਲਾਈ ਅਤੇ ਸੀਵਰੇਜ ਬੋਰਡ ਅਮੈਂਡਮੈਂਟ ਬਿਲ ਤੇ ਬੋਲਣ ਦਾ ਮੌਕਾ ਦਿੱਤਾ ਹੈ। ਇਸ ਵਿੱਚ ਵਾਟਰ ਸਪਲਾਈ ਅਤੇ ਸੀਵਰੇਜ ਬੋਰਡ ਨੂੰ ਰੀਸਟ੍ਰਕਚਰ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ ਅਤੇ ਬਹੁਤ ਸਾਰੀਆਂ ਨਵੀਆਂ ਅਸਾਮੀਆਂ ਅਤੇ ਪ੍ਰੋਵੀਜ਼ਨਜ਼ ਇਸ ਵਿੱਚ ਲਿਆਂਦੀਆਂ ਗਈਆਂ ਹਨ ਪਰ ਸੀਵਰੇਜ ਬੋਰਡ ਦੀ ਕਾਰਗੁਜ਼ਾਰੀ ਪਿਛਲੇ ਸਾਲਾਂ ਵਿੱਚ ਇਵੈਲੂਏਟ ਕਰਕੇ ਉਦੋਂ ਇੰਪਰੂਵ ਕਰਨ ਦੀ ਕੋਸ਼ਿਸ਼ ਨਹੀਂ ਕੀਤੀ ਗਈ। ਸੀਵਰੇਜ ਬੋਰਡ ਨੇ ਪੰਜਾਬ ਦੇ ਸੈਂਕੜੇ ਕਰੋੜ ਰੁਪਏ 'ਏ' ਕੈਟਾਗਰੀ, 'ਬੀ' ਕੈਟਾਗਰੀ ਅਤੇ 'ਸੀ' ਕੈਟੇਗਰੀ ਸ਼ਹਿਰਾਂ ਵਿੱਚ ਲਗਾਏ ਹਨ ਅਤੇ ਸ਼ਾਇਦ ਉਥੇ ਲਗਾਏ ਵੀ ਹਨ ਕਿ ਨਹੀਂ ਕਿਉਂਕਿ ਜੋ ਸ਼ਹਿਰਾਂ ਦੇ ਹੁਣ ਹਾਲਾਤ ਹਨ, ਉਹ ਸਲੱਮਜ਼ ਬਣਨ ਵੱਲ ਜਾ ਰਹੇ ਹਨ। ਵਾਰ ਵਾਰ ਡੇਂਗੂ ਵਰਗੀ ਬਿਮਾਰੀ ਫੈਲ ਰਹੀ ਹੈ ਕਿਉਂਕਿ ਸਭ ਪਾਸੇ ਗੰਦਗੀ ਪਈ ਹੈ। ਮੁਹੱਲਿਆਂ ਵਿੱਚ ਪਾਣੀ ਖੜ੍ਹਾ ਹੈ ਜਿਸ ਦਾ ਕਾਰਨ ਇਹ ਹੈ ਕਿ ਸੀਵਰੇਜ ਬੋਰਡ ਦੀ ਕਾਰਗੁਜ਼ਾਰੀ ਮਾੜੀ ਰਹੀ ਹੈ ਅਤੇ ਅੱਜ ਆਲਮੋਸਟ ਪੰਜਾਬ ਦੇ ਸਾਰੇ ਹੀ ਸ਼ਹਿਰ ਸਲੱਮਜ਼ ਬਣਨ ਵੱਲ ਜਾ ਰਹੇ ਹਨ। ਪਾਪੂਲੇਸ਼ਨ ਵੱਧ ਰਹੀ ਹੈ। ਪਿੰਡਾਂ ਦੇ ਲੋਕ ਨਾਲ ਦੇ ਸ਼ਹਿਰਾਂ ਵਿੱਚ ਜਾ ਕੇ ਵਸ ਰਹੇ ਹਨ ਅਤੇ ਅਨਪਲਾਨਡ ਤਰੀਕੇ ਨਾਲ ਜਿਹੜੀ ਸ਼ਹਿਰਾਂ ਦੀ ਗ੍ਰੋਥ ਹੋਈ ਹੈ, ਉਸ ਨਾਲ ਸਲੱਮਜ਼ ਵੱਧਦੇ ਜਾ ਰਹੇ ਹਨ। ਇਸ ਅਮੈਂਡਮੈਂਟ ਵਿੱਚ ਕੋਈ ਐਸੀ ਆਸਾਮੀ ਜਾਂ ਕੋਈ ਅਜਿਹੀ ਪ੍ਰੋਵੀਜ਼ਨ ਨਹੀਂ ਲਿਆਂਦੀ ਗਈ ਕਿ ਜਿਹੜੀਆਂ ਪੁਰਾਣੀਆਂ ਗਲਤੀਆਂ ਹੋਈਆਂ ਹਨ, ਉਨ੍ਹਾਂ ਤੋਂ ਕੋਈ ਸਿੱਖਿਆ ਲਈ ਜਾਵੇ। ਮੈਂ ਸਮਝਦਾ ਹਾਂ ਕਿ ਇਹ ਜਿਹੜਾ ਅਮੈਂਡਮੈਂਟ ਬਿਲ ਹੈ ਇਹ ਇਕ ਵੇਸਟ ਪੇਪਰ ਹੈ। ਜਿੰਨੀਆਂ ਮਰਜ਼ੀ ਇਸ ਵਿੱਚ ਅਮੈਂਡਮੈਂਟਾਂ ਕਰ ਲਈਏ ਇਸ ਨਾਲ ਲੋਕਾਂ ਨੂੰ ਕੋਈ ਫਾਇਦਾ ਨਹੀਂ ਹੋਣਾ।

Mr. Speaker : Thank you. Next, Som Parkash ji.

ਸ਼੍ਰੀ ਅਸ਼ਵਨੀ ਸੇਖੜੀ : ਜਿਹੜਾ ਕਾਨੂੰਨ ਲੋਕਾਂ ਦੇ ਬੈਨੀਫਿਟ ਲਈ ਨਹੀਂ ਬਣਦਾ, ਉਸ ਦਾ ਕਾਂਗਰਸ ਪਾਰਟੀ ਵਿਰੋਧ ਕਰਦੀ ਹੈ ਅਤੇ ਅਸੀਂ ਇਸ ਦਾ ਪੁਰਜ਼ੋਰ ਵਿਰੋਧ ਕਰਦੇ ਹਾਂ।

ਮੁੱਖ ਸੰਸਦੀ ਸਕੱਤਰ, ਸਥਾਨਕ ਸਰਕਾਰ (ਸ਼੍ਰੀ ਸੋਮ ਪ੍ਰਕਾਸ਼) : ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਇਸ ਬਿਲ ਤੇ ਬੋਲਣ ਦਾ ਮੌਕਾ ਦਿੱਤਾ ਹੈ। ਇਸ ਸੀਵਰੇਜ ਬੋਰਡ ਦੇ ਬਿਲ ਦੀ ਬੜੇ ਚਿਰ ਤੋਂ ਗੱਲ ਚੱਲ ਰਹੀ ਸੀ ਕਿ ਇਸ ਦੀ ਰੀਸਟ੍ਰਕਚਰਿੰਗ ਕਰਨੀ ਹੈ ਅਤੇ ਕੰਮ ਵਿੱਚ ਸੁਧਾਰ ਕਰਨਾ ਹੈ। ਮੈਂ ਸਮਝਦਾ ਹਾਂ ਕਿ ਮੰਤਰੀ ਜੀ ਜਿਹੜਾ ਬਿਲ ਲੈ ਕੇ ਆਏ ਹਨ, ਇਸ ਦਾ ਮਕਸਦ ਵੀ ਇਹੀ ਹੈ ਕਿ ਸੁਧਾਰ ਕਰਨਾ ਹੈ। ਇਸ ਵਿੱਚ ਸਿਰਫ਼ ਇੱਕ ਗੱਲ ਕੀਤੀ ਗਈ ਹੈ ਕਿ ਐਮ.ਡੀ. ਦੀ ਪੋਸਟ ਖ਼ਤਮ ਕਰਕੇ ਚੀਫ਼ ਐਗਜ਼ਿਕਿਊਟਿਵ ਜਿਹੜਾ ਕਿ ਆਈ.ਏ.ਐਸ. ਜਾਂ ਪੀ.ਸੀ.ਐਸ. ਹੋਵੇਗਾ, ਉਹ ਲੱਗੇਗਾ। ਜੇਕਰ ਇਸ ਨਾਲ ਬੋਰਡ ਦਾ ਸੁਧਾਰ ਹੋ ਜਾਣਾ ਹੈ ਤਾਂ ਮੈਂ ਸਮਝਦਾ ਹਾਂ ਕਿ

ਇਸ ਵਿੱਚ ਜ਼ਰੂਰ ਕੋਈ ਗੱਲ ਰਹਿ ਗਈ ਹੈ ਕਿ ਆਪਾਂ ਕਰਨਾ ਕੀ ਚਾਹੁੰਦੇ ਹਾਂ? ਇਹ ਗੱਲ ਜ਼ਰੂਰ ਦੇਖਣੀ ਚਾਹੀਦੀ ਹੈ। ਇੱਕ ਹੋਰ ਗੱਲ ਮੈਂ ਕਰਨੀ ਚਾਹੁੰਦਾ ਹਾਂ ਕਿ ਅਸੀਂ ਇਲੈਕਟ੍ਰੀਸਿਟੀ ਬੋਰਡ ਭੰਗ ਕਰਕੇ ਉਸ ਦੀ ਜਗ੍ਹਾ ਕਾਰਪੋਰੇਸ਼ਨ ਬਣਾਈ ਹੈ ਅਤੇ ਉਸ ਦਾ ਚੇਅਰਮੈਨ ਵੀ ਪ੍ਰੋਫੈਸ਼ਨਲ ਨੂੰ ਲਗਾਇਆ ਹੈ ਪਰ ਇੱਥੇ ਅਸੀਂ ਪ੍ਰੋਫੈਸ਼ਨਲ ਨੂੰ ਹਟਾ ਕੇ ਹੋਰ ਅਫ਼ਸਰ ਲਗਾ ਰਹੇ ਹਾਂ। ਹੁਣੇ ਚੀਫ਼ ਮਨਿਸਟਰ ਸਾਹਿਬ ਨੇ ਕੋਆਪਰੇਟਿਵ ਸੁਸਾਇਟੀਆਂ ਦਾ ਬਿਲ ਪੇਸ਼ ਕੀਤਾ ਸੀ, ਉਨ੍ਹਾਂ ਨੇ ਕਿਹਾ ਸੀ ਕਿ ਪ੍ਰੋਫੈਸ਼ਨਲ ਬੰਦੇ ਲਗਾਉਣ ਦੀ ਪ੍ਰੋਵੀਜ਼ਨ ਕੀਤੀ ਹੈ। ਇਸ ਵਿੱਚ ਅਸੀਂ ਪ੍ਰੋਫੈਸ਼ਨਲ ਨੂੰ ਹਟਾ ਕੇ ਪਤਾ ਨਹੀਂ ਕੀ ਕਰਨਾ ਚਾਹੁੰਦੇ ਹਨ। ਮੇਰ ਬੇਨਤੀ ਹੈ ਕਿ ਇਸ ਪਿੱਛੇ ਭਾਵਨਾ ਚਾਹੇ ਜਿਹੜੀ ਵੀ ਹੋਵੇ ਪਰੰਤੂ ਇਸ ਨਾਲ ਸ਼ਹਿਰਾਂ ਦਾ ਕੀ ਸੁਧਾਰ ਹੋਵੇਗਾ ਇਹ ਜ਼ਰੂਰ ਦੇਖਣ ਵਾਲੀ ਗੱਲ ਹੈ। ਨਿਰਾ-ਪੁਰਾ ਆਈ.ਏ.ਐਸ. ਜਾਂ ਪੀ.ਸੀ.ਐਸ. ਅਫ਼ਸਰ ਲਗਾ ਕੇ ਕਹਿ ਦੇਈਏ ਕਿ ਇਸ ਦੀ ਰੀਸਟ੍ਰਕਚਰਿੰਗ ਕਰ ਦਿੱਤੀ, ਸੁਧਾਰ ਕਰ ਦਿੱਤਾ, ਐਟਲੀਸਟ ਮੈਨੂੰ ਇਹ ਲਗਦਾ ਹੈ ਕਿ ਮੈਨੂੰ ਇਹ ਗੱਲ ਜ਼ਰੂਰ ਕਰਨੀ ਚਾਹੀਦੀ ਹੈ। ਧੰਨਵਾਦ।

ਸਰਦਾਰ ਜਗਮੋਹਨ ਸਿੰਘ ਕੰਗ (ਖਰੜ) : ਸਪੀਕਰ ਸਾਹਿਬ, ਹੁਣੇ ਜੋ ਵਿਚਾਰ ਸੋਮ ਪ੍ਰਕਾਸ਼ ਜੀ ਨੇ ਦਿੱਤੇ ਹਨ, ਮੈਂ ਇਸ ਨਾਲ ਸਹਿਮਤ ਹਾਂ। ਮੰਤਰੀ ਜੀ ਕੋਲ ਨਵਾਂ ਨਵਾਂ ਇਹ ਮਹਿਕਮਾ ਆਇਆ ਹੈ। ਮੈਂ ਇਨ੍ਹਾਂ ਦੀ ਜਾਣਕਾਰੀ ਲਈ ਇਹ ਦੱਸਣਾ ਚਾਹੁੰਦਾ ਹਾਂ ਕਿ ਜਿਹੜਾ ਸੀਵਰੇਜ ਬੋਰਡ ਸਾਰੇ ਪੰਜਾਬ ਵਿੱਚ ਸੀਵਰੇਜ ਪਾ ਰਿਹਾ ਹੈ, ਖਾਸ ਕਰਕੇ ਕੁਰਾਲੀ ਅਤੇ ਖਰੜ ਦੇ ਏਰੀਏ ਵਿੱਚ, ਇਸ ਦਾ ਕੋਈ ਮਿਆਰ ਨਹੀਂ ਹੈ, ਕੋਈ ਲੈਵਲ ਦਾ ਧਿਆਨ ਨਹੀਂ ਰੱਖਿਆ ਜਾ ਰਿਹਾ ਹੈ। ਕੋਈ ਵਰਕਮੈਨਸ਼ਿਪ ਨਹੀਂ ਹੈ, ਕੋਈ ਚੰਗਾ ਮੈਟੀਰੀਅਲ ਨਹੀਂ ਹੈ। 'ਮਰ ਮਰ ਬੁੜ੍ਹੀ ਗੀਤੜੇ ਗਾਵੇ ਤੇ ਲੋਕਾਂ ਭਾਣੇ ਵਿਆਹ।' ਕਹਿਣ ਤੋਂ ਭਾਵ ਹੈ ਕਿ ਲੋਨ ਲੈ ਕੇ ਸਰਕਾਰ ਸੀਵਰੇਜ ਪਾ ਰਹੀ ਹੈ ਅਤੇ ਉਸ ਦੀ ਕੁਵਾਲਟੀ ਕੁਝ ਨਹੀਂ ਹੈ। ਸਪੀਕਰ ਸਾਹਿਬ, ਮਿਹਰਬਾਨੀ ਕਰਕੇ ਦੇਖੋ, ਇਹ ਸਾਰਾ ਪੈਸਾ ਖੂਹ ਵਿੱਚ ਸੁੱਟਿਆ ਜਾ ਰਿਹਾ ਹੈ। ਮੈਂ ਇਸ ਬਾਰੇ ਮੁੱਖ ਮੰਤਰੀ ਜੀ ਨੂੰ, ਡਿਪਟੀ ਕਮਿਸ਼ਨਰ ਨੂੰ ਚਿੱਠੀ ਵੀ ਲਿਖੀ ਕਿ ਮੈਂ ਐਮ.ਐਲ.ਏ. ਦੇ ਅਹੁਦੇ ਤੋਂ ਅਸਤੀਫਾ ਦੇ ਦਿਆਂਗਾ ਜੇਕਰ ਖਰੜ ਅਤੇ ਕੁਰਾਲੀ ਦਾ ਸੀਵਰੇਜ ਚੱਲ ਗਿਆ। ਸਪੀਕਰ ਸਾਹਿਬ, ਮੈਂ ਆਪ ਜੀ ਰਾਹੀਂ ਮੁੱਖ ਮੰਤਰੀ, ਉਪ ਮੁੱਖ ਮੰਤਰੀ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਸੋਮ ਪ੍ਰਕਾਸ਼ ਜੀ ਨੇ ਠੀਕ ਕਿਹਾ ਹੈ ਕਿ ਇਨ੍ਹਾਂ ਸੀਵਰੇਜ ਦੇ ਪ੍ਰੋਜੈਕਟਾਂ ਤੇ ਪ੍ਰੋਫੈਸ਼ਨਲ ਬੰਦੇ ਲਗਾਓ। ਅਸੀਂ ਪਬਲਿਕ ਮਨੀ ਲਗਾ ਰਹੇ ਹਾਂ ਉਹ ਵਿਅਰਥ ਹੋ ਰਹੀ ਹੈ, ਯਾਨੀ ਕਿ ਖੂਹ ਵਿੱਚ ਜਾ ਰਹੀ ਹੈ। ਇਸ ਨੂੰ ਕਿਰਪਾ ਕਰਕੇ ਗੰਭੀਰਤਾ ਨਾਲ ਲਿਆ ਜਾਵੇ।

Mr. Speaker : Thank you.

ਸਰਦਾਰ ਜਗਮੋਹਨ ਸਿੰਘ ਕੰਗ : ਇਸ ਦੇ ਨਾਲ ਹੀ ਇਹ ਦੱਸਣ ਕਿ ਪੈਸਾ ਕਿਥੋਂ ਆ ਰਿਹਾ ਹੈ। ਜਿਹੜਾ ਸੀਵਰੇਜ ਪਾਇਆ ਜਾ ਰਿਹਾ ਹੈ ਇਸ ਵਾਸਤੇ ਲੋਨ ਕਿਥੋਂ ਲਿਆ ਜਾ ਰਿਹਾ ਹੈ?

ਸ਼੍ਰੀ ਸੁਨੀਲ ਜਾਖੜ (ਅਬੋਹਰ) : ਜੋ ਸੋਮ ਪ੍ਰਕਾਸ਼ ਜੀ ਨੇ ਕਿਹਾ ਹੈ, ਮੈਂ ਉਸ ਦੀ ਤਾਈਦ ਕਰਦਾ ਹਾਂ, underline thing is that ਇਹ ਉਸ ਕਾਡਰ ਵਿੱਚੋਂ ਆਪ ਹਨ।

[ਸ਼੍ਰੀ ਸੁਨੀਲ ਜਾਖੜ]

ਉਹ ਕਹਿ ਰਹੇ ਹਨ ਕਿ ਉਥੇ ਪ੍ਰੋਫੈਸ਼ਨਲ ਵਿਅਕਤੀ ਨੂੰ ਲਗਾ ਕੇ ਰੱਖੋ, ਮੇਰੇ ਖਿਆਲ ਵਿੱਚ ਇਹ ਇੱਕ ਬੜੀ ਅਹਿਮ ਗੱਲ ਹੈ। ਮੈਂ ਸਮਝਦਾ ਹਾਂ ਕਿ ਆਨਰੇਬਲ ਮੰਤਰੀ ਸਾਹਿਬ ਇਸ ਤੇ ਗੌਰ ਕਰਨਗੇ। ਕਿਉਂਕਿ ਸੀਵਰ ਦੀ ਸਮੱਸਿਆ ਪੂਰੇ ਪੰਜਾਬ ਦੇ ਸਾਰੇ ਸ਼ਹਿਰਾਂ ਵਿੱਚ ਹੀ ਹੈ। So, something needs to be done on a very serious basis. ਨਾਮ ਦੀ ਰਿਸਟ੍ਰਕਚਰਿੰਗ ਦੀ ਬਜਾਏ ਉਸ ਦਾ ਸਹੀ ਤਰੀਕੇ ਨਾਲ ਪ੍ਰਬੰਧ ਕੀਤਾ ਜਾਵੇ ਤਾਂ ਇਸ ਵਿੱਚ ਸਾਰੇ ਪੰਜਾਬ ਦਾ ਹੀ ਭਲਾ ਹੈ।

ਉੱਪ ਮੁੱਖ ਮੰਤਰੀ (ਸਰਦਾਰ ਸੁਖਬੀਰ ਸਿੰਘ ਬਾਦਲ) : ਸਪੀਕਰ ਸਾਹਿਬ, ਕਿਉਂਕਿ ਸ਼ਾਇਦ ਇਕੱਲੇ ਬਿਲ ਦੇ ਕਾਗਜ਼ ਆਏ ਹਨ, ਮੈਂ ਇਸ ਦੀ ਕਲੈਰੀਫਿਕੇਸ਼ਨ ਕਰ ਦਿੰਦਾ ਹਾਂ। ਮੈਂ ਸਮਝਦਾ ਹਾਂ ਕਿ ਇਨ੍ਹਾਂ ਨੂੰ ਗਲਤਫਹਿਮੀ ਹੋਈ ਹੈ। ਕਿਉਂਕਿ ਜਿਹੜਾ ਡਾਕੂਮੈਂਟ ਆਇਆ ਹੈ, ਉਸ ਬਾਰੇ ਡਿਟੇਲਡ ਐਕਸਪਲੇਨ ਮੈਂ ਕਰਨਾ ਚਾਹੁੰਦਾ ਹਾਂ ਕਿ ਕੀ ਹੋਇਆ ਹੈ। ਸਪੀਕਰ ਸਾਹਿਬ, ਤਕਰੀਬਨ ਅਗਲੇ ਤਿੰਨ-ਚਾਰ ਸਾਲਾਂ ਵਿੱਚ 4000-5000 ਕਰੋੜ ਰੁਪਿਆ, ਅਸੀਂ ਜਿਵੇਂ ਜ਼ਿਕਰ ਕੀਤਾ ਹੈ, ਸੀਵਰੇਜ ਤੇ ਵਾਟਰ ਸਪਲਾਈ ਤੇ ਲਾਉਣ ਲੱਗੇ ਹਾਂ। ਡਿਪਾਰਟਮੈਂਟ ਕੋਲ ਇੰਨੀ ਕੈਪੇਸਿਟੀ ਹੈ ਨਹੀਂ। ਫਿਰ ਐਗਜ਼ਾਂਪਲ ਲਈ ਇਕੱਲਾ ਅਬੋਹਰ ਏਰੀਆ ਦੇਖ ਲਈਏ। ਹੁਣ ਕੀ ਹੁੰਦਾ ਹੈ ਕਿ ਇਕੱਲਾ ਐਕਸੀਅਨ ਉਥੇ ਹੈ। ਅਸੀਂ ਹੁਣ ਕੀ ਕਰ ਰਹੇ ਹਾਂ ਕਿ ਤਿੰਨ ਡਵੀਜ਼ਨਜ਼ ਬਣਾ ਰਹੇ ਹਾਂ। ਉਥੇ ਹਰ ਡਵੀਜ਼ਨ ਵਿੱਚ ਜਾਂ ਤਿੰਨ/ਚਾਰ ਡਵੀਜ਼ਨਾਂ ਵਿੱਚ ਇੱਕ ਚੀਫ਼ ਇੰਜੀਨੀਅਰ ਉਥੇ ਹੀ ਬੈਠੇਗਾ। ਇਸ ਦੇ ਨਾਲ ਉਸ ਦੀਆਂ ਜਿੰਨੀਆਂ ਸਪੈਸ਼ਲ ਰਿਕੁਆਇਰਮੈਂਟਸ ਉਥੇ ਹਨ, ਫਾਰ ਐਗਜ਼ਾਂਪਲ ਜਿਵੇਂ ਜ਼ਿਕਰ ਕਰ ਰਹੇ ਸੀ ਕਿ ਮਸ਼ੀਨਾਂ ਹੈ ਨਹੀਂ, ਬੰਦੇ ਹੈ ਨਹੀਂ, ਜੇ.ਈ. ਹੈ ਨਹੀਂ, ਪਹਿਲਾਂ ਸੀਵਰੇਜ ਸਿਸਟਮ ਹੀ ਹੈ ਨਹੀਂ ਸੀ, ਸੋ ਇਸ ਕਰਕੇ ਡਿਪਾਰਟਮੈਂਟ ਵੀ ਕੋਈ ਜ਼ਿਆਦਾ ਵੱਡਾ ਨਹੀਂ ਸੀ। ਹੁਣ ਜਿਹੜਾ ਕੰਮ ਕੀਤਾ ਹੈ, ਅਸੀਂ ਬੜਾ ਸੋਚ-ਸਮਝ ਕੇ ਕੀਤਾ ਹੈ ਕਿ ਜਿਹੜਾ ਇਹ ਚਾਰ ਹਜ਼ਾਰ ਕਰੋੜ ਰੁਪਿਆ ਲੱਗਣਾ ਹੈ.....

ਸ਼੍ਰੀ ਸੁਨੀਲ ਜਾਖੜ : ਇਹ 8,745 ਕਰੋੜ ਰੁਪਿਆ ਹੈ।

ਉੱਪ ਮੁੱਖ ਮੰਤਰੀ : ਜਿੰਨਾ ਵੀ ਹੈ, ਚਾਹੇ 8,745 ਕਰੋੜ ਰੁਪਿਆ ਹੈ। ਜਿਵੇਂ ਤੁਸੀਂ ਕਹਿ ਰਹੇ ਸੀ ਕਿ ਲੈਵਲ ਨਹੀਂ ਹੋ ਰਹੇ, ਅਸੀਂ ਡਿਪਾਰਟਮੈਂਟ ਦੇ ਕੰਮ ਵਿੱਚ ਐਫੀਸ਼ੀਐਂਸ਼ੀ ਲਿਆਉਣ ਵਾਸਤੇ ਡਵੀਜਨ ਦੇ ਚੀਫ਼ ਇੰਜੀਨੀਅਰ, ਉਥੇ ਉਸ ਦੇ ਥੱਲੇ ਪੂਰੀ ਆਰਗੇਨਾਈਜੇਸ਼ਨ ਬਣਾਉਣੀ ਹੈ ਤਾਂ ਕਿ ਸਾਰੀਆਂ ਚੀਜ਼ਾਂ ਲਈ ਸਭ ਦੀ ਰਿਸਪਾਂਸੀਬਿਲਟੀ ਹੋ ਜਾਵੇ, ਹੁਣ ਇਕੱਲਾ ਚੀਫ਼ ਇੰਜੀਨੀਅਰ ਹੈ, ਜੋ ਕਿ ਚੰਡੀਗੜ੍ਹ ਵਿੱਚ ਬੈਠਾ ਹੈ, ਉਸ ਨੂੰ ਪਤਾ ਹੀ ਨਹੀਂ ਲਗਦਾ ਕਿ ਡਵੀਜ਼ਨ ਵਿੱਚ ਕੀ ਹੋ ਰਿਹਾ ਹੈ? ਅਸੀਂ ਕਰ ਕੀ ਰਹੇ ਹਾਂ ਕਿ ਜਿਹੜੀਆਂ ਕਾਰਪੋਰੇਸ਼ਨਾਂ ਹਨ, ਲੁਧਿਆਣਾ ਮਿਉਂਸਿਪਲ ਕਾਰਪੋਰੇਸ਼ਨ ਹੈ, ਬਠਿੰਡਾ ਹੈ ਜਾਂ ਜਲੰਧਰ ਹੈ, ਉਨ੍ਹਾਂ ਨੂੰ ਅਸੀਂ ਇੰਡੀਪੈਂਡੈਂਟ ਕਰ ਰਹੇ ਹਾਂ। ਉਨ੍ਹਾਂ ਦੇ ਆਪਣੇ ਚੀਫ਼ ਇੰਜੀਨੀਅਰਜ ਹੋਣਗੇ ਅਤੇ they will be managing it. ਇਸ ਡਿਪਾਰਟਮੈਂਟ ਕੋਲ ਪੂਰੀ

ਸਟੇਟ ਨੂੰ ਮੈਨੇਜ ਕਰਨ ਦੀ ਕੈਪੇਸਿਟੀ ਨਹੀਂ ਸੀ। ਸੋ, ਜਿਹੜੀ ਪਾਲਿਸੀ ਲਿਆਂਦੀ ਹੈ, ਇਸ ਨੂੰ ਬੜਾ ਸਾਇੰਟੇਫਿਕਲੀ ਦੇਖਿਆ ਗਿਆ ਹੈ ਕਿਉਂਕਿ ਸਿਸਟਮ ਵਿੱਚ ਐਫੀਸ਼ੀਐਂਸ਼ੀ ਲਿਆਉਣ ਵਾਸਤੇ ਅਜਿਹਾ ਕਰ ਰਹੇ ਹਾਂ ਅਤੇ ਕਮੀਆਂ ਦੂਰ ਕਰਨੀਆਂ ਹਨ। ਜਿਹੜੇ ਤੁਹਾਡੇ ਮਨ ਵਿੱਚ ਖਦਸ਼ੇ ਹਨ ਕਿ ਸੀਵਰੇਜ ਸਿਸਟਮ ਠੀਕ ਨਹੀਂ ਹੈ, ਗੰਦਾ ਹੋ ਰਿਹਾ ਹੈ, ਰਿਸਪਾਂਸੀਬਿਲਟੀ ਵਧਾਉਣ ਵਾਸਤੇ ਅਜਿਹਾ ਕਰ ਰਹੇ ਹਾਂ। ਜਿਹੜਾ ਲੋਡ ਸੀ, ਉਸ ਨੂੰ ਘਟਾ ਰਹੇ ਹਾਂ ਕਿਉਂਕਿ ਹੁਣ ਵੀ ਕਾਰਪੋਰੇਸ਼ਨਾਂ ਜਿਵੇਂ ਕਿ ਬਠਿੰਡਾ ਹੈ, ਲੁਧਿਆਣਾ ਹੈ, ਇਨ੍ਹਾਂ ਦਾ ਕੰਮ ਸੀਵਰੇਜ ਬੋਰਡ ਦੇਖ ਰਿਹਾ ਹੈ। We are making them independent. Let them have their own Chief Engineer, their own set up. ਇਹ ਸੈੱਟ ਅੱਪ ਕਰ ਰਹੇ ਹਾਂ, ਇਸ ਨਾਲ ਉਨ੍ਹਾਂ ਦਾ ਰਿਸਪਾਂਸ ਠੀਕ ਹੋ ਜਾਵੇਗਾ, ਇਨ੍ਹਾਂ ਦੀ ਰੀਸਟ੍ਰਕਚਰਿੰਗ ਕਰਕੇ ਜ਼ਿਆਦਾ ਰਿਕਰੂਟਮੈਂਟ ਇਸ ਵਾਸਤੇ ਕਰ ਰਹੇ ਹਾਂ ਤਾਂ ਕਿ ਗਰਾਸ ਰੂਟ ਲੈਵਲ ਤੱਕ ਸੁਪਰਵੀਜ਼ਨ ਹੋ ਸਕੇ। ਜਿਹੜੀਆਂ ਕਿਤੇ ਕਿਤੇ ਕਮੀਆਂ ਹਨ, ਜਿਵੇਂ ਕੰਗ ਸਾਹਿਬ ਨੇ ਕਿਹਾ ਹੈ ਕਿ ਲੈਵਲ ਨਹੀਂ ਹੋ ਰਹੇ, so that people are there to supervise them.

ਸ਼੍ਰੀ ਸੁਨੀਲ ਜਾਖੜ : ਡਿਪਟੀ ਸੀ. ਐਮ. ਸਾਹਿਬ ਨੇ ਕਿਹਾ ਹੈ ਕਿ ਚਾਰ ਹਜ਼ਾਰ ਕਰੋੜ ਰੁਪਿਆ ਖਰਚ ਹੋਵੇਗਾ, ਤੁਹਾਡਾ ਆਪਣਾ ਬਿਆਨ ਸੀ ਕਿ 8,745 ਕਰੋੜ ਰੁਪਏ ਖਰਚਾਂਗੇ। I hope you are not going back on your commitment. The amount was Rs. 8,745 corores.

ਉੱਪ ਮੁੱਖ ਮੰਤਰੀ : ਜਾਖੜ ਸਾਹਿਬ, ਟੈਨਸ਼ਨ ਨਾ ਰੱਖੋ।

ਸ਼੍ਰੀ ਸੁਨੀਲ ਜਾਖੜ : ਸ਼੍ਰੀ ਸੋਮ ਪ੍ਰਕਾਸ਼ ਜੀ ਇਨ੍ਹਾਂ ਦੇ ਮੁੱਖ ਸੰਸਦੀ ਸਕੱਤਰ ਹਨ। His apprehension should be taken into account.

ਮਾਨਯੋਗ ਸਪੀਕਰ : ਠੀਕ ਹੈ ਜੀ।

ਸਥਾਨਕ ਸਰਕਾਰ, ਡਾਕਟਰੀ ਸਿੱਖਿਆ ਤੇ ਖੋਜ ਮੰਤਰੀ (ਸ਼੍ਰੀ ਅਨਿਲ ਜੋਸ਼ੀ) : ਮਾਨਯੋਗ ਸਪੀਕਰ ਸਾਹਿਬ, ਡਿਪਟੀ ਸੀ.ਐਮ. ਸਾਹਿਬ ਨੇ ਜਿਸ ਤਰ੍ਹਾਂ ਐਕਸਪਲੇਨ ਕੀਤਾ ਹੈ, ਅਸੀਂ ਇਸ ਦੇ ਵਿੱਚ ਚਾਰ ਡਵੀਜ਼ਨਾਂ ਬਣਾ ਰਹੇ ਹਾਂ, ਇਹ ਇਸੇ ਕਰਕੇ ਕਿ ਆਮ ਤੌਰ ਤੇ ਸੀਵਰੇਜ ਬੋਰਡ ਬਾਰੇ ਜਿਹੜਾ ਕੰਮ ਦੀ ਘਟੀਆ ਕੁਆਲਿਟੀ ਦਾ ਖਦਸ਼ਾ ਜ਼ਾਹਿਰ ਕੀਤਾ ਜਾਂਦਾ ਹੈ ਜਾਂ ਕੰਮ ਲੇਟ ਹੁੰਦਾ ਹੈ, ਇਸ ਦੀ ਐਫੀਸ਼ੀਐਂਸ਼ੀ ਵਧਾਉਣ ਵਾਸਤੇ ਅਸੀਂ ਡਵੀਜ਼ਨਾਂ ਬਣਾ ਕੇ ਉਥੇ ਚੀਫ਼ ਇੰਜੀਨੀਅਰ ਲਗਾ ਕੇ, ਜਿਹੜੇ ਐਮ.ਡੀ. ਪਹਿਲੇ ਹਨ, ਉਨ੍ਹਾਂ ਨੂੰ ਇੰਜੀਨੀਅਰ ਇਨ-ਚੀਫ਼-ਕਮ-ਤਕਨੀਕੀ ਸਲਾਹਕਾਰ ਬਣਾ ਕੇ, ਉਨ੍ਹਾਂ ਨੂੰ ਹਟਾਇਆ ਨਹੀਂ ਗਿਆ, ਉਥੇ ਆਈ.ਏ.ਐਸ. ਜਾਂ ਪੀ.ਸੀ.ਐਸ. ਅਫ਼ਸਰ ਲਗਾ ਕੇ ਡਿਪਾਰਟਮੈਂਟ ਦੀ ਐਫੀਸ਼ੀਐਂਸੀ ਵਧਾਉਣ ਦੀ ਕੋਸ਼ਿਸ਼ ਕੀਤੀ ਗਈ ਹੈ ਤਾਂ ਕਿ ਜਿਹੜੀਆਂ ਇਨ੍ਹਾਂ ਦੀਆਂ ਸ਼ਿਕਾਇਤਾਂ ਹਨ, ਉਹ ਦੂਰ ਹੋ ਸਕਣ। ......(ਵਿਘਨ).....

ਸਰਦਾਰ ਬਲਬੀਰ ਸਿੰਘ ਸਿੱਧੂ : ਸਪੀਕਰ ਸਾਹਿਬ ....

ਮਾਨਯੋਗ ਸਪੀਕਰ : ਮੰਤਰੀ ਜੀ ਦੇ ਬੋਲਣ ਤੋਂ ਬਾਅਦ ਬੋਲਣਾ ਠੀਕ ਨਹੀਂ ਹੈ।

ਸਰਦਾਰ ਬਲਬੀਰ ਸਿੰਘ ਸਿੱਧੂ : ਸਪੀਕਰ ਸਾਹਿਬ, ਮੇਰੇ ਨਾਲ ਪਾਰਸ਼ੈਲਟੀ ਹੋ ਰਹੀ ਹੈ।

ਮਾਨਯੋਗ ਸਪੀਕਰ : ਐਸੀ ਕੋਈ ਗੱਲ ਨਹੀਂ ਹੈ ਜੀ। Please, sit down. ਪ੍ਰਸ਼ਨ ਹੈ -

ਕਿ ਪੰਜਾਬ ਜਲ ਸਪਲਾਈ ਅਤੇ ਸੀਵਰੇਜ ਬੋਰਡ (ਸੋਧਨਾ) ਬਿਲ, 2013 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਪ੍ਰਸਤਾਵ ਪ੍ਰਵਾਨ ਹੋਇਆ।

ਮਾਨਯੋਗ ਸਪੀਕਰ : ਹੁਣ ਸਦਨ ਬਿਲ ਤੇ ਕਲਾਜ਼-ਵਾਰ ਵਿਚਾਰ ਕਰੇਗਾ।

ਕਲਾਜ਼ 1 ਦੀ ਸਬ-ਕਲਾਜ਼ (2)

ਮਾਨਯੋਗ ਸਪੀਕਰ : ਪ੍ਰਸ਼ਨ ਹੈ -

ਕਿ ਕਲਾਜ਼ 1 ਦੀ ਸਬ-ਕਲਾਜ਼ (2) ਬਿਲ ਦਾ ਹਿੱਸਾ ਹੈ।

ਪ੍ਰਸਤਾਵ ਪ੍ਰਵਾਨ ਹੋਇਆ।

ਕਲਾਜ਼ਾਂ 2 ਤੋਂ 14

ਮਾਨਯੋਗ ਸਪੀਕਰ : ਕਿਉਂਕਿ ਕਲਾਜ਼ਾਂ 2 ਤੋਂ 14 ਤੱਕ ਕੋਈ ਸੋਧਨਾ ਨਹੀਂ ਹੈ, ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਇਹ ਕਲਾਜ਼ਾਂ ਇਕੱਠੀਆਂ ਹੀ ਸਦਨ ਦੀ ਵੋਟਿੰਗ ਲਈ ਰੱਖ ਲਈਆਂ ਜਾਣ।

(ਅਵਾਜ਼ਾਂ: ਹਾਂ ਜੀ, ਹਾਂ ਜੀ)

ਮਾਨਯੋਗ ਸਪੀਕਰ : ਪ੍ਰਸ਼ਨ ਹੈ -

ਕਿ ਕਲਾਜ਼ਾਂ 2 ਤੋਂ 14 ਬਿਲ ਦਾ ਹਿੱਸਾ ਹਨ।

ਪ੍ਰਸਤਾਵ ਪ੍ਰਵਾਨ ਹੋਇਆ।

ਕਲਾਜ਼ 1 ਦੀ ਸਬ ਕਲਾਜ਼ (1)

ਮਾਨਯੋਗ ਸਪੀਕਰ : ਪ੍ਰਸ਼ਨ ਹੈ -

ਕਿ ਕਲਾਜ਼ 1 ਦੀ ਸਬ ਕਲਾਜ਼ (1) ਬਿਲ ਦਾ ਹਿੱਸਾ ਹੈ।

ਪ੍ਰਸਤਾਵ ਪ੍ਰਵਾਨ ਹੋਇਆ।

ਸਿਰਲੇਖ

ਮਾਨਯੋਗ ਸਪੀਕਰ : ਪ੍ਰਸ਼ਨ ਹੈ -

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ।

ਪ੍ਰਸਤਾਵ ਪ੍ਰਵਾਨ ਹੋਇਆ।

ਮਾਨਯੋਗ ਸਪੀਕਰ : ਹੁਣ ਮੰਤਰੀ ਸਾਹਿਬ ਪ੍ਰਸਤਾਵ ਕਰਨਗੇ ਕਿ ਬਿਲ ਪਾਸ ਕੀਤਾ ਜਾਵੇ।

ਸਥਾਨਕ ਸਰਕਾਰ, ਡਾਕਟਰੀ ਸਿੱਖਿਆ ਤੇ ਖੋਜ ਮੰਤਰੀ (ਸ਼੍ਰੀ ਅਨਿਲ ਜੋਸ਼ੀ) : ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ-

ਕਿ ਪੰਜਾਬ ਜਲ ਸਪਲਾਈ ਅਤੇ ਸੀਵਰੇਜ ਬੋਰਡ (ਸੋਧਨਾ) ਬਿਲ, 2013 ਪਾਸ ਕੀਤਾ ਜਾਵੇ।

ਮਾਨਯੋਗ ਸਪੀਕਰ : ਪ੍ਰਸਤਾਵ ਕੀਤਾ -

ਕਿ ਪੰਜਾਬ ਜਲ ਸਪਲਾਈ ਅਤੇ ਸੀਵਰੇਜ ਬੋਰਡ (ਸੋਧਨਾ) ਬਿਲ, 2013 ਪਾਸ ਕੀਤਾ ਜਾਵੇ।

ਮਾਨਯੋਗ ਸਪੀਕਰ : ਕੀ ਕੋਈ ਐਕਸਪਲੇਨੇਸ਼ਨ ਲੈਣੀ ਹੈ ਤੁਸੀਂ ? ਹਾਂ ਜੀ, ਦੱਸੋ।

ਸਰਦਾਰ ਬਲਬੀਰ ਸਿੰਘ ਸਿੱਧੂ (ਐਸ.ਏ.ਐਸ.ਨਗਰ) : ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਤੁਸੀਂ ਅਫਸਰ ਨਵੇਂ ਲਾ ਦੇਵੋਗੇ ਪਰ ਜਿਹੜੀ ਮਸ਼ੀਨਰੀ ਹੈ, ਉਹ ਬਹੁਤ ਪੁਰਾਣੀ ਹੋ ਗਈ ਹੈ। ਜਿਹੜੇ ਟਿਊਬਵੈੱਲ ਲਗਾਏ ਹਨ, ਉਹ ਸਾਰੇ ਤਕਰੀਬਨ ਫੇਲ੍ਹ ਹੋਏ ਹਨ ਔਰ ਜਿਵੇਂ ਕੰਗ ਸਾਹਿਬ ਨੇ ਕਿਹਾ ਹੈ ਕਿ ਕੁਰਾਲੀ ਦੇ ਸੀਵਰੇਜ ਦਾ ਪਾਣੀ ਖੇਤਾਂ ਵਿਚ ਵੜ ਰਿਹਾ ਹੈ, ਸੈਂਕੜੇ ਏਕੜ ਜ਼ਮੀਨ ਖਰਾਬ ਹੋ ਗਈ ਹੈ। ਤੁਸੀਂ ਕੋਈ ਮਸ਼ੀਨਰੀ ਵੀ ਨਵੀਂ ਲੈ ਕੇ ਆਓ, ਇਕੱਲੇ ਅਫਸਰਾਂ ਨਾਲ ਗੱਲ ਨਹੀਂ ਬਣਨੀ।

ਮਾਨਯੋਗ ਸਪੀਕਰ : ਪ੍ਰਸ਼ਨ ਹੈ -

ਕਿ ਪੰਜਾਬ ਜਲ ਸਪਲਾਈ ਅਤੇ ਸੀਵਰੇਜ ਬੋਰਡ (ਸੋਧਨਾ) ਬਿਲ, 2013 ਪਾਸ ਕੀਤਾ ਜਾਵੇ।

ਪ੍ਰਸਤਾਵ ਪ੍ਰਵਾਨ ਹੋਇਆ।

----

5. THE PUNJAB MUNICIPAL CORPORATION (SECOND AMENDMENT) BILL, 2013 *(Replacing ordinance)*

ਮਾਨਯੋਗ ਸਪੀਕਰ : ਸਥਾਨਕ ਸਰਕਾਰ ਮੰਤਰੀ ਜੀ।

ਸਥਾਨਕ ਸਰਕਾਰ, ਡਾਕਟਰੀ ਸਿੱਖਿਆ ਤੇ ਖੋਜ ਮੰਤਰੀ (ਸ਼੍ਰੀ ਅਨਿਲ ਜੋਸ਼ੀ) : ਸ਼੍ਰੀਮਾਨ ਜੀ, ਮੈਂ ਪੰਜਾਬ ਮਿਉਂਸਿਪਲ ਕਾਰਪੋਰੇਸ਼ਨ (ਦੂਜੀ ਸੋਧਨਾ) ਬਿੱਲ, 2013 ਪੇਸ਼ ਕਰਦਾ ਹਾਂ।

ਸ਼੍ਰੀਮਾਨ ਜੀ, ਮੈਂ ਇਹ ਵੀ ਪ੍ਰਸਤਾਵ ਕਰਦਾ ਹਾਂ -

ਕਿ ਪੰਜਾਬ ਮਿਉਂਸਿਪਲ ਕਾਰਪੋਰੇਸ਼ਨ (ਦੂਜੀ ਸੋਧਨਾ) ਬਿਲ, 2013 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਮਾਨਯੋਗ ਸਪੀਕਰ : ਪ੍ਰਸਤਾਵ ਕੀਤਾ -

ਕਿ ਪੰਜਾਬ ਮਿਉਂਸਿਪਲ ਕਾਰਪੋਰੇਸ਼ਨ (ਦੂਜੀ ਸੋਧਨਾ) ਬਿਲ, 2013 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਬਹਿਸ। ਹਾਂ ਜੀ, ਸੇਖੜੀ ਸਾਹਿਬ।

ਸ਼੍ਰੀ ਅਸ਼ਵਨੀ ਸੇਖੜੀ (ਬਟਾਲਾ) : ਸਪੀਕਰ ਸਾਹਿਬ, ਧੰਨਵਾਦ ਜੀ, ਜਿਹੜੀ ਗੱਲ ਪਹਿਲਾਂ ਡਿਸਕਸ ਹੋ ਰਹੀ ਸੀ, ਉਸ ਤੇ ਤੁਸੀਂ ਮੈਨੂੰ ਬੋਲਣ ਦਾ ਸਮਾਂ ਦਿੱਤਾ ਹੈ। ਮੈਂ ਇਹ ਦੱਸਣਾ ਚਾਹੁੰਦਾ ਹਾਂ ਕਿ ਪਿਛਲੀ ਅਮੈਂਡਮੈਂਟ ਵਿਚ ਮੰਤਰੀ ਜੀ ਹਾਊਸ ਨੂੰ ਥੋਹੜਾ ਜਿਹਾ ** ** ਕਰਨ ਦੀ ਕੋਸ਼ਿਸ਼ ਕਰ ਰਹੇ ਸਨ ਕਿ ਆਕਟਰਾਇ ਇਨ੍ਹਾਂ ਨੇ ਪੂਰੀ ਮੁਆਫ ਕਰ ਦਿੱਤੀ ਪਰ ਜਦ ਕਿ ਬਿਜਲੀ ਦੀ ਜਿੰਨੀ ਸ਼ਹਿਰਾਂ ਵਿਚ ਸਪਲਾਈ ਹੁੰਦੀ ਹੈ, ਅੱਜ ਵੀ ਪ੍ਰਤੀ ਯੂਨਿਟ 10 ਪੈਸੇ ਆਕਟਰਾਇ ਸ਼ਹਿਰ ਵਾਲੇ ਲੋਕ ਇਨ੍ਹਾਂ ਨੂੰ ਦੇ ਰਹੇ ਹਨ ਅਤੇ ਜੇਕਰ ਇਨ੍ਹਾਂ ਨੇ ਕਹਿ ਦਿੱਤਾ ਤਾਂ ਇਹ ਮੁਆਫ ਹੋ ਜਾਣੀ ਚਾਹੀਦੀ ਹੈ ਕਿਉਂਕਿ ਮਨਿਸਟਰ ਵਲੋਂ ਜਦੋਂ ਹਾਊਸ ਵਿਚ ਐਸ਼ੋਰੈਂਸ ਦਿੱਤੀ ਜਾਂਦੀ ਹੈ ਜਾਂ ਗੱਲ ਕੀਤੀ ਜਾਂਦੀ ਹੈ ਤਾਂ ਉਹ ਉਦੋਂ ਤੋਂ ਹੀ ਲਾਗੂ ਹੁੰਦੀ ਹੈ। ਸਪੀਕਰ ਸਾਹਿਬ, ਲਗਦਾ ਹੈ ਕਿ ਸ਼ਹਿਰਾਂ ਦੀ ਬਿਹਤਰੀ ਲਈ ਮੰਤਰੀ ਜੀ ਬੜੇ ਚਿੰਤਤ ਹਨ।

ਮਾਨਯੋਗ ਸਪੀਕਰ : ਜਿਹੜਾ ** ** ਲਫਜ਼ ਵਰਤਿਆ ਹੈ, ਉਹ ਐਕਸਪੰਜ ਕਰ ਦਿੱਤਾ ਜਾਵੇ।

ਸ਼੍ਰੀ ਅਸ਼ਵਨੀ ਸੇਖੜੀ : ਸਰ, ਸੱਚਾਈ ਹੈ।

Mr. Speaker : No.

ਸ਼੍ਰੀ ਅਸ਼ਵਨੀ ਸੇਖੜੀ : ਸਰ, ਸੱਚਾਈ ਨੂੰ ਕੌਣ ਬਦਲ ਸਕਦਾ ਹੈ।

ਮਾਨਯੋਗ ਸਪੀਕਰ : ਨਹੀਂ ਜੀ, ਚੰਗਾ ਨਹੀਂ ਲਗਦਾ। This is not an appropriate word.

Shri Ashwani Sekhri : Sir, minister was ** ** the house ਜਦ ਕਿ 10 ਪੈਸੇ ਪ੍ਰਤੀ ਯੂਨਿਟ ਆਕਟਰਾਇ ਅੱਜ ਵੀ ਸਾਰੇ ਸ਼ਹਿਰਾਂ ਕੋਲੋਂ ਲਈ ਜਾ ਰਹੀ ਹੈ। ਸਪੀਕਰ ਸਾਹਿਬ, ਜਿਹੜੀ ਸ਼ਹਿਰ ਦੇ ਬਾਰੇ ਮੰਤਰੀ ਸਾਹਿਬ ਚਿੰਤਾ ਕਰਦੇ ਹਨ, ਇਨ੍ਹਾਂ ਨੂੰ

**Expunged as ordered by the Chair.

ਨਵੀਂ ਮਨਿਸਟਰੀ ਮਿਲੀ ਹੈ ....(ਹਾਸਾ).... ਇਨ੍ਹਾਂ ਨੇ ਤਿੰਨ ਚਾਰ ਅਮੈਂਡਮੈਂਟਾਂ ਇਕੱਠੀਆਂ ਹੀ ਲੈ ਆਂਦੀਆਂ ਹਨ ਔਰ ਸੀਵਰ ਬੋਰਡ ਦੀਆਂ ਵੀ ਗੱਲਾਂ ਕਰਦੇ ਹਨ। ਮੈਂ ਇਨ੍ਹਾਂ ਨੂੰ ਇਹ ਯਾਦ ਕਰਵਾਉਣਾ ਚਾਹੁੰਦਾ ਹਾਂ ਕਿ ਪਿਛਲੇ ਸਾਲ ਜਦੋਂ ਬਟਾਲਾ ਵਿਚ ਸੀਵਰ ਦਾ ਪਾਣੀ ਪੀਣ ਵਾਲੇ ਪਾਣੀ ਵਿਚ ਮਿਲ ਗਿਆ ਸੀ ਤਾਂ ਮਾਨਯੋਗ ਮੁੱਖ ਮੰਤਰੀ ਸਾਹਿਬ ਉਥੇ ਗਏ ਸਨ ਅਤੇ ਸਾਰੇ ਸ਼ਹਿਰ ਦੇ ਲੋਕਾਂ ਨੂੰ ਮੁੱਖ ਮੰਤਰੀ ਸਾਹਿਬ ਪਬਲੀਕਲੀ ਐਸ਼ੋਅਰ ਕਰਕੇ ਆਏ ਸਨ। ਇਹ ਜਿਹੜੀਆਂ ਗਰੀਬ ਲੋਕਾਂ ਦੀਆਂ 48 ਜਾਨਾਂ ਗਈਆਂ, ਤੜਫ ਤੜਫ ਕੇ ਲੋਕ ਮਰੇ ਹਨ। ਮੰਤਰੀ ਜੀ ਨੇ ਕਿਹਾ ਸੀ ਕਿ ਮੈਂ ਉਨ੍ਹਾਂ ਲੋਕਾਂ ਵਿਰੁੱਧ ਕਾਨੂੰਨੀ ਕਾਰਵਾਈ ਕਰਾਵਾਂਗਾ, ਜਿਨ੍ਹਾਂ ਦੀ ਨਲਾਇਕੀ ਕਾਰਨ ਇਹ ਲੋਕ ਮਰ ਗਏ ਹਨ ਔਰ ਨਾਲ ਹੀ ਪੂਰਾ ਜਿਹੜਾ ਗਾਂਧੀ ਨਗਰ ਇਲਾਕਾ ਹੈ, ਉਥੇ ਟੋਟਲ ਸੀਵਰੇਜ ਦੀਆਂ ਨਵੀਆਂ ਲਾਈਨਾਂ ਪਾਈਆਂ ਜਾਣ। ਕੁਐਸਚਨ ਇਹ ਹੈ ਕਿ ਮੰਤਰੀ ਜੀ ਦੇ ਕਹਿਣ ਦੇ ਬਾਵਜੂਦ ਪੂਰਾ ਮਹਿਕਮਾ ਪੂਰੇ ਸਾਲ ਵਿੱਚ ਕੁਝ ਨਹੀਂ ਕਰ ਸਕਿਆ ਫਿਰ ਇਹ ਅਮੈਂਡਮੈਂਟਸ ਕਰਵਾਉਣ ਦਾ ਕੀ ਫਾਇਦਾ ਹੈ। ਜਿੰਨੀਆਂ ਮਰਜ਼ੀ ਅਮੈਂਡਮੈਂਟਾਂ ਕਰਵਾ ਲਵੋ, ਜਦੋਂ ਤੱਕ ਲੋਕਾਂ ਦੇ ਹਿੱਤਾਂ ਦੇ ਲਈ ਸਰਕਾਰ ਦਾ ਮਹਿਕਮਾ ਸੰਜੀਦਾ ਨਹੀਂ ਹੁੰਦਾ, ਜਦੋਂ ਤੱਕ ਲੋਕਾਂ ਦੀ ਬਿਹਤਰੀ ਲਈ ਸਰਕਾਰ ਦੇ ਅਫ਼ਸਰ ਸੰਜੀਦਾ ਨਹੀਂ ਹੁੰਦੇ, ਕੁਝ ਨਹੀਂ ਹੋਣਾ। ਅੱਜ ਸਾਡੇ ਮਾਨਯੋਗ ਡਿਪਟੀ ਸੀ.ਐਮ. ਸਾਹਿਬ ਕਹਿ ਰਹੇ ਸੀ ਕਿ ਅਸੀਂ ਨਵੇਂ ਅਫਸਰ ਲਗਾ ਰਹੇ ਹਾਂ, ਆਈ.ਏ.ਐਸ ਅਫਸਰ ਜਿਹੜੇ ਹਨ, ਉਨ੍ਹਾਂ ਨੂੰ ਐਮ.ਡੀ ਬਣਾ ਰਹੇ ਹਾਂ, ਰੀਸਟਰਕਚਰਿੰਗ ਕਰ ਰਹੇ ਹਾਂ। ਐਕਚੁਅਲੀ ਤਾਂ ਅਫਸਰਾਂ ਨੂੰ ਪਹਿਲਾਂ ਇਸ ਗੱਲ ਲਈ ਤਿਆਰ ਕਰੋ ਕਿ ਲੋਕਾਂ ਦੇ ਦਰਦ ਲਈ ਆਪਾਂ ਸੰਜੀਦਾ ਹੋਣਾ ਹੈ। ਸਾਲ ਬਾਅਦ ਫਿਰ ਮੈਂ ਆਪਣੇ ਸ਼ਹਿਰ ਦੀ ਐਗਜ਼ਾਂਪਲ ਦਿਆਂਗਾ। ਉਸੇ ਬਸਤੀ ਦੇ ਵਿਚੋਂ ਦੋ ਲੋਕ ਡੇਂਗੂ ਦੇ ਨਾਲ ਮਰ ਗਏ ਔਰ ਇੱਕ ਬੰਦਾ ਸ਼ਹਿਰ ਦਾ ਮਰ ਗਿਆ ਕਿਉਂਕਿ ਫਿਰ ਉਥੇ ਗੰਦਗੀ ਦੇ ਢੇਰ ਲੱਗੇ ਹੋਏ ਹਨ। ਦੇਖੋ ਇਹ ਤਾਂ ਗੱਲ ਸਿੰਪਲ ਹੈ ਕਿ ਜਿਹੜੇ ਇਲਾਕੇ ਦੇ ਵਿਚ ਸਫਾਈ ਨਹੀਂ ਹੋਵੇ ਗੀ, ਜਿਸ ਇਲਾਕੇ ਦੇ ਵਿੱਚ ਸਿਵਲ ਅਮੈਨਿਟੀਜ਼ ਬਿਹਤਰ ਨਹੀਂ ਹੋਣਗੀਆ, ਉਸ ਦੇ ਵਿੱਚ .....(ਵਿਘਨ)....

ਸਰਦਾਰ ਤੋਤਾ ਸਿੰਘ (ਬੈਠੇ ਬੈਠੇ) : ਡੇਂਗੂ ਸਾਫ ਪਾਣੀ ਦੇ ਉੱਤੇ ਹੁੰਦਾ ਹੈ।

ਮਾਨਯੋਗ ਸਪੀਕਰ : ਮੈਂ ਕਿਹਾ ਜੀ, don't disturb. No, no. ਜੀ ਨਹੀਂ, ਜਥੇਦਾਰ ਜੀ, ਨਹੀਂ।

ਸ਼੍ਰੀ ਅਸ਼ਵਨੀ ਸੇਖੜੀ : ਮੈਂ ਕਿਹਾ ਜੀ ਤੁਹਾਨੂੰ ਪਤਾ ਹੋਣਾ......(ਵਿਘਨ).....

ਮਾਨਯੋਗ ਸਪੀਕਰ : ਮੈਂ ਕਿਹਾ ਜੀ, don't disturb. ਤੁਸੀਂ ਆਪਣਾ ਟਾਈਮ ਲੈ ਕੇ ਬੋਲ ਲੈਣਾ ਡਿਸਟਰਬ ਨਾ ਕਰੋ ਵਿਚ। No, no. ਜੀ ਨਹੀਂ, ਜਥੇਦਾਰ ਜੀ, ਨਹੀਂ। ਜਥੇਦਾਰ ਜੀ, ਮੈਂ ਟਾਈਮ ਦੇ ਦਿਆਂਗਾ ਪਰ ਵਿੱਚ ਨਾ ਬੋਲੋ। .....(ਵਿਘਨ).....

ਉਪ ਮੁੱਖ ਮੰਤਰੀ (ਸਰਦਾਰ ਸੁਖਬੀਰ ਸਿੰਘ ਬਾਦਲ) : ਸਪੀਕਰ ਸਾਹਿਬ, ਜਥੇਦਾਰ ਤੋਤਾ ਸਿੰਘ ਜੀ ਨੂੰ ਪਤਾ ਹੈ ਕਿਉਂਕਿ ਡੇਂਗ ਮੱਛਰੂ ਉਨ੍ਹਾਂ ਨੂੰ ਲੜ ਕੇ ਹਟਿਆ ਹੈ। (ਹਾਸਾ)

ਮਾਨਯੋਗ ਸਪੀਕਰ : ਮੈਂ ਟਾਈਮ ਦੇ ਦਿਆਂਗਾ। ਜੇ ਜਥੇਦਾਰ ਸਾਹਿਬ ਚਾਹੁੰਣਗੇ ਤਾਂ ਟਾਈਮ ਦੇ ਦਿਆਂਗੇ, ਇਸ ਤਰ੍ਹਾਂ ਵਿੱਚ ਡਿਸਟਰਬ ਨਾ ਕਰਨ। ਹਾਂ ਜੀ, ਸੇਖੜੀ ਸਾਹਿਬ, ਕਨਕਲੂਡ ਕਰੋ।

ਸ਼੍ਰੀ ਅਸ਼ਵਨੀ ਸੇਖੜੀ : ਸਪੀਕਰ ਸਾਹਿਬ, ਇਹ ਜਿਹੜਾ ਡੇਂਗੂ ਹੈ, ਇਹ ਹੁੰਦਾ ਤਾਂ ਮੱਛਰ ਨਾਲ ਹੀ ਹੈ.....

Mr. Speaker : Please conclude.

ਸ਼੍ਰੀ ਅਸ਼ਵਨੀ ਸੇਖੜੀ : ਇਹ ਜਿਹੜੀਆਂ ਬਿਮਾਰੀਆਂ ਫੈਲ ਰਹੀਆਂ ਹਨ, ਜਿਹੜਾ ਸ਼ਹਿਰ ਦੇ ਵਿੱਚ ਸੜਕਾਂ ਤੇ ਪਾਣੀ ਤੁਰਿਆ ਫਿਰਦਾ ਹੈ, ਖੱਡੇ ਪਏ ਹਨ, ਸੀਵਰ ਬੋਰਡ ਨੂੰ ਸਟਰੈਂਥਨ ਕਰਨ ਦੀ ਗੱਲ ਅਮੈਂਡਮੈਂਟ ਦੇ ਵਿੱਚ ਲੈ ਕੇ ਆ ਰਹੇ ਹਨ ਲੇਕਿਨ ਜਿਹੜੇ ਪੁਰਾਣੇ ਸਾਡੇ ਉਥੋਂ ਕੰਮ ਹੋਏ ਹਨ, ਉਨ੍ਹਾਂ ਤੋਂ ਜ਼ਰੂਰ ਇਹ ਸਿਕਸ਼ਾ ਲੈਣੀ ਚਾਹੀਦੀ ਹੈ ਕਿ ਅੱਗੇ ਤੋਂ ਇਸ ਤਰ੍ਹਾਂ ਦੇ ਕੰਮ ਨਾ ਹੋਣ ਅਤੇ ਜਿਹੜਾ ਸਰਕਾਰ ਲਗਭਗ 8000 ਕਰੋੜ ਲਗਾਉਣਾ ਚਾਹੁੰਦੀ ਹੈ, ਕਿਤੇ ਫਿਰ ਉਹ ਖੱਡੇ ਵਿੱਚ ਨਾ ਪੈ ਜਾਣ। ਸੋ, ਇਸ ਲਈ ਇਹ ਜਿਹੜੀਆਂ ਅਮੈਂਡਮੈਂਟਸ ਲਿਆ ਰਹੇ ਹਨ, ਉਨ੍ਹਾਂ ਵਿੱਚ ਇਹ ਪ੍ਰੋਵੀਜ਼ਨ ਜ਼ਰੂਰ ਰੱਖੋ ਕਿ ਅੱਜ ਸੀਵਰ ਬੋਰਡ ਨੇ ਸੀਵਰੇਜ ਬਣਾਇਆ ਹੈ, ਕੱਲ੍ਹ ਨੂੰ ਮਿਉਂਸਿਪਲ ਕਮੇਟੀ ਨੂੰ ਦੇ ਦਿੱਤਾ ਗਿਆ ਹੈ। ਕਦੇ ਅਸੀਂ ਪੁੱਛਿਆ ਤਾਂ ਕਹਿੰਦੇ ਸੀਵਰ ਬੋਰਡ ਦਾ ਕਸੂਰ ਹੈ, ਸੀਵਰ ਬੋਰਡ ਨੂੰ ਜੇਕਰ ਪੁੱਛਦੇ ਹਾਂ ਕਿ ਸੀਵਰ ਨਹੀਂ ਚਲਦਾ ਤਾਂ ਕਹਿੰਦੇ ਹਨ ਮਿਉਂਸਿਪਲ ਕਮੇਟੀ ਨੇ ਸਾਫ ਕਰਨਾ ਸੀ। ਸੋ, ਇਹ ਜਿਹੜਾ ਸਿਸਟਮ ਹੈ, ਇਸ ਨੂੰ ਇੰਪਰੂਵ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਖੈਰ, ਇਹ ਨਾ ਹੋਵੇ ਕਿ ਅਮੈਂਡਮੈਂਟਾਂ ਨੂੰ ਲੈ ਕੇ ਅਸੀਂ ਪੇਜਿਜ਼ ਨੂੰ ਹੋਰ ਵਧਾ ਦੇਈਏ ਔਰ ਜਿਹੜਾ ਲੋਕਾਂ ਦਾ ਕੰਮ ਹੈ, ਉਹ ਨਾ ਹੋਏ।

Mr. Speaker : Thank you. ਹਾਂ ਜੀ, ਚੰਨੀ ਜੀ। ਜੇ ਕੋਈ ਖਾਸ ਗੱਲ ਹੈ ਤਾਂ ਕਹਿ ਲਵੋ।

ਸਰਦਾਰ ਚਰਨਜੀਤ ਸਿੰਘ ਚੰਨੀ (ਚਮਕੌਰ ਸਾਹਿਬ, ਐਸ.ਸੀ.) : ਸਪੀਕਰ ਸਾਹਿਬ, ਮੇਰਾ ਜਿਹੜਾ ਪਹਿਲਾ ਪੁਆਇੰਟ ਆਫ ਆਰਡਰ ਸੀ, ਉਹ ਤੁਸੀਂ ਰਿਜੈਕਟ ਕਰ ਦਿੱਤਾ। ਮੈਂ ਉਹ ਗੱਲ ਹੁਣ ਬਹਿਸ ਦੇ ਵਿੱਚ ਕਰਨੀ ਚਾਹੁੰਦਾ ਹਾਂ ਕਿ ਜਿਹੜੀਆਂ ਮਿਊਂਸਪਲ ਕਮੇਟੀ ਅਤੇ ਮਿਊਂਸਿਪਲ ਕਾਰਪੋਰੇਸ਼ਨਾਂ ਹਨ, ਇਹ ਸਾਰੀਆਂ ਸੈਲਫ ਗਵਰਨਿੰਗ ਬੌਡੀਜ਼ ਹਨ। ਹਿੰਦੁਸਤਾਨ ਵਿੱਚ ਥਰੀ ਟਾਇਰ ਸਿਸਟਮ ਚੱਲ ਰਿਹਾ ਹੈ - ਕੇਂਦਰ ਸਰਕਾਰ ਹੈ, ਪੰਜਾਬ ਸਰਕਾਰ ਹੈ ਅਤੇ ਉਸ ਤੋਂ ਥੱਲੇ ਲੋਕਲ ਬੌਡੀਜ਼ ਹਨ। ਲੋਕਲ ਬੋਡੀਜ਼ ਨੂੰ ਕੰਸਟੀਚਿਊਸ਼ਨ ਨੇ ਆਪਣੇ ਰਾਈਟਸ ਦਿੱਤੇ ਹਨ। 74ਵੀਂ amendment ਇਹ ਕਹਿੰਦੀ ਹੈ ਕਿ ਜਿਹੜੀ ਅਟੋਨੋਮਸ ਬੋਡੀ ਹੈ ਤੇ ਲੋਕਲ ਬੋਡੀ ਹੈ, ਉਹ ਆਪਣੇ ਅਧਿਕਾਰ.....

ਉਦਯੋਗ ਤੇ ਵਣਜ, ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ ਅਤੇ ਸੰਸਦੀ ਮਾਮਲੇ ਮੰਤਰੀ (ਸ਼੍ਰੀ ਮਦਨ ਮੋਹਨ ਮਿੱਤਲ) : ਸਪੀਕਰ ਸਾਹਿਬ,

ਪੁਆਇੰਟ ਆਫ ਆਰਡਰ।

ਮਾਨਯੋਗ ਸਪੀਕਰ : ਚੰਨੀ ਜੀ, ਮਿੱਤਲ ਸਾਹਿਬ ਦਾ ਪੁਆਇੰਟ ਆਫ ਆਰਡਰ ਹੈ। ਉਨ੍ਹਾਂ ਨੇ ਸਿਰਫ਼ ਇੱਕ ਮਿੰਟ ਬੋਲਣਾ ਹੈ।

ਸਰਦਾਰ ਚਰਨਜੀਤ ਸਿੰਘ ਚੰਨੀ : ਕੋਈ ਗੱਲ ਨਹੀਂ ਤੁਸੀਂ ਮੇਰੀ ਗੱਲ ਦਾ ਜਵਾਬ ਦੇ ਦਿਓ, ਤੁਸੀਂ ਮੰਤਰੀ ਹੋ ।

ਮਾਨਯੋਗ ਸਪੀਕਰ : ਹਾਂ ਜੀ, ਮਿੱਤਲ ਸਾਹਿਬ।

ਉਦਯੋਗ ਤੇ ਵਣਜ, ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ ਅਤੇ ਸੰਸਦੀ ਮਾਮਲੇ ਮੰਤਰੀ : ਸਰ, ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਜਿਹੜਾ ਸਵਾਲ ਪਹਿਲਾਂ ਇਨ੍ਹਾਂ ਨੇ ਰੇਜ਼ ਕੀਤਾ ਹੈ, ਇਹ ਫਿਰ ਉਹੀ ਸਵਾਲ ਰੇਜ਼ ਕਰ ਰਹੇ ਹਨ। ਇਹ ਪੁਆਇੰਟ ਆਲਰੈਡੀ ਹਾਈ ਕੋਰਟ ਔਰ ਸੁਪਰੀਮ ਕੋਰਟ ਵਿੱਚ ਥਰੈਸ਼ ਹੋ ਚੁੱਕਿਆ ਹੈ। ਉਹ ਤਾਂ ਇਹੀ ਪੁਆਇੰਟ ਲੈ ਕੇ ਗਏ ਸੀ ਕਿ ਸਟੇਟ ਟੈਕਸ ਨਹੀਂ ਲਗਾ ਸਕਦੀ ਹੈ, ਮਿਉਂਸਿਪਲ ਕਮੇਟੀ ਲਗਾ ਸਕਦੀ ਹੈ ਔਰ ਇਹ ਸਟੇਟ ਲਿਸਟ ਦਾ ਸਬਜੈਕਟ ਨਹੀਂ ਹੈ ਔਰ ਉਸ ਵਿੱਚ ਉਨ੍ਹਾਂ ਨੇ ਹੋਲਡ ਕਰ ਦਿੱਤਾ ਕਿ ਸਟੇਟ ਟੈਕਸ ਲਗਾ ਸਕਦੀ ਹੈ...

ਮਾਨਯੋਗ ਸਪੀਕਰ : ਸਟੇਟ ਟੈਕਸ ਲਗਾ ਸਕਦੀ ਹੈ।

ਉਦਯੋਗ ਤੇ ਵਣਜ, ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ ਅਤੇ ਸੰਸਦੀ ਮਾਮਲੇ ਮੰਤਰੀ : ਸਟੇਟ ਟੈਕਸ ਲਗਾ ਸਕਦੀ ਹੈ। ਇਸ ਕਰਕੇ ਅਸੀਂ ਲੀਗਲ ਕੁਐਸਚਨ ਜੋ ਹੋਲਡ ਹੋ ਚੁੱਕੇ ਹਨ, ਉਨ੍ਹਾਂ ਨੂੰ ਆਪਾਂ ਕਿਉਂ ਰੇਜ਼ ਕਰਦੇ ਹਾਂ।

Mr. Speaker : This is a challenge to the authority of the House, ਇਹ ਹੋ ਨਹੀਂ ਸਕਦਾ ਹੈ।

ਸਰਦਾਰ ਚਰਨਜੀਤ ਸਿੰਘ ਚੰਨੀ : ਸਪੀਕਰ ਸਾਹਿਬ, ਮੈਂ ਇਹ ਚਾਹੁੰਦਾ ਹਾਂ ਕਿ ਜਿਹੜੀ ਇਹ ਸੁਪਰੀਮ ਕੋਰਟ ਦੀ ਰੂਲਿੰਗ ਦੀ ਗੱਲ ਕਰਦੇ ਹਨ, ਉਸ ਦੇ ਵਿੱਚ ਇਹ ਹੋਇਆ ਹੈ ਕਿ ਕਿਸੇ ਲੱਗੇ ਹੋਏ ਟੈਕਸ ਨੂੰ ਘੱਟ ਕਰਨਾ, ਜ਼ਿਆਦਾ ਕਰਨਾ ਜਾਂ ਉਸ ਦਾ ਜਿਹੜਾ ਸਿਸਟਮ ਹੈ, ਉਹ ਤੈਅ ਕਰਨਾ, ਉਹ ਕਰ ਸਕਦੇ ਹਨ।

ਮਾਨਯੋਗ ਸਪੀਕਰ : ਮਿਸਟਰ ਚੰਨੀ, ਹਾਊਸ ਇੰਡੀਪੈਂਡੈਂਟ ਹੈ, ਇਹ ਆਪਣੇ ਆਪ ਜੋ ਮਰਜ਼ੀ ਚਾਹੇ, ਟੈਕਸ ਲਗਾ ਸਕਦਾ ਹੈ। ਇਸ ਵਿੱਚ ਕੋਈ ਬਾਰ ਨਹੀਂ ਹੈ। ਅਗਰ ਪਾਰਲੀਮੈਂਟ ਤੇ ਬਾਰ ਲੱਗ ਜਾਏਗੀ ਕਿ ਟੈਕਸ ਨਹੀਂ ਲਗਾ ਸਕਦੀ ਤਾਂ ਦੇਸ਼ ਦਾ ਕੀ ਬਣੇਗਾ।

ਸਰਦਾਰ ਚਰਨਜੀਤ ਸਿੰਘ ਚੰਨੀ : ਨਹੀਂ, ਇਹ ਗੱਲ ਨਹੀਂ ਹੈ ਜੀ।

ਮਾਨਯੋਗ ਸਪੀਕਰ : ਇਸ ਕਰਕੇ ਤੁਹਾਡੀ ਇਹ ਗੱਲ ਇਰਰੈਲੇਵੈਂਟ ਹੈ। ਇਹ ਹਾਊਸ ਟੈਕਸ ਲਗਾ ਸਕਦਾ ਹੈ।

ਸਰਦਾਰ ਚਰਨਜੀਤ ਸਿੰਘ ਚੰਨੀ : ਮਿਊਂਸਿਪਲ ਕਮੇਟੀ ਦਾ 1961 ਦਾ ਐਕਟ ਇਹ ਕਹਿ ਰਿਹਾ ਹੈ ਕਿ ਜੇ ਕੋਈ ਮਿਊਂਸਿਪਲ ਕਮੇਟੀ ਵਿੱਚ.......

ਮਾਨਯੋਗ ਸਪੀਕਰ : ਚੰਗਾ ਜੀ, please sit down now. ਹਾਂ ਜੀ, ਬੁਲਾਰੀਆ ਜੀ।

ਮੁੱਖ ਸੰਸਦੀ ਸਕੱਤਰ, ਸਿੱਖਿਆ (ਸਰਦਾਰ ਇੰਦਰਬੀਰ ਸਿੰਘ ਬੁਲਾਰੀਆ) : ਸਪੀਕਰ ਸਾਹਿਬ ** **

ਮਾਨਯੋਗ ਸਪੀਕਰ : ਨਹੀਂ ਨਹੀਂ। No Point of Order.

ਮੁੱਖ ਸੰਸਦੀ ਸਕੱਤਰ, ਸਿੱਖਿਆ : ਇਹ ਪੰਜਾਬ ਦੀ ਭਲਾਈ ਲਈ ਅਮੈਂਡਮੈਂਟ ਹੋ ਰਹੀ ਹੈ। ਇਸ ਨੂੰ ਹੋਰ ਬਿਹਤਰ ਬਣਾਇਆ ਜਾ ਸਕੇ ਹੋਰ ਵਧੀਆ ਕੀਤਾ ਜਾ ਸਕੇ.....

ਮਾਨਯੋਗ ਸਪੀਕਰ : ਸੋਮ ਪ੍ਰਕਾਸ਼ ਜੀ। ਬੁਲਾਰੀਆ ਜੀ, sit down. ....(ਵਿਘਨ....ਸ਼ੋਰ)... ਨਹੀਂ ਜੀ। No, No, this is irrelevant.

ਮੁੱਖ ਸੰਸਦੀ ਸਕੱਤਰ, ਸਥਾਨਕ ਸਰਕਾਰ (ਸ਼੍ਰੀ ਸੋਮ ਪ੍ਰਕਾਸ਼) : ਸਪੀਕਰ ਸਾਹਿਬ, ਇਸ ਬਿਲ ਤੇ ਪਹਿਲਾਂ ਵੀ ਕਾਫੀ ਡਿਸਕਸ਼ਨ ਹੋ ਚੁੱਕੀ ਹੈ। ਦੇਖੋ, ਕਈ ਬਿਲ ਜਿਹੜੇ ਹਨ.....

ਮਾਨਯੋਗ ਸਪੀਕਰ : ਪਹਿਲਾਂ ਤੋਂ ਮਤਲਬ ਕੋਈ ਸੁਝਾਅ ਤਾਂ ਨਹੀਂ?

ਮੁੱਖ ਸੰਸਦੀ ਸਕੱਤਰ, ਸਥਾਨਕ ਸਰਕਾਰ : ਨਹੀਂ ਸਰ, ਮੈਂ ਬਿਲ ਤੇ ਬੋਲਣ ਲੱਗਾ ਹਾਂ ਜੀ। ਮੇਰੀ ਬੇਨਤੀ ਹੈ ਕਿ ਅਸੀਂ ਐਮ.ਐਲ.ਏ. ਬਣ ਕੇ ਆਏ ਹਾਂ, ਅਸੀਂ ਬਿੱਲਾਂ ਤੇ ਬੋਲਣ ਲਈ ਆਏ ਹਾਂ, ਬਦਲੀਆਂ ਕਰਾਉਣ ਲਈ ਤਾਂ ਆਏ ਨਹੀਂ। ਥੋੜ੍ਹਾ ਸਮਾਂ ਤਾਂ ਦਿਆ ਕਰੋ।

ਮਾਨਯੋਗ ਸਪੀਕਰ : ਮੈਂ ਕਦੇ ਨਾਂਹ ਕੀਤੀ ਹੈ? ਮੈਂ ਤਾਂ ਕਿਹਾ ਕਿ ਕਿਤੇ ਰੈਪੀਟੀਸ਼ਨ ਤਾਂ ਨਹੀਂ ਕਰ ਰਹੇ। ....(ਵਿਘਨ).....

ਉਪ ਮੁੱਖ ਮੰਤਰੀ (ਸਰਦਾਰ ਸੁਖਬੀਰ ਸਿੰਘ ਬਾਦਲ) : ਸਪੀਕਰ ਸਾਹਿਬ, ਇਹ ਆਈ.ਏ.ਐਸ. ਅਫ਼ਸਰ ਹਨ, ਅਸੀਂ ਸਾਰੇ ਆਈ.ਏ.ਐਸ. ਅਫ਼ਸਰ ਤੇ ਵਿਸ਼ਵਾਸ ਰੱਖਦੇ ਹਾਂ। (ਹਾਸਾ)

ਮਾਨਯੋਗ ਸਪੀਕਰ : ਹਾਂ ਜੀ, ਸੋਮ ਪ੍ਰਕਾਸ਼ ਜੀ।

ਮੁੱਖ ਸੰਸਦੀ ਸਕੱਤਰ, ਸਥਾਨਕ ਸਰਕਾਰ : ਕਈ ਬਿਲ ਐਸੇ ਹਨ, ਜਿੱਥੇ ਆਪੋਜੀਸ਼ਨ ਨੂੰ ਯੂਨੈਨੀਮਸਲੀ ....

**Not recorded as ordered by the Chair.

Mr. Speaker : Is this your amendment? Are you giving the amendment?

ਮੁੱਖ ਸੰਸਦੀ ਸਕੱਤਰ, ਸਥਾਨਕ ਸਰਕਾਰ : ਨਹੀਂ, ਸਰ। ਇਸ ਤੇ ਇੱਕ ਰਾਏ ਹੋਣੀ ਚਾਹੀਦੀ ਹੈ। ਚਾਹੇ ਕੋਈ ਵੀ ਸਟੇਟ ਹੋਵੇ, ਪ੍ਰਾਪਰਟੀ ਟੈਕਸ ਹਰ ਇੱਕ ਸਟੇਟ ਨੇ ਲਾਇਆ ਹੈ ਕਿਉਂਕਿ ਇਹ ਮੈਂਡੇਟਰੀ ਕੰਡੀਸ਼ਨ ਹੈ। ਜਾਖੜ ਸਾਹਿਬ, ਤੁਹਾਨੂੰ ਵੀ ਪਤਾ ਹੈ। ਜਿੱਥੇ ਕਾਂਗਰਸ ਦੀ ਸਰਕਾਰ ਹੈ, ਉਥੇ ਪ੍ਰਾਪਰਟੀ ਟੈਕਸ ਦਾ ਆਪੋਜੀਸ਼ਨ ਪਾਰਟੀਆਂ ਵਿਰੋਧ ਕਰਦੀਆਂ ਹਨ। ਜਿੱਥੇ ਨਾਨ-ਕਾਂਗਰਸ ਦੀਆਂ ਸਰਕਾਰਾਂ ਹਨ, ਉਥੇ ਕਾਂਗਰਸ ਵਾਲੇ ਕਹੀ ਜਾਂਦੇ ਹਨ ਕਿ ਬੜਾ ਧੱਕਾ ਹੋਇਆ ਹੈ। ਇਹ ਸੈਂਟਰ ਗੌਰਮਿੰਟ ਦੀ ਕੰਡੀਸ਼ਨ ਹੈ, ਮੈਂਡੇਟਰੀ ਕੰਡੀਸ਼ਨ ਹੈ, ਇਸ ਕਰਕੇ ਟੈਕਸ ਲੱਗੇ ਹਨ ਔਰ ਇਸ ਵਾਰੀ ਦੇਖੋ ਸਾਡਾ 1359 ਕਰੋੜ ਰੁਪਿਆ....

ਮਾਨਯੋਗ ਸਪੀਕਰ : ਇਹ ਤਾਂ ਮਸਲਾ ਹੋਰ ਹੈ। .....(ਵਿਘਨ).....

ਮੁੱਖ ਸੰਸਦੀ ਸਕੱਤਰ, ਸਥਾਨਕ ਸਰਕਾਰ : ਇੱਕ ਮਿੰਟ, ਸੁਣ ਤਾਂ ਲਉ ਜੀ। ......(ਵਿਘਨ)......

ਮਾਨਯੋਗ ਸਪੀਕਰ : ਉਹ ਪਾਰਟੀਸਿਪੇਟ ਕਰ ਰਹੇ ਹਨ। ....(ਵਿਘਨ).... ਹਾਂ ਜੀ, ਦੱਸੋ ਜੀ। ਤੁਸੀਂ ਉਨ੍ਹਾਂ ਦੀ ਗੱਲ ਨਾ ਸੁਣੋ, ਆਪਣੀ ਗੱਲ ਕਰੋ।

ਮੁੱਖ ਸੰਸਦੀ ਸਕੱਤਰ, ਸਥਾਨਕ ਸਰਕਾਰ : ਪਿਛਲੀ ਵਾਰ 2915 ਕਰੋੜ ਰੁਪਏ ਸਾਡੇ ਜਨੂਰਮ ਵਿੱਚ ਪੈਸੇ ਆ ਸਕਦੇ ਸਨ ਪਰੰਤੂ ਅਸੀਂ 1556 ਕਰੋੜ ਰੁਪਏ ਦੀਆਂ ਸਕੀਮਾਂ ਸੈਂਕਸ਼ਨ ਕਰਵਾ ਸਕੇ, ਇਹ ਸਿਰਫ 57% ਬਣਦਾ ਹੈ, ਕਿਉਂਕਿ ਅਸੀਂ ਮੈਂਡੇਟਰੀ ਟੈਕਸ ਨਹੀਂ ਲਗਾਏ। ਤਕਰੀਬਨ 1359 ਕਰੋੜ ਰੁਪਿਆ ਪਿਛਲੀ ਵਾਰੀ ਚਲਾ ਗਿਆ। ਮੰਤਰੀ ਜੀ ਨੇ ਇਹ ਜਿਹੜਾ ਬਿਲ ਲਿਆਂਦਾ ਹੈ, ਇਹ ਦੋ ਤਿੰਨ ਵਾਰੀ ਬਣਿਆ ਹੈ। ਮੰਤਰੀ ਜੀ ਚੇਂਜ ਹੋਏ, ਹੁਣ ਇਹ ਮੰਤਰੀ ਜੀ ਨਵੇਂ ਆਏ ਹਨ। ਮੈਂ ਮੰਤਰੀ ਜੀ ਨੂੰ ਸੁਝਾਅ ਦੇਣਾ ਚਾਹੁੰਦਾ ਹਾਂ, ਮੰਤਰੀ ਜੀ ਤੁਹਾਡੇ ਲਈ ਸੁਝਾਅ ਹੈ। ਬਹੁਤ ਸਾਰੀਆਂ ਪ੍ਰਾਪਰਟੀਆਂ ਤੇ ਜਿਹੜੇ ਟੈਕਸ ਦੀ ਗੱਲ ਕਰਦੇ ਹਾਂ, ਜਿਹੜੀਆਂ ਗੈਰ-ਰਿਹਾਇਸ਼ੀ ਪ੍ਰਾਪਰਟੀਆਂ ਹਨ ਔਰ ਗੈਰ-ਰਿਹਾਇਸ਼ੀ ਜਿਹੜੀਆਂ ਰੈਂਟ ਤੇ ਪ੍ਰਾਪਰਟੀਆਂ ਹਨ, ਮੈਂ ਸਮਝਦਾ ਹਾਂ ਇਨ੍ਹਾਂ ਦਾ ਟੈਕਸ ਘੱਟ ਵੱਧ ਨਹੀਂ ਹੋਣਾ ਚਾਹੀਦਾ। ਜਿਹੜੀਆਂ ਪ੍ਰਾਪਰਟੀਆਂ ਤੇ ਅਸੀਂ ਆਪ ਕਾਬਜ਼ ਹਾਂ, ਜਿਹੜੇ ਗਰੀਬ ਲੋਕਾਂ ਦੀਆਂ ਛੋਟੀਆਂ ਛੋਟੀਆਂ ਦੁਕਾਨਾਂ ਹਨ, ਉਨ੍ਹਾਂ ਤੇ 3% ਟੈਕਸ ਲਗਾਉਣ ਦੀ ਗੱਲ ਕਰਦੇ ਹਾਂ ਅਤੇ ਕਹਿੰਦੇ ਹਾਂ ਕਿ ਰਿਆਇਤ ਦਿੱਤੀ ਹੈ ਪਰ ਜਦੋਂ ਅਸੀਂ ਕੈਲਕੂਲੇਟ ਕਰਕੇ ਦੇਖਦੇ ਹਾਂ ਤਾਂ ਉਹ ਟੈਕਸ ਉਸ ਨਾਲੋਂ ਵੀ ਵੱਧ ਹੈ। (ਆਪੋਜੀਸ਼ਨ ਵੱਲੋਂ ਥੰਪਿੰਗ)

Mr. Speaker : Thank you.

ਮੁੱਖ ਸੰਸਦੀ ਸਕੱਤਰ, ਸਥਾਨਕ ਸਰਕਾਰ : ਮੈਂ ਮੰਤਰੀ ਜੀ ਨੂੰ ਬੇਨਤੀ ਕਰਾਂਗਾ ਕਿ ਇਹ ਘੱਟੋ ਘੱਟ ਐਸ਼ਿਉਰ ਕਰਵਾਉਣ ਕਿ ਜਿੰਨਾ ਟੈਕਸ ਅਸੀਂ ਰੈਂਟ ਤੇ

[ਮੁੱਖ ਸੰਸਦੀ ਸਕੱਤਰ, ਸਥਾਨਕ ਸਰਕਾਰ]

ਦੁਕਾਨਾਂ ਨੂੰ ਦੇਵਾਂਗੇ, ਉਹ ਸਵੈ-ਕਾਜ ਦੇ ਬਰਾਬਰ ਹੋਵੇ। ਉਸ ਤੋਂ ਵੱਧ ਨਾ ਹੋਵੇ। ਇਹ ਮੇਰੀ ਰਿਕੁਐਸਟ ਹੈ ਕਿਉਂਕਿ ਇਹ ਜ਼ਰੂਰੀ ਹੈ।

Mr. Speaker : Thank you. ਹਾਂ ਜੀ, ਮੰਤਰੀ ਸਾਹਿਬ। ਮੰਤਰੀ ਸਾਹਿਬ, ਕੁਝ ਕਹਿਣਾ ਚਾਹੁੰਦੇ ਹਨ।

ਮੁੱਖ ਸੰਸਦੀ ਸਕੱਤਰ, ਸਥਾਨਕ ਸਰਕਾਰ : ਮੈਂ ਤਾਂ ਇਹ ਕਹਿਣਾ ਚਾਹੁੰਦਾ ਹਾਂ ਕਿ ਉਸ ਦੇ ਬਰਾਬਰ ਟੈਕਸ ਹੋਣਾ ਚਾਹੀਦਾ ਹੈ। ਇਹ ਨਹੀਂ ਕਿ ਜਿਵੇਂ ਥੱਲਿਉਂ ਕਿਸੇ ਨੇ ਬਣਾ ਕੇ ਦੇ ਦਿੱਤਾ ਉਵੇਂ ਹੀ ਬੋਲ ਦੇਈਏ। ਇਹ ਬਹੁਤਾ ਵਧੀਆ ਨਹੀਂ ਹੁੰਦਾ। ਚੰਗੀ ਗੱਲ ਹੈ ਕਿ ਅਸੀਂ ਇਸ ਤੇ ਸੋਚ ਵਿਚਾਰ ਕੇ ਟੈਕਸ ਲਾਈਏ ਤਾਂ ਕਿ ਮੁੜ ਕੇ ਸਾਨੂੰ ਅਮੈਂਡਮੈਂਟ ਨਾ ਲਿਆਉਣੀ ਪਵੇ ਅਤੇ ਲੋਕਾਂ ਵੱਲੋਂ ਕ੍ਰਿਟੀਸਿਜ਼ਮ ਨਾ ਹੋਵੇ।

Mr. Speaker : Thank you. ਹਾਂ ਜੀ, ਮੰਤਰੀ ਸਾਹਿਬ।

ਸਥਾਨਕ ਸਰਕਾਰ, ਡਾਕਟਰੀ ਸਿੱਖਿਆ ਤੇ ਖੋਜ ਮੰਤਰੀ (ਸ਼੍ਰੀ ਅਨਿਲ ਜੋਸ਼ੀ) : ਮਾਨਯੋਗ ਸਪੀਕਰ ਸਾਹਿਬ, ਵੈਸੇ ਤਾਂ ਸ਼੍ਰੀ ਸੋਮ ਪ੍ਰਕਾਸ਼ ਜੀ ਸਾਡੇ ਸਥਾਨਕ ਸਰਕਾਰ ਦੇ ਮੁੱਖ ਸੰਸਦੀ ਸਕੱਤਰ ਹਨ, ਇਨ੍ਹਾਂ ਨੇ ਵੇਖਿਆ ਹੋਣਾ ਹੈ। ਜੇਕਰ ਇਸ ਬਿਲ ਦੇ ਵਿੱਚ ਕੋਈ ਐਸੀ ਕਲਾਜ਼ ਹੈ, ਜਿਸ ਤੇ ਨਜ਼ਰਸਾਨੀ ਦੀ ਜ਼ਰੂਰਤ ਹੈ ਤਾਂ ਉਸ ਨੂੰ ਵੇਖ ਲਿਆ ਜਾਵੇਗਾ। ਜੇ ਲੋੜ ਪਈ ਤਾਂ ਬਾਅਦ ਦੇ ਵਿੱਚ ਉਸ ਤੇ ਅਮੈਂਡਮੈਂਟ ਵੀ ਕਰ ਲਈ ਜਾਵੇਗੀ। ਬਾਕੀ ਇਹ ਜਿਹੜੀ ਸੇਖੜੀ ਸਾਹਿਬ ਨੇ ਗੱਲ ਕੀਤੀ ਸੀ ਮੈਂ ਤਾਂ ਓਕਟਰਾਏ ਦੇ ਸਬੰਧ ਵਿੱਚ ਸਰਸਰੀ ਗੱਲ ਕੀਤੀ ਸੀ ਕਿ ਜਿਹੜੀਆਂ ਸ਼ਹਿਰਾਂ ਦੇ ਵਿੱਚ ਚੁੰਗੀਆਂ ਲੱਗੀਆਂ ਹੋਈਆਂ ਸਨ, ਤਾਂ ਉਸ ਸਮੇਂ ਲੋਕਾਂ ਦੇ ਝੋਲੇ ਫਰੋਲੇ ਜਾਂਦੇ ਸਨ, ਜਿਸ ਨਾਲ ਲੋਕਾਂ ਨੂੰ ਹੈਰਾਸਮੈਂਟ ਵੀ ਹੁੰਦੀ ਸੀ, ਉਸ ਦਾ ਸਿਸਟਮ ਖਤਮ ਕਰ ਦਿੱਤਾ ਸੀ। ਮੈਂ ਅੰਮ੍ਰਿਤਸਰ ਸ਼ਹਿਰ ਦੀ ਇਕ ਮਿਸਾਲ ਦਿੰਦਾ ਹਾਂ ਕਿ ਜਦੋਂ ਚੁੰਗੀ ਖਤਮ ਕੀਤੀ ਗਈ ਸੀ, ਉਸ ਵੇਲੇ ਉਸ ਸ਼ਹਿਰ ਦੀ ਚੁੰਗੀਆਂ ਤੋਂ ਆਮਦਨ 60 ਕਰੋੜ ਰੁਪਏ ਸਾਲਾਨਾ ਹੁੰਦੀ ਸੀ। ਜੇਕਰ ਉਹੀ ਰੈਵੀਨਿਊ ਅੱਜ ਦੀ ਡੇਟ ਵਿੱਚ ਆਉਂਦਾ ਹੁੰਦਾ ਤਾਂ ਇਥੇ ਪੈਸੇ ਦੀ ਕੋਈ ਕਮੀ ਨਹੀਂ ਹੋਣੀ ਸੀ ਪਰ ਅਸੀਂ ਨਹੀਂ ਲਗਾਈ। ਸਿਰਫ ਲਿਕੁਰ ਤੇ ਅਤੇ ਇਲੈਕਟ੍ਰੀਸਿਟੀ ਤੇ ਮਾਈਨਰ ਜਿਹੀ ਹੈ, ਬਾਕੀ ਕਿਸੇ ਹੋਰ ਚੀਜ਼ ਤੇ ਨਹੀਂ ਹੈ ਕਿਉਂਕਿ ਉਸ ਸਮੇਂ ਹਰ ਚੀਜ਼ ਤੇ ਚੁੰਗੀ ਲਗਦੀ ਸੀ। ਉਹ ਘੱਟ ਸੀ, ਉਹ ਹਟਾ ਦਿੱਤੀ ਸੀ। ਹੁਣ ਸਿਰਫ ਇਹੀ ਰਹਿ ਗਈ ਹੈ। ਇਸ ਦੇ ਬਾਰੇ ਇਨ੍ਹਾਂ ਨੂੰ ਪਤਾ ਹੈ। ਇਹ ਕਹਿ ਸਕਦੇ ਹਾਂ ਕਿ ਉਸ ਸਮੇਂ ਜਿਹੜੀ ਕੈਪਟਨ ਅਮਰਿੰਦਰ ਸਿੰਘ ਹੋਰਾਂ ਦੀ ਸਾਲ 2002-2007 ਤੱਕ ਸਰਕਾਰ ਸੀ, ਉਸ ਤੋਂ ਬਾਅਦ ਜਦੋਂ ਅਸੀਂ ਸਰਕਾਰ ਸੰਭਾਲੀ ਸੀ, ਇਹ ਠੀਕ ਹੈ ਕਿ ਭਾਵੇਂ ਇਸ ਸਮੇਂ ਇਹ ਬਹਿਸ ਦਾ ਮੁੱਦਾ ਨਹੀਂ ਹੈ ਪਰ ਓਕਟਰਾਏ ਆਉਣ ਕਰਕੇ 50-60 ਕਰੋੜ ਰੁਪਏ ਸਾਲਾਨਾ ਦੀ ਉਸ ਸਮੇਂ ਆਮਦਨ ਸੀ। ਉਸ ਸਮੇਂ ਇਸ ਪੈਸੇ ਦੀ ਵੈਲਿਊ ਵੀ ਸੀ ਭਾਵੇਂ ਅੱਜ 60 ਕਰੋੜ ਰੁਪਿਆ ਘੱਟ ਹੀ ਹੈ। ਅੱਜ ਪੈਸੇ ਦੀ ਵੈਲਿਊ ਉਨੀ ਨਹੀਂ ਰਹੀ। ਇਸ ਦੇ ਬਾਵਜੂਦ ਵੀ ਸਾਨੂੰ ਅੰਮ੍ਰਿਤਸਰ ਸ਼ਹਿਰ ਸਾਰਾ ਟੁੱਟਾ ਹੋਇਆ ਮਿਲਿਆ ਸੀ। ਪਿਛਲੇ ਪੰਜਾਂ ਸਾਲਾਂ ਵਿੱਚ

ਜੋ ਅੰਮ੍ਰਿਤਸਰ ਸ਼ਹਿਰ ਦੇ ਅੰਦਰ ਇਨਫਰਾਸਟਰੱਕਚਰ ਕ੍ਰੀਏਟ ਹੋਇਆ ਹੈ, ਉਸ ਨੂੰ ਦੇਖ ਕੇ ਇਹ ਖੁਦ ਕਹਿ ਸਕਦੇ ਹਨ ਕਿ ਅੱਜ ਅੰਮ੍ਰਿਤਸਰ ਸ਼ਹਿਰ ਦੀ ਜੋ ਦਿੱਖ ਹੈ, ਜੋ ਗੁਰੂ ਦੀ ਨਗਰੀ ਦਾ ਅੱਜ ਰੁਤਬਾ ਹੈ, ਜੋ ਡਿਵੈਲਪਮੈਂਟ ਅੱਜ ਨਜ਼ਰ ਆਉਂਦੀ ਹੈ, ਅੱਜ ਅਸੀਂ ਬਾਈਪਾਸ ਤੋਂ ਬਾਹਰੋਂ ਜਲੰਧਰ ਰੋਡ ਤੋਂ ਜੇ ਸ਼ਹਿਰ ਦੇ ਅੰਦਰ ਐਂਟਰ ਕਰੀਏ ਤਾਂ ਸਾਨੂੰ ਇੰਝ ਲਗਦਾ ਹੈ ਕਿ ਜਿਵੇਂ ਅਸੀਂ ਦੁਬਈ ਵਿੱਚ ਆ ਗਏ ਹਾਂ। ਤੁਹਾਡੇ ਕੋਲ ਕਾਰਾਂ ਹਨ, ਤੁਸੀਂ ਖੁਦ ਜਾ ਕੇ ਆਪ ਦੇਖ ਸਕਦੇ ਹੋ। ਉਸ ਤੋਂ ਬਾਅਦ ਅੱਜ ਦੀ ਡੇਟ ਦੇ ਵਿੱਚ ਜਿਹੜੇ ਮਾਨਯੋਗ ਡਿਪਟੀ ਸੀ.ਐਮ. ਸਾਹਿਬ ਨੇ ਤਕਰੀਬਨ 2200 ਕਰੋੜ ਰੁਪਏ ਦੇ ਡਿਵੈਲਪਮੈਂਟ ਦੇ ਪ੍ਰਾਜੈਕਟ ਸ਼ੁਰੂ ਕੀਤੇ ਹਨ, ਹੁਣ ਹਰ ਰੋਡ ਫੋਰ ਲੇਨਿੰਗ ਹੋ ਜਾਣੀ ਹੈ। ਮਾਨਯੋਗ ਸਪੀਕਰ ਸਾਹਿਬ, ਉਥੇ ਮਿਊਜ਼ੀਕਲ ਫਾਊਂਟੇਨ ਲੱਗ ਰਹੇ ਹਨ, ਪਾਰਕਾਂ ਦੀ ਦਿੱਖ ਜਿਹੜੀ ਹੈ, ਉਹ ਵੀ ਬਹੁਤ ਵਧੀਆ ਹੋ ਰਹੀ ਹੈ। ਟੂਰਿਜ਼ਮ ਵਾਸਤੇ ਬਹੁਤ ਪ੍ਰਾਜੈਕਟ ਬਣ ਰਹੇ ਹਨ ਇਸ ਦੇ ਬਾਵਜੂਦ ਕਿ ਅਸੀਂ ਕੋਈ ਟੈਕਸ ਨਹੀਂ ਲਾਇਆ। ਕੋਈ ਓਕਟਰਾਏ ਨਹੀਂ ਲਗਾਈ। ਚਲੋ ਖੈਰ, ਵੈਸੇ ਇਹ ਬਹਿਸ ਦਾ ਮੁੱਦਾ ਨਹੀਂ ਹੈ। ਬਾਕੀ ਸੇਖੜੀ ਸਾਹਿਬ ਨੇ ਬਟਾਲੇ ਵਿਚ ਹੋਈਆਂ ਡੈਥਸ ਦੀ ਗੱਲ ਕੀਤੀ ਹੈ। ਜਿਹੜੀਆਂ ਡੈਥਸ ਹੋਈਆਂ ਹਨ, ਉਸ ਦੇ ਵਿੱਚ ਫਾਈਵ ਇੰਪਲਾਈਜ਼ ਚਾਰਜਸ਼ੀਟ ਕੀਤੇ ਹਨ। ਸ੍ਰੀ ਸੀ.ਐਸ.ਤਲਵਾੜ, ਆਈ.ਏ.ਐਸ. ਰੈਗੂਲਰ ਇਨਕੁਆਇਰੀ ਕਰ ਰਹੇ ਹਨ। ਜੇਕਰ ਇਸ ਮਾਮਲੇ ਵਿੱਚ ਕਿਸੇ ਅਫਸਰ ਜਾਂ ਕਰਮਚਾਰੀ ਦੀ ਕੋਈ ਕੁਤਾਹੀ ਹੋਏਗੀ ਤਾਂ ਉਨ੍ਹਾਂ ਦੇ ਖਿਲਾਫ ਬਿਲਕੁਲ ਕਾਰਵਾਈ ਕੀਤੀ ਜਾਵੇਗੀ।

ਮਾਨਯੋਗ ਸਪੀਕਰ : ਪ੍ਰਸ਼ਨ ਹੈ -

ਕਿ ਪੰਜਾਬ ਮਿਊਂਸਿਪਲ ਕਾਰਪੋਰੇਸ਼ਨ (ਦੂਜੀ ਸੋਧਨਾ) ਬਿਲ, 2013 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਪ੍ਰਸਤਾਵ ਪ੍ਰਵਾਨ ਹੋਇਆ।

ਮਾਨਯੋਗ ਸਪੀਕਰ : ਹੁਣ ਸਦਨ ਬਿੱਲ ਤੇ ਕਲਾਜ਼ ਵਾਰ ਵਿਚਾਰ ਕਰੇਗਾ।

ਕਲਾਜ਼ 1 ਦੀ ਸਬ-ਕਲਾਜ਼ (2)

ਮਾਨਯੋਗ ਸਪੀਕਰ : ਪ੍ਰਸ਼ਨ ਹੈ -

ਕਿ ਕਲਾਜ਼ 1 ਦੀ ਸਬ-ਕਲਾਜ਼ (2) ਬਿਲ ਦਾ ਹਿੱਸਾ ਹੈ।

ਪ੍ਰਸਤਾਵ ਪ੍ਰਵਾਨ ਹੋਇਆ।

ਕਲਾਜ਼ਾਂ 2 ਤੋਂ 24

ਮਾਨਯੋਗ ਸਪੀਕਰ : ਕਿਉਂਕਿ ਕਲਾਜ਼ਾਂ 2 ਤੋਂ 24 ਤੱਕ ਕੋਈ ਸੋਧਨਾ ਨਹੀਂ ਹੈ, ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਇਹ ਕਲਾਜ਼ਾਂ ਇਕੱਠੀਆਂ ਹੀ ਸਦਨ ਦੀ ਵੋਟ ਲਈ ਰੱਖ ਦਿੱਤੀਆਂ ਜਾਣ।

(ਆਵਾਜ਼ਾਂ : ਹਾਂ ਜੀ, ਹਾਂ ਜੀ।)

ਮਾਨਯੋਗ ਸਪੀਕਰ : ਪ੍ਰਸ਼ਨ ਹੈ –

ਕਿ ਕਲਾਜ਼ਾਂ 2 ਤੋਂ 24 ਬਿਲ ਦਾ ਹਿੱਸਾ ਹਨ।

ਪ੍ਰਸਤਾਵ ਪ੍ਰਵਾਨ ਹੋਇਆ।

ਕਲਾਜ਼ 1 ਦੀ ਸਬ ਕਲਾਜ਼ (1)

ਮਾਨਯੋਗ ਸਪੀਕਰ : ਪ੍ਰਸ਼ਨ ਹੈ –

ਕਿ ਕਲਾਜ਼ 1 ਦੀ ਸਬ-ਕਲਾਜ਼ (1) ਬਿਲ ਦਾ ਹਿੱਸਾ ਹੈ।

ਪ੍ਰਸਤਾਵ ਪ੍ਰਵਾਨ ਹੋਇਆ।

ਸਿਰਲੇਖ

ਮਾਨਯੋਗ ਸਪੀਕਰ : ਪ੍ਰਸ਼ਨ ਹੈ –

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ।

ਪ੍ਰਸਤਾਵ ਪ੍ਰਵਾਨ ਹੋਇਆ।

ਮਾਨਯੋਗ ਸਪੀਕਰ : ਹੁਣ ਮੰਤਰੀ ਸਾਹਿਬ ਪ੍ਰਸਤਾਵ ਕਰਨਗੇ ਕਿ ਬਿਲ ਪਾਸ ਕੀਤਾ ਜਾਵੇ।

ਸਥਾਨਕ ਸਰਕਾਰ, ਡਾਕਟਰੀ ਸਿੱਖਿਆ ਤੇ ਖੋਜ ਮੰਤਰੀ (ਸ਼੍ਰੀ ਅਨਿਲ ਜੋਸ਼ੀ) : ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ-

ਕਿ ਪੰਜਾਬ ਮਿਉਂਸਿਪਲ ਕਾਰਪੋਰੇਸ਼ਨ (ਦੂਜੀ ਸੋਧਨਾ) ਬਿਲ, 2013 ਪਾਸ ਕੀਤਾ ਜਾਵੇ।

ਮਾਨਯੋਗ ਸਪੀਕਰ : ਪ੍ਰਸਤਾਵ ਕੀਤਾ –

ਕਿ ਪੰਜਾਬ ਮਿਉਂਸਿਪਲ ਕਾਰਪੋਰੇਸ਼ਨ (ਦੂਜੀ ਸੋਧਨਾ) ਬਿਲ, 2013 ਪਾਸ ਕੀਤਾ ਜਾਵੇ।

ਮਾਨਯੋਗ ਸਪੀਕਰ : ਪ੍ਰਸ਼ਨ ਹੈ –

ਕਿ ਪੰਜਾਬ ਮਿਉਂਸਿਪਲ ਕਾਰਪੋਰੇਸ਼ਨ (ਦੂਜੀ ਸੋਧਨਾ) ਬਿਲ, 2013 ਪਾਸ ਕੀਤਾ ਜਾਵੇ।

ਪ੍ਰਸਤਾਵ ਪ੍ਰਵਾਨ ਹੋਇਆ।

ਮਾਨਯੋਗ ਸਪੀਕਰ : ਇਸ ਤੋਂ ਪਹਿਲਾਂ ਕਿ ਮੈਂ ਅਗਲਾ ਬਿਲ ਲਵਾਂ, ਕਿਉਂਜੋ ਇਸ ਦੇ ਨਾਲ ਦੋ ਰੈਜ਼ੋਲਿਊਸ਼ਨਜ਼ ਵੀ ਹਨ- ਇਕ ਸੈਂਡ ਦਾ ਹੈ ਅਤੇ ਦੂਸਰਾ ਮਹਿੰਗਾਈ ਤੇ ਹੈ। ਜੇਕਰ ਸਦਨ ਨੂੰ ਪ੍ਰਵਾਨ ਹੋਵੇ ਤਾਂ ਜਿੰਨੀ ਦੇਰ ਤੱਕ ਅੱਜ ਦਾ ਬਿਜ਼ਨੈਸ ਸਮਾਪਤ ਨਹੀਂ ਹੁੰਦਾ, ਉਦੋਂ ਤੱਕ ਇਸ ਹਾਊਸ ਨੂੰ ਜਾਰੀ ਰੱਖਿਆ ਜਾਵੇ।

ਸਿਹਤ ਤੇ ਪਰਿਵਾਰ ਭਲਾਈ ਮੰਤਰੀ (ਸ਼੍ਰੀ ਸੁਰਜੀਤ ਕੁਮਾਰ ਜਿਆਨੀ) (ਬੈਠੇ-ਬੈਠੇ) : ਸਪੀਕਰ ਸਾਹਿਬ, ਭੁੱਖ ਬਹੁਤ ਲੱਗੀ ਹੋਈ ਹੈ। ਭੂਖੇ ਪੇਟ ਭਜਨ ਨਾ ਹੋਏ।

ਉਪ ਮੁੱਖ ਮੰਤਰੀ (ਬੈਠੇ-ਬੈਠੇ) : ਸਪੀਕਰ ਸਾਹਿਬ, ਕੱਲ੍ਹ ਤੇ ਪਾ ਦਿਉ ਜੀ ਕਿਉਂਜੋ ਅਸੀਂ ਕੁਝ ਪ੍ਰੋਗਰਾਮ ਦਿੱਤੇ ਹੋਏ ਹਨ।

ਮਾਨਯੋਗ ਸਪੀਕਰ : ਕੱਲ੍ਹ ਤੇ?

ਉਦਯੋਗ ਤੇ ਵਣਜ, ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ ਅਤੇ ਸੰਸਦੀ ਮਾਮਲੇ ਮੰਤਰੀ (ਸ਼੍ਰੀ ਮਦਨ ਮੋਹਨ ਮਿੱਤਲ) : ਸਪੀਕਰ ਸਾਹਿਬ, ਦੋਨੋਂ ਰੈਜ਼ੋਲਿਊਸ਼ਨਜ਼ ਕੱਲ੍ਹ ਤੇ ਪਾ ਦਿੱਤੇ ਜਾਣ।

ਮਾਨਯੋਗ ਸਪੀਕਰ : ਕੱਲ੍ਹ ਦਰਅਸਲ ਨਾਨ-ਆਫੀਸ਼ੀਅਲ ਡੇਅ ਹੈ।

ਉਦਯੋਗ ਤੇ ਵਣਜ, ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ ਅਤੇ ਸੰਸਦੀ ਮਾਮਲੇ ਮੰਤਰੀ : ਸਪੀਕਰ ਸਾਹਿਬ, ਦੋਵੇਂ ਰੈਜ਼ੋਲਿਊਸ਼ਨ ਸਾਂਝੇ ਹੀ ਹਨ। ਇਕ ਇਨ੍ਹਾਂ ਦਾ (ਆਪੋਜੀਸ਼ਨ ਵੱਲ ਇਸ਼ਾਰਾ) ਮੂਵ ਕੀਤਾ ਹੋਇਆ ਹੈ। ਇਕ ਸਾਡੇ (ਟਰੈਜ਼ਰੀ ਬੈਂਚਾਂ ਵੱਲ ਇਸ਼ਾਰਾ) ਵੱਲੋਂ ਮੂਵ ਕੀਤਾ ਹੋਇਆ ਹੈ। ਦੋਨੋ ਸਾਂਝੇ ਹੀ ਹਨ।

ਕਈ ਅਵਾਜ਼ਾਂ : ਕੱਲ੍ਹ ਨੂੰ ਹੀ ਕਰ ਲਿਆ ਜਾਵੇ।

ਮਾਨਯੋਗ ਸਪੀਕਰ : ਕੱਲ੍ਹ ਨੂੰ ਲੈ ਲਿਆ ਜਾਵੇ?

ਉਦਯੋਗ ਤੇ ਵਣਜ, ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ ਅਤੇ ਸੰਸਦੀ ਮਾਮਲੇ ਮੰਤਰੀ : ਇਕ ਤਾਂ ਜਾਖੜ ਸਾਹਿਬ ਵੱਲੋਂ ਮੂਵ ਕੀਤਾ ਹੋਇਆ ਹੈ। ਦੂਜਾ ਵਲਟੋਹਾ ਸਾਹਿਬ (ਸਰਦਾਰ ਵਿਰਸਾ ਸਿੰਘ ਵਲਟੋਹਾ) ਵੱਲੋਂ ਮੂਵ ਕੀਤਾ ਹੋਇਆ ਹੈ। ....(ਵਿਘਨ.....ਸ਼ੋਰ).....

ਮਾਨਯੋਗ ਸਪੀਕਰ : ਜਾਖੜ ਸਾਹਿਬ, ਆਪਾਂ ਇਸ ਦਾ ਸ਼ਾਰਟ ਤਰੀਕਾ ਇਹ ਲੱਭਦੇ ਹਾਂ ਕਿ ਕੱਲ੍ਹ ਨਾਨ-ਆਫੀਸ਼ੀਅਲ ਡੇਅ ਹੈ। ਉਸ ਨੂੰ ਆਫੀਸ਼ੀਅਲ ਡੇਅ ਵਿਚ ਕਨਵਰਟ ਕਰ ਲੈਂਦੇ ਹਾਂ। .....(ਵਿਘਨ)..... ਮੇਰੀ ਪਹਿਲਾਂ ਬੇਨਤੀ ਸੁਣ ਲਵੋਂ। ਉਸ ਦਿਨ ਫਿਰ ਇਹ ਸਾਰੇ ਚਾਰ ਮੁੱਦੇ ਹਨ, ਉਨ੍ਹਾਂ ਸਾਰਿਆਂ ਨੂੰ ਹੀ ਲੈ ਲਿਆ ਜਾਵੇ।

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, ਇਹ ਸਾਰੇ ਮੁੱਦੇ ਬੜੇ ਇੰਪਾਰਟੈਂਟ ਹਨ ਅਤੇ ਹਾਈ-ਲਾਈਟ ਕਰਨ ਵਾਲੇ ਹਨ। ਇਨ੍ਹਾਂ ਨੂੰ ਇਕੱਠੇ ਲੈਣ ਦੀ ਬਜਾਏ ਅੱਡ ਅੱਡ ਲੈਣੇ ਚਾਹੀਦੇ ਹਨ ਤਾਂ ਜੋ ਅੱਛੀ ਤਰ੍ਹਾਂ ਬਹਿਸ ਹੋ ਸਕੇ। ਰੇਤਾ-ਬਜਰੀ ਦਾ ਮੁੱਦਾ ਬਹੁਤ ਇੰਪਾਰਟੈਂਟ ਹੈ। ਮਹਿੰਗਾਈ ਦਾ ਮੁੱਦਾ ਵੀ ਬਹੁਤ ਇੰਪਾਰਟੈਂਟ ਹੈ। ਜੇਕਰ ਕੱਲ੍ਹ ਨੂੰ ਵੀ ਸਿੰਙ ਫਸ ਗਏ ਤਾਂ ਫਿਰ ਕਹਿ ਦਿਉਗੇ ਕਿ ਅੱਗੇ ਕਰ ਦਿਉ ਜੀ।

ਉਪ ਮੁੱਖ ਮੰਤਰੀ : ਤੁਸੀਂ ਸਿੰਕ ਨਾ ਫਸਾਇਉ। ਇਹ ਤਾਂ ਤੁਹਾਡੇ ਤੇ ਡਿਪੈਂਡ ਕਰਦਾ ਹੈ। ਅਸੀਂ ਤਾਂ ਭੱਜਦੇ ਨਹੀਂ। ਜਾਖੜ ਸਾਹਿਬ, ਅਸੀਂ ਤਾਂ ਜਿਵੇਂ ਤੁਸੀਂ ਕਹੀ ਜਾਂਦੇ ਹੋ, ਉਵੇਂ ਹੀ ਕਰੀ ਜਾਂਦੇ ਹਾਂ।

ਮਾਨਯੋਗ ਸਪੀਕਰ: ਡਿਪਟੀ ਸੀ.ਐਮ. ਸਾਹਿਬ, ਇਕ ਮਿੰਟ ਮੇਰੀ ਗੱਲ ਸੁਣੋ। ਇਕ ਬਿਲ ਰਹਿੰਦਾ ਹੈ ਅਤੇ ਮੇਰੇ ਕੋਲ ਟਾਈਮ ਥੋੜ੍ਹਾ ਹੈ। ਕਮ-ਅਜ਼-ਕਮ ਇਹ ਪਾਸ ਕਰਾਉਣ ਲਈ ਤਾਂ ਆਪਾਂ ਨੂੰ ਹਾਊਸ ਦਾ ਸਮਾਂ ਵਧਾ ਲੈਣਾ ਚਾਹੀਦਾ ਹੈ। ਦੋਨਾਂ ਰੈਜੋਲਿਊਸ਼ਨਾਂ ਨੂੰ ਮੈਂ ਇੰਟਰੋਡਿਊਸ ਕਰਵਾ ਦਿੰਦਾ ਹਾਂ। ਕੱਲ੍ਹ ਨੂੰ ਉਨ੍ਹਾਂ ਉਤੇ ਬਹਿਸ ਹੋ ਜਾਵੇਗੀ। ਇਹ ਬਿਲ ਪਾਸ ਕਰਵਾ ਲੈਂਦੇ ਹਾਂ।

EXTENSION OF TIME OF THE SITTING

ਮਾਨਯੋਗ ਸਪੀਕਰ : ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਰਹਿੰਦੇ ਬਿਲ ਪਾਸ ਹੋਣ ਤੱਕ ਸਦਨ ਦਾ ਸਮਾਂ ਵਧਾ ਲਿਆ ਜਾਵੇ ਜੀ।

(ਅਵਾਜ਼ਾਂ: ਹਾਂ ਜੀ, ਹਾਂ ਜੀ।)

ਮਾਨਯੋਗ ਸਪੀਕਰ : ਰਹਿੰਦੇ ਬਿਲ ਪਾਸ ਹੋਣ ਤੱਕ ਸਦਨ ਦਾ ਸਮਾਂ ਵਧਾਇਆ ਜਾਂਦਾ ਹੈ।

----

6. THE PAYMENT OF WAGES (PUNJAB AMENDMENT) BILL, 2013

ਮਾਨਯੋਗ ਸਪੀਕਰ : ਮੰਤਰੀ ਜੀ ਬਿਲ ਪੇਸ਼ ਕਰਨ।

ਜੰਗਲਾਤ, ਜੰਗਲੀ ਜੀਵ ਅਤੇ ਕਿਰਤ ਮੰਤਰੀ (ਸ਼੍ਰੀ ਚੂਨੀ ਲਾਲ ਭਗਤ) : ਸ਼੍ਰੀਮਾਨ ਜੀ, ਮੈਂ ਉਜਰਤਾਂ ਦੀ ਅਦਾਇਗੀ (ਪੰਜਾਬ ਸੋਧਨਾ) ਬਿਲ, 2013 ਪੇਸ਼ ਕਰਦਾ ਹਾਂ।

ਸ਼੍ਰੀਮਾਨ ਜੀ, ਮੈਂ ਇਹ ਵੀ ਪ੍ਰਸਤਾਵ ਕਰਦਾ ਹਾਂ -

> ਕਿ ਉਜਰਤਾਂ ਦੀ ਅਦਾਇਗੀ (ਪੰਜਾਬ ਸੋਧਨਾ) ਬਿਲ, 2013 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਮਾਨਯੋਗ ਸਪੀਕਰ : ਪ੍ਰਸਤਾਵ ਕੀਤਾ -

> ਕਿ ਉਜਰਤਾਂ ਦੀ ਅਦਾਇਗੀ (ਪੰਜਾਬ ਸੋਧਨਾ) ਬਿਲ, 2013 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਬਹਿਸ, ਜੇਕਰ ਕੋਈ ਹੋਵੇ?

(ਇਸ ਸਮੇਂ ਕੋਈ ਵੀ ਮੈਂਬਰ ਬਹਿਸ ਕਰਨ ਲਈ ਖੜ੍ਹਾ ਨਹੀਂ ਹੋਇਆ।)

ਮਾਨਯੋਗ ਸਪੀਕਰ : ਪ੍ਰਸ਼ਨ ਹੈ -

ਕਿ ਉਜਰਤਾਂ ਦੀ ਅਦਾਇਗੀ (ਪੰਜਾਬ ਸੋਧਨਾ) ਬਿਲ, 2013 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਪ੍ਰਸਤਾਵ ਪ੍ਰਵਾਨ ਹੋਇਆ।

ਮਾਨਯੋਗ ਸਪੀਕਰ : ਹੁਣ ਸਦਨ ਬਿਲ ਤੇ ਕਲਾਜ਼-ਵਾਰ ਵਿਚਾਰ ਕਰੇਗਾ।

ਕਲਾਜ਼ 1 ਦੀ ਸਬ ਕਲਾਜ਼ (2)

ਮਾਨਯੋਗ ਸਪੀਕਰ : ਪ੍ਰਸ਼ਨ ਹੈ -

ਕਿ ਕਲਾਜ਼ 1 ਦੀ ਸਬ ਕਲਾਜ਼ (2) ਬਿਲ ਦਾ ਹਿੱਸਾ ਹੈ।

ਪ੍ਰਸਤਾਵ ਪ੍ਰਵਾਨ ਹੋਇਆ।

ਕਲਾਜ਼ 2

ਮਾਨਯੋਗ ਸਪੀਕਰ : ਪ੍ਰਸ਼ਨ ਹੈ -

ਕਿ ਕਲਾਜ਼ 2 ਬਿਲ ਦਾ ਹਿੱਸਾ ਹੈ।

ਪ੍ਰਸਤਾਵ ਪ੍ਰਵਾਨ ਹੋਇਆ।

ਕਲਾਜ਼ 1 ਦੀ ਸਬ ਕਲਾਜ਼ (1)

ਮਾਨਯੋਗ ਸਪੀਕਰ : ਪ੍ਰਸ਼ਨ ਹੈ -

ਕਿ ਕਲਾਜ਼ 1 ਦੀ ਸਬ ਕਲਾਜ਼ (1) ਬਿਲ ਦਾ ਹਿੱਸਾ ਹੈ।

ਪ੍ਰਸਤਾਵ ਪ੍ਰਵਾਨ ਹੋਇਆ।

ਸਿਰਲੇਖ

ਮਾਨਯੋਗ ਸਪੀਕਰ : ਪ੍ਰਸ਼ਨ ਹੈ -

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ।

ਪ੍ਰਸਤਾਵ ਪ੍ਰਵਾਨ ਹੋਇਆ।

ਮਾਨਯੋਗ ਸਪੀਕਰ : ਹੁਣ ਮੰਤਰੀ ਸਾਹਿਬ ਪ੍ਰਸਤਾਵ ਕਰਨਗੇ ਕਿ ਬਿਲ ਪਾਸ ਕੀਤਾ ਜਾਵੇ।

ਜੰਗਲਾਤ, ਜੰਗਲੀ ਜੀਵ ਅਤੇ ਕਿਰਤ ਮੰਤਰੀ (ਸ਼੍ਰੀ ਚੂਨੀ ਲਾਲ ਭਗਤ) : ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ -

ਕਿ ਉਜਰਤਾਂ ਦੀ ਅਦਾਇਗੀ (ਪੰਜਾਬ ਸੋਧਨਾ) ਬਿਲ, 2013 ਪਾਸ ਕੀਤਾ ਜਾਵੇ।

ਮਾਨਯੋਗ ਸਪੀਕਰ : ਪ੍ਰਸਤਾਵ ਕੀਤਾ –

ਕਿ ਉਜਰਤਾਂ ਦੀ ਅਦਾਇਗੀ (ਪੰਜਾਬ ਸੋਧਨਾ) ਬਿਲ, 2013 ਪਾਸ ਕੀਤਾ ਜਾਵੇ।

ਮਾਨਯੋਗ ਸਪੀਕਰ : ਪ੍ਰਸ਼ਨ ਹੈ –

ਕਿ ਉਜਰਤਾਂ ਦੀ ਅਦਾਇਗੀ (ਪੰਜਾਬ ਸੋਧਨਾ) ਬਿਲ, 2013 ਪਾਸ ਕੀਤਾ ਜਾਵੇ।

ਪ੍ਰਸਤਾਵ ਪ੍ਰਵਾਨ ਹੋਇਆ।

____

ਮਾਨਯੋਗ ਸਪੀਕਰ : ਮੈਂ ਹਾਊਸ ਦੇ ਆਨਰੇਬਲ ਮੈਂਬਰ ਸਾਹਿਬਾਨ ਨੂੰ ਇੱਕ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਰੇਤੇ ਬਜਰੀ ਉੱਪਰ ਔਰ ਮਹਿੰਗਾਈ ਉੱਪਰ ਦੋਨਾਂ ਸਾਈਡਾਂ ਤੋਂ ਨੋਟਿਸ ਆਏ ਸਨ, ਕਿਉਂਕਿ ਕਈ ਵਾਰ ਟੈਕਨੀਕਲ ਡਿਫੀਕਲਟੀ ਕਰਕੇ ਇਨ੍ਹਾਂ ਨੂੰ ਐਜ਼ ਇਟ ਇਜ਼ ਪੇਸ਼ ਨਹੀਂ ਕੀਤਾ ਜਾ ਸਕਦਾ, ਇਸ ਲਈ ਉਨ੍ਹਾਂ ਦੋਨਾਂ ਨੂੰ ਗੌਰਮਿੰਟ ਵੱਲੋਂ ਰੈਜ਼ੋਲਿਊਸ਼ਨ ਬਣਾ ਕੇ ਹਾਊਸ ਵਿੱਚ ਪੇਸ਼ ਕੀਤਾ ਜਾ ਰਿਹਾ ਹੈ। ਕੋਈ ਇਸ ਵਿੱਚ ਇਹ ਨਾ ਸਮਝ ਲਵੇ ਕਿ ਇਸ ਵਿੱਚ ਕੋਈ ਫੇਵਰ ਜਾਂ ਅਨ-ਫੇਵਰ ਵਾਲੀ ਗੱਲ ਹੈ, ਕਿਉਂਕਿ ਇਨ੍ਹਾਂ ਵਿੱਚ ਟੈਕਨੀਕਲ ਡਿਫੀਕਲਟੀ ਸੀ, ਇਸ ਕਰਕੇ ਇਹ ਰੈਜ਼ੋਲਿਊਸ਼ਨ ਸਰਕਾਰ ਵੱਲੋਂ ਹੀ ਪੇਸ਼ ਹੋ ਸਕਦੇ ਹਨ। ਹਾਂ ਜੀ, ਸ਼੍ਰੀ ਮਦਨ ਮੋਹਨ ਮਿੱਤਲ ਜੀ ।

ਉਦਯੋਗ ਤੇ ਵਣਜ, ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ ਅਤੇ ਸੰਸਦੀ ਮਾਮਲੇ ਮੰਤਰੀ (ਸ਼੍ਰੀ ਮਦਨ ਮੋਹਨ ਮਿੱਤਲ) : ਸਪੀਕਰ ਸਾਹਿਬ, ਮੈਂ ਚਾਹੁੰਦਾ ਹਾਂ ਕਿ ਆਪਾਂ ਚਾਰੇ ਹੀ ਕੱਲ੍ਹ ਕਿਉਂ ਨਾ ਡਿਸਕਸ ਕਰ ਲਈਏ ।

ਮਾਨਯੋਗ ਸਪੀਕਰ : ਅੱਜ ਦੋ ਪੇਸ਼ ਕਰ ਦਿਓ ਤਾਂ ਕਿ ਜੋ ਜਾਖੜ ਸਾਹਿਬ ਦੀ ਸੋਚ ਹੈ, ਉਹ ਵੀ ਪੂਰੀ ਹੋ ਜਾਵੇ ਤੇ ਆਪਣਾ ਮਸਲਾ ਵੀ ਕੱਲ੍ਹ ਹੱਲ ਹੋ ਜਾਵੇਗਾ। ਇਸ ਕਰਕੇ ਇਹ ਦੋਵੇਂ ਬਿਲ ਅੱਜ ਪੇਸ਼ ਕਰ ਦਿਓ । .....(ਵਿਘਨ).... ਦੋ ਬਿਲ ਅੱਜ ਪੇਸ਼ ਕਰ ਦਿੰਦੇ ਹਾਂ, ਦੋ ਕੱਲ੍ਹ ਹੋ ਜਾਣਗੇ ।

ਸਰਦਾਰ ਪਰਮਿੰਦਰ ਸਿੰਘ ਪਿੰਕੀ : ਸਪੀਕਰ ਸਾਹਿਬ ......(ਵਿਘਨ)....

ਮਾਨਯੋਗ ਸਪੀਕਰ : ਕਿਰਪਾ ਕਰਕੇ ਤੁਸੀਂ ਬੈਠ ਜਾਓ। ਮੈਨੂੰ ਕੰਮ ਨਿਬੇੜ ਲੈਣ ਦਿਓ। ......(ਵਿਘਨ).....

ਸਰਦਾਰ ਪਰਮਿੰਦਰ ਸਿੰਘ ਪਿੰਕੀ : ਸਪੀਕਰ ਸਾਹਿਬ, ਆਫੀਸਰ ਗੈਲਰੀ ਵਿੱਚ ਅਫਸਰ ਸਾਹਿਬਾਨ ਹਾਊਸ ਵੱਲ ਜੁੱਤੇ ਕਰਕੇ ਬੈਠੇ ਹੁੰਦੇ ਹਨ। ਇਹ ਹਾਊਸ ਦੀ ਇਨਸਲਟ ਹੈ। ਇਸ ਕਰਕੇ ਉਨ੍ਹਾਂ ਨੂੰ ਇਸ ਬਾਰੇ ਹਦਾਇਤ ਕੀਤੀ ਜਾਵੇ । (ਹਾਸਾ)

OFFICIAL RESOLUTIONS

1. RESOLUTION REGARDING RECOMMENDATION TO THE STATE GOVERNMENT TO APPROACH THE CENTRAL GOVERNMENT FOR TAKING NECESSARY STEPS TO CONTROL AND RATIONALISE THE SITUATION ARISING OUT OF SHORTAGE OF SAND AND GRAVEL IN THE STATE RESULTING IN STEEP INCREASE IN THE PRICES OF CONSTRUCTION MATERIAL

ਉਦਯੋਗ ਤੇ ਵਣਜ, ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ ਅਤੇ ਸੰਸਦੀ ਮਾਮਲੇ ਮੰਤਰੀ (ਸ੍ਰੀ ਮਦਨ ਮੋਹਨ ਮਿੱਤਲ) : ਸਪੀਕਰ ਸਾਹਿਬ, ਮੈਂ ਪ੍ਰਸਤਾਵ ਕਰਦਾ ਹਾਂ -

> ਕਿ ਇਹ ਸਦਨ ਰਾਜ ਵਿੱਚ ਰੇਤੇ ਅਤੇ ਬਜਰੀ ਦੀ ਬਹੁਤ ਜ਼ਿਆਦਾ ਕਮੀ ਦੇ ਨਤੀਜੇ ਵਜੋਂ ਉਸਾਰੀ ਸਮੱਗਰੀ ਦੀਆਂ ਕੀਮਤਾਂ ਵਿੱਚ ਲਗਾਤਾਰ ਜ਼ਿਆਦਾ ਵਾਧਾ ਹੋ ਜਾਣ ਤੇ ਚਿੰਤਾ ਦਾ ਪ੍ਰਗਟਾਵਾ ਕਰਦਾ ਹੈ । ਇਹ ਸਦਨ ਰਾਜ ਸਰਕਾਰ ਨੂੰ ਰਾਜ ਵਿੱਚ ਰੇਤ ਅਤੇ ਬਜਰੀ ਦੀ ਆ ਰਹੀ ਕਮੀ ਤੇ ਕੰਟਰੋਲ ਕਰਨ ਅਤੇ ਸਥਿਤੀ ਨੂੰ ਸੁਧਾਰਨ ਲਈ ਅਤੇ ਸੰਕਟ ਤੋਂ ਬਾਹਰ ਆਉਣ ਲਈ ਲੋੜੀਂਦੀ ਕਾਰਵਾਈ ਕਰਨ ਲਈ ਕੇਂਦਰੀ ਸਰਕਾਰ ਪਾਸ ਪਹੁੰਚ ਕਰਨ ਲਈ ਪ੍ਰਭਾਵਸ਼ਾਲੀ ਕਦਮ ਚੁੱਕਣ ਦੀ ਪੁਰਜ਼ੋਰ ਸਿਫਾਰਸ਼ ਕਰਦਾ ਹੈ ।

ਮਾਨਯੋਗ ਸਪੀਕਰ : ਪ੍ਰਸਤਾਵ ਕੀਤਾ -

> ਕਿ ਇਹ ਸਦਨ ਰਾਜ ਵਿੱਚ ਰੇਤੇ ਅਤੇ ਬਜਰੀ ਦੀ ਬਹੁਤ ਜ਼ਿਆਦਾ ਕਮੀ ਦੇ ਨਤੀਜੇ ਵਜੋਂ ਉਸਾਰੀ ਸਮੱਗਰੀ ਦੀਆਂ ਕੀਮਤਾਂ ਵਿੱਚ ਲਗਾਤਾਰ ਜ਼ਿਆਦਾ ਵਾਧਾ ਹੋ ਜਾਣ ਤੇ ਚਿੰਤਾ ਦਾ ਪ੍ਰਗਟਾਵਾ ਕਰਦਾ ਹੈ । ਇਹ ਸਦਨ ਰਾਜ ਸਰਕਾਰ ਨੂੰ ਰਾਜ ਵਿੱਚ ਰੇਤ ਅਤੇ ਬਜਰੀ ਦੀ ਆ ਰਹੀ ਕਮੀ ਤੇ ਕੰਟਰੋਲ ਕਰਨ ਅਤੇ ਸਥਿਤੀ ਨੂੰ ਸੁਧਾਰਨ ਲਈ ਅਤੇ ਸੰਕਟ ਤੋਂ ਬਾਹਰ ਆਉਣ ਲਈ ਲੋੜੀਂਦੀ ਕਾਰਵਾਈ ਕਰਨ ਲਈ ਕੇਂਦਰੀ ਸਰਕਾਰ ਪਾਸ ਪਹੁੰਚ ਕਰਨ ਲਈ ਪ੍ਰਭਾਵਸ਼ਾਲੀ ਕਦਮ ਚੁੱਕਣ ਦੀ ਪੁਰਜ਼ੋਰ ਸਿਫਾਰਸ਼ ਕਰਦਾ ਹੈ ।

------

2. RESOLUTION REGARDING URGING THE CENTRAL GOVT. TO TAKE APPROPRIATE STEPS TO CHECK THE RISING PRICES OF EATABLES WHICH HAS AFFECTED THE GENERAL PUBLIC, POOR PEOPLE AND THE FARMERS WHO HAVE BEEN OVER BURDENED AND ARE DISHEARTENED ON ACCOUNT OF INFLATION.

ਉਦਯੋਗ ਤੇ ਵਣਜ, ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ ਅਤੇ ਸੰਸਦੀ ਮਾਮਲੇ ਮੰਤਰੀ (ਸ੍ਰੀ ਮਦਨ ਮੋਹਨ ਮਿੱਤਲ) : ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ-

ਕਿ ਇਹ ਸਦਨ ਪੁਰਜ਼ੋਰ ਸਿਫਾਰਸ਼ ਕਰਦਾ ਹੈ ਕਿ ਕਿਉਂਕਿ ਖਾਣ ਪੀਣ ਵਾਲੀਆਂ ਵਸਤਾਂ ਦੇ ਰੇਟ ਜੋ ਆਮ ਆਦਮੀ ਦੀ ਪਹੁੰਚ ਤੋਂ ਬਾਹਰ ਹੋ ਗਏ ਹਨ ਅਤੇ ਮਹਿੰਗਾਈ ਨੇ ਆਮ ਲੋਕਾਂ ਦੀ ਕਮਰ ਤੋੜ ਕੇ ਰੱਖ ਦਿੱਤੀ ਹੈ। ਗਰੀਬ ਲੋਕ ਇਸ ਕਾਰਨ ਬਹੁਤ ਦੁਖੀ ਹਨ। ਕੇਂਦਰ ਸਰਕਾਰ ਦਾ ਕੀਮਤਾਂ ਵਿੱਚ ਵਾਧੇ ਨੂੰ ਰੋਕਣ ਵੱਲ ਕੋਈ ਧਿਆਨ ਨਹੀਂ ਹੈ। ਅੱਜ ਮਹਿੰਗਾਈ ਦੀ ਮਾਰ ਕਾਰਨ ਗਰੀਬ ਰੋਟੀ ਤੋਂ ਆਤੁਰ ਹੋ ਰਿਹਾ ਹੈ, ਕਿਸਾਨ ਕਰਜ਼ੇ ਦੇ ਭਾਰ ਥੱਲੇ ਦੱਬਿਆ ਖੁਦਕੁਸ਼ੀਆਂ ਕਰ ਰਿਹਾ ਹੈ ਅਤੇ ਦੇਸ਼ ਦਾ ਹਰ ਵਰਗ ਮਹਿੰਗਾਈ ਤੋਂ ਦੁਖੀ ਹੈ। ਰਾਜ ਸਰਕਾਰ ਇਸ ਗੰਭੀਰ ਮੁੱਦੇ ਤੇ ਕੇਂਦਰ ਸਰਕਾਰ ਨੂੰ ਵਧੀਆ ਹੋਈਆਂ ਕੀਮਤਾਂ ਨੂੰ ਠੱਲ੍ਹ ਪਾਉਣ ਲਈ ਯੋਗ ਕਦਮ ਚੁੱਕੇ ਜਾਣ ਲਈ ਕਹੇ।

ਸਰਦਾਰ ਜਗਮੋਹਨ ਸਿੰਘ ਕੰਗ : ਸਪੀਕਰ ਸਾਹਿਬ, ਜੋ ਰੇਤ ਬਜਰੀ ਦਾ ਪਹਿਲਾ ਮਤਾ ਸੀ, ਉਸ ਦੀ ਸਪਿਰਟ ਹੀ ਖਤਮ ਕਰ ਦਿੱਤੀ ਹੈ .....(ਵਿਘਨ).....

ਮਾਨਯੋਗ ਸਪੀਕਰ : ਨਹੀਂ ਜੀ। .....(ਵਿਘਨ).... ਕੱਲ੍ਹ ਖਤਮ ਹੋਏਗਾ ਤਾਂ ਉਸ ਤੋਂ ਬਾਅਦ ਵਿੱਚ ਇਹ ਲਿਆ ਜਾਵੇਗਾ। .....(ਵਿਘਨ)....

ਮਾਨਯੋਗ ਸਪੀਕਰ : ਪ੍ਰਸਤਾਵ ਕੀਤਾ -

ਕਿ ਇਹ ਸਦਨ ਪੁਰਜ਼ੋਰ ਸਿਫਾਰਸ਼ ਕਰਦਾ ਹੈ ਕਿ ਕਿਉਂਕਿ ਖਾਣ ਪੀਣ ਵਾਲੀਆਂ ਵਸਤਾਂ ਦੇ ਰੇਟ ਜੋ ਆਮ ਆਦਮੀ ਦੀ ਪਹੁੰਚ ਤੋਂ ਬਾਹਰ ਹੋ ਗਏ ਹਨ ਅਤੇ ਮਹਿੰਗਾਈ ਨੇ ਆਮ ਲੋਕਾਂ ਦੀ ਕਮਰ ਤੋੜ ਕੇ ਰੱਖ ਦਿੱਤੀ ਹੈ। ਗਰੀਬ ਲੋਕ ਇਸ ਕਾਰਨ ਬਹੁਤ ਦੁਖੀ ਹਨ। ਕੇਂਦਰ ਸਰਕਾਰ ਦਾ ਕੀਮਤਾਂ ਵਿੱਚ ਵਾਧੇ ਨੂੰ ਰੋਕਣ ਵੱਲ ਕੋਈ ਧਿਆਨ ਨਹੀਂ ਹੈ। ਅੱਜ ਮਹਿੰਗਾਈ ਦੀ ਮਾਰ ਕਾਰਨ ਗਰੀਬ ਰੋਟੀ ਤੋਂ ਆਤੁਰ ਹੋ ਰਿਹਾ ਹੈ, ਕਿਸਾਨ ਕਰਜ਼ੇ ਦੇ ਭਾਰ ਥੱਲੇ ਦੱਬਿਆ ਖੁਦਕੁਸ਼ੀਆਂ ਕਰ ਰਿਹਾ ਹੈ ਅਤੇ ਦੇਸ਼ ਦਾ ਹਰ ਵਰਗ ਮਹਿੰਗਾਈ ਤੋਂ ਦੁਖੀ ਹੈ। ਰਾਜ ਸਰਕਾਰ ਇਸ

ਗੰਭੀਰ ਮੁੱਦੇ ਤੇ ਕੇਂਦਰ ਸਰਕਾਰ ਨੂੰ ਵਧੀਆ ਹੋਈਆਂ ਕੀਮਤਾਂ ਨੂੰ ਠੱਲ੍ਹ ਪਾਉਣ ਲਈ ਯੋਗ ਕਦਮ ਚੁੱਕੇ ਜਾਣ ਲਈ ਕਹੇ।....(ਵਿਘਨ)....

ਜੇਕਰ ਪੰਜਾਬ ਵਿਧਾਨ ਸਭਾ ਦੀ ਕਾਰਜ ਸੰਚਾਲਣ ਨਿਯਮਾਵਲੀ ਦਾ ਕੋਈ ਨਿਯਮ ਇਨ੍ਹਾਂ ਪ੍ਰਸਤਾਵਾਂ ਦੇ ਉਲਟ ਹੋਵੇ ਤਾਂ ਉਸ ਨੂੰ ਸਥਗਿਤ ਸਮਝਿਆ ਜਾਵੇਗਾ।

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, ਜਿਹੜਾ ਸਾਡੇ ਵਾਲਾ ਮਤਾ ਸੀ, ਉਹ ਪੜ੍ਹ ਤਾਂ ਦਿਓ ....(ਵਿਘਨ)....

ਮਾਨਯੋਗ ਸਪੀਕਰ : ਸਦਨ ਵੀਰਵਾਰ, ਮਿਤੀ 31 ਅਕਤੂਬਰ, 2013 ਦੇ 10.00 ਵਜੇ ਸਵੇਰ ਤੱਕ ਸਥਗਿਤ ਹੁੰਦਾ ਹੈ।

*2.37 ਬਾਅਦ ਦੁਪਹਿਰ

(*ਇਸ ਉਪਰੰਤ ਸਦਨ ਵੀਰਵਾਰ, ਮਿਤੀ 31 ਅਕਤੂਬਰ, 2013 ਦੇ 10.00 ਵਜੇ ਸਵੇਰ ਤੱਕ ਸਥਗਿਤ ਹੋ ਗਿਆ।)

APPENDIX

TO

PUNJAB VIDHAN SABHA

DEBATES

Wednesday, the 30th October, 2013

Vol VI-No. 3

STARRED QUESTIONS AND ANSWERS

ਅਨੁਸੂਚਿਤ ਜਾਤੀ ਨਾਲ ਸਬੰਧਤ ਦਰਜਾ ਤਿੰਨ ਕਰਮਚਾਰੀਆਂ ਨੂੰ ਤਰੱਕੀ ਦੇਣਾ

***1122. ਸਰਦਾਰ ਅਜਾਇਬ ਸਿੰਘ ਭੱਟੀ :** ਕੀ ਪਸ਼ੂ ਪਾਲਣ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ -

ੳ) ਕੀ ਇਹ ਠੀਕ ਹੈ ਕਿ ਸਾਲ 2011 ਵਿੱਚ ਵਿਭਾਗ ਵੱਲੋਂ ਦਰਜਾ ਤਿੰਨ ਕਰਮਚਾਰੀਆਂ ਦੀਆਂ ਤਰੱਕੀਆਂ ਕੀਤੀਆਂ ਗਈਆਂ ਸਨ, ਜੇਕਰ ਅਜਿਹਾ ਹੋਵੇ ਤਾਂ ਇਨ੍ਹਾਂ ਦੀ ਗਿਣਤੀ ਦੱਸੀ ਜਾਵੇ ;

ਅ) ਉਪਰੋਕਤ ਵਰਣਿਤ ਤਰੱਕੀਆਂ ਵਿੱਚ ਐਸ.ਸੀ. ਕੈਟੇਗਰੀ ਨਾਲ ਸਬੰਧਤ ਕਰਮਚਾਰੀਆਂ ਦੀ ਕੁੱਲ ਗਿਣਤੀ ਕਿੰਨੀ ਹੈ ਅਤੇ ਵਿਭਾਗ ਵੱਲੋਂ ਇਨ੍ਹਾਂ ਕਰਮਚਾਰੀਆਂ ਦੀ ਤਰੱਕੀ ਲਈ ਅਪਣਾਏ ਗਏ ਮਾਪਦੰਡ ਕੀ ਸਨ ?

ਸਰਦਾਰ ਗੁਲਜ਼ਾਰ ਸਿੰਘ ਰਣੀਕੇ : ੳ) ਜੀ ਹਾਂ। ਸਾਲ 2011 ਵਿਚ ਪਸ਼ੂ ਪਾਲਣ ਵਿਭਾਗ ਦੇ 30, ਮੱਛੀ ਪਾਲਣ ਵਿਭਾਗ ਦੇ 13 ਅਤੇ ਡੇਅਰੀ ਵਿਕਾਸ ਵਿਭਾਗ ਦੇ 9, ਕੁੱਲ 52 ਦਰਜਾ ਤਿੰਨ ਕਰਮਚਾਰੀਆਂ ਦੀਆਂ ਤਰੱਕੀਆਂ ਕੀਤੀਆਂ ਗਈਆਂ ਸਨ।

ਅ) ਉਪਰੋਕਤ ਵਰਣਿਤ ਤਰੱਕੀਆਂ ਵਿੱਚ ਪਸ਼ੂ ਪਾਲਣ ਵਿਭਾਗ ਦੇ 8, ਮੱਛੀ ਪਾਲਣ ਵਿਭਾਗ ਦੇ 3 ਅਤੇ ਡੇਅਰੀ ਵਿਕਾਸ ਵਿਭਾਗ ਦੇ 2, ਕੁੱਲ 13 ਕਰਮਚਾਰੀ ਐਸ.ਸੀ. ਕੈਟੇਗਰੀ ਨਾਲ ਸਬੰਧਤ ਸਨ ਅਤੇ ਇਨ੍ਹਾਂ 13 ਕਰਮਚਾਰੀਆਂ ਦੀ ਭਲਾਈ ਵਿਭਾਗ ਵੱਲੋਂ ਚੈਕ ਕੀਤੇ ਰੋਸਟਰ ਅਨੁਸਾਰ ਬਣਦੇ ਨੁਕਤਿਆਂ ਤੇ ਤਰੱਕੀ ਕੀਤੀ ਗਈ ਹੈ।

ਮੱਛੀ ਪਾਲਣ ਵਿਭਾਗ ਦੇ ਮੁਖੀ ਦੀ ਨਿਯੁਕਤੀ

***1121. ਸਰਦਾਰ ਅਜਾਇਬ ਸਿੰਘ ਭੱਟੀ :** ਕੀ ਪਸ਼ੂ ਪਾਲਣ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ -

(ੳ) ਮੱਛੀ ਪਾਲਣ ਵਿਭਾਗ ਦੇ ਮੁਖੀ ਦੀ ਨਿਯੁਕਤੀ ਕਦੋਂ, ਕਿੰਨੇ ਸਮੇਂ ਲਈ ਅਤੇ ਕਿਨ੍ਹਾਂ ਨਿਯਮਾਂ ਦੇ ਤਹਿਤ ਕੀਤੀ ਗਈ ;

(ਅ) ਕੀ ਉਕਤ ਵਰਣਿਤ ਮੁਖੀ ਦੇ ਖਿਲਾਫ ਕੋਈ ਵਿਭਾਗੀ ਜਾਂ ਹੋਰ ਜਾਂਚ ਚੱਲ ਰਹੀ ਹੈ; ਜੇਕਰ ਚੱਲ ਰਹੀ ਹੈ ਤਾਂ ਉਸਦਾ ਵੇਰਵਾ ਕੀ ਹੈ।

ਸਰਦਾਰ ਗੁਲਜ਼ਾਰ ਸਿੰਘ ਰਣੀਕੇ : ੳ) ਮੱਛੀ ਪਾਲਣ ਵਿਭਾਗ ਦੇ ਮੁਖੀ (ਡਾਇਰੈਕਟਰ) ਦੀ ਅਸਾਮੀ ਖਾਲੀ ਪਈ ਹੈ ਅਤੇ ਇਸ ਤੇ ਰੈਗੂਲਰ ਤੌਰ ਤੇ ਨਿਯੁਕਤੀ ਹੁਣ ਤੱਕ ਨਹੀਂ ਕੀਤੀ ਗਈ ਹੈ। ਸੰਯੁਕਤ ਡਾਇਰੈਕਟਰ, ਮੱਛੀ ਪਾਲਣ ਵਿਭਾਗ, ਸ਼੍ਰੀ ਬੀ.ਕੇ.ਸੂਦ ਨੂੰ ਵਿਭਾਗ ਦੇ ਮੁਖੀ (ਡਾਇਰੈਕਟਰ) ਦਾ ਵਾਧੂ ਚਾਰਜ ਦਿੱਤਾ ਹੋਇਆ ਹੈ।

(ਅ) ਚੌਕਸੀ ਵਿਭਾਗ ਦੇ ਪੱਤਰ ਮਿਤੀ 4-10-13 ਰਾਹੀਂ ਉਕਤ ਅਧਿਕਾਰੀ ਦੇ ਵਿਰੁੱਧ ਵਿਜੀਲੈਂਸ ਬਿਉਰੋ ਵੱਲੋਂ ਇਕ ਵਿਜੀਲੈਂਸ ਇਨਕੁਆਰੀ ਦਰਜ ਹੋਣ ਦੀ ਸੂਚਨਾ ਪ੍ਰਾਪਤ ਹੋਈ ਹੈ